12ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ
VOL -12 ISSUE - 17
August 2, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


ਧਰਤੀ ਦੇ ਪੰਧ ਤੋਂ ਨਿਕਲ ਕੇ ਚੰਨ ਵੱਲ ਵਧਿਆ 'ਚੰਦਰਯਾਨ'-3
(ਦੇਖੋ ਸਫਾ 6 'ਤੇ)

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

# ਰੌਲੇ-ਰੱਪੇ ਦਰਮਿਆਨ ਦਿੱਲੀ ਸੇਵਾਵਾਂ ਬਿੱਲ ਲੋਕ ਸਭਾ 'ਚ ਪੇਸ਼

## ਰਾਜ ਸਭਾ 'ਚ ਮੋਦੀ ਸਰਕਾਰ ਲਈ ਗੰਭੀਰ ਚੁਣੌਤੀ

**ਨਵੀਂ ਦਿੱਲੀ (ਬਿਊਰੋ)–** ਸਰਕਾਰ ਨੇ ਵਿਰੋਧੀ ਧਿਰਾਂ ਦੇ ਰੋਸ ਤੇ ਵਿਰੋਧ ਨੂੰ ਦਰਕਿਨਾਰ ਕਰਦਿਆਂ ਦਿੱਲੀ ਵਿੱਚ ਸੇਵਾਵਾਂ ਦੇ ਕੰਟਰੋਲ ਨੂੰ ਲੈ ਕੇ ਵਿਵਾਦਿਤ ਕੌਮੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਸੋਧ ਬਿੱਲ ਅੱਜ ਲੋਕ ਸਭਾ ਵਿੱਚ ਪੇਸ਼ ਕਰ ਦਿੱਤਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਸੰਸਦ ਨੂੰ ਦਿੱਲੀ ਲਈ ਕਾਨੂੰਨ ਬਣਾਉਣ ਦਾ ਪੂਰਾ ਅਧਿਕਾਰ ਹੈ। ਉਨ੍ਹਾਂ ਬਿੱਲ ਦੇ ਵਿਰੋਧ ਨੂੰ 'ਸਿਆਸਤ ਤੋਂ ਪ੍ਰੇਰਿਤ' ਕਰਾਰ ਦਿੱਤਾ। ਉਧਰ ਲੋਕ ਸਭਾ ਵਿੱਚ 'ਆਪ' ਦੇ ਇਕਲੌਤੇ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਬਿੱਲ ਨੂੰ ਜਮਹੂਰੀਅਤ ਦਾ ਕਤਲ ਤੇ ਭੀਮ ਰਾਓ ਅੰਬੇਦਕਰ ਦਾ ਨਿਰਾਦਰ ਕਰਾਰ ਦਿੱਤਾ। ਇਸ ਤਜਵੀਜ਼ਤ ਬਿੱਲ ਨਾਲ ਕੇਂਦਰ ਸਰਕਾਰ ਦੀ ਕੌਮੀ ਰਾਜਧਾਨੀ 'ਤੇ ਪਕੜ ਹੋਰ ਮਜ਼ਬੂਤ ਹੋਵੇਗੀ। ਕੇਂਦਰੀ ਕੈਬਨਿਟ ਨੇ ਇਸ ਬਿੱਲ ਨੂੰ 25 ਜੁਲਾਈ ਨੂੰ ਮਨਜ਼ੂਰੀ ਦਿੱਤੀ ਸੀ। ਇਸ ਦੌਰਾਨ ਬਿੱਲ 'ਤੇ ਭਲਕੇ ਚਰਚਾ ਤੇ ਮਗਰੋਂ ਵੋਟਿੰਗ ਦੇ ਮੱਦੇਨਜ਼ਰ ਭਾਜਪਾ ਨੇ ਵ੍ਹਿਪ ਜਾਰੀ ਕਰਕੇ ਆਪਣੇ ਸਾਰੇ ਸੰਸਦ ਮੈਂਬਰਾਂ ਨੂੰ ਸਦਨ ਵਿੱਚ ਮੌਜੂਦ ਰਹਿਣ ਲਈ ਕਿਹਾ ਹੈ। ਕੇਂਦਰੀ ਗ੍ਰਹਿ ਰਾਜ ਮੰਤਰੀ ਨਿੱਤਿਆਨੰਦ ਰਾਏ ਨੇ ਸ਼ਾਹ ਵੱਲੋਂ ਇਹ ਬਿੱਲ ਹੇਠਲੇ ਸਦਨ ਵਿੱਚ ਰੱਖਿਆ।



ਦੱਸ ਦੇਈਏ ਕਿ ਦਿੱਲੀ ਵਿੱਚ ਪ੍ਰਸ਼ਾਸਨਿਕ ਸੇਵਾਵਾਂ ਦੇ ਕੰਟਰੋਲ ਨੂੰ ਲੈ ਕੇ ਕੇਂਦਰ ਤੇ ਦਿੱਲੀ ਸਰਕਾਰ ਵਿੱਚ ਚੱਲ ਰਹੇ ਵਵਿਾਦ ਦਰਮਿਆਨ ਸੁਪਰੀਮ ਕੋਰਟ ਨੇ ਮਈ ਵਿੱਚ ਸੁਣਾਏ ਇਕ ਫੈਸਲੇ 'ਚ ਪ੍ਰਸ਼ਾਸਨਿਕ ਸੇਵਾਵਾਂ (ਪੁਲਿਸ, ਅਮਨ ਕਾਨੂੰਨ ਤੇ ਜ਼ਮੀਨ ਨੂੰ ਛੱਡ ਕੇ) ਦਾ ਕੰਟਰੋਲ ਦਿੱਲੀ ਸਰਕਾਰ ਹੱਥ ਦੇ ਦਿੱਤਾ ਸੀ। ਸਰਕਾਰ ਵੱਲੋਂ ਲੋਕ ਸਭਾ 'ਚ ਰੱਖੇ ਉਪਰੋਕਤ ਬਿੱਲ ਦਾ ਮੁੱਖ ਮੰਤਵ ਸਰਵਉੱਚ ਅਦਾਲਤ ਵੱਲੋਂ ਸੁਣਾਏ ਫੈਸਲੇ ਦੇ ਅਸਰ ਨੂੰ ਪਲਟਾਉਣਾ ਹੈ।

ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਨਿੱਤਿਆਨੰਦ ਰਾਏ ਨੇ ਜਿਉਂ ਹੀ ਬਿੱਲ ਸਦਨ ਵਿੱਚ ਰੱਖਿਆ ਤਾਂ ਵਿਰੋਧੀ ਧਿਰਾਂ ਦੇ ਆਗੂ ਸਦਨ ਦੇ ਐਨ ਵਿਚਾਲੇ ਆ ਗਏ

(ਬਾਕੀ ਅਗਲੇ ਸਫੇ 'ਤੇ)

# ਔਰਤਾਂ ਵਿਰੁੱਧ ਹਿੰਸਾ ਦੇ ਵਿਆਪਕ ਮੁੱਦੇ ਨੂੰ ਦੇਖਣ ਲਈ ਇੱਕ ਪ੍ਰਣਾਲੀ ਵੀ ਬਣਾਉਣੀ ਪਵੇਗੀ- ਸੁਪਰੀਮ ਕੋਰਟ




**ਨਵੀਂ ਦਿੱਲੀ–** ਮਨੀਪੁਰ ਵਾਇਰਲ ਵੀਡੀਓ ਮਾਮਲੇ 'ਚ ਸੁਪਰੀਮ ਕੋਰਟ 'ਚ ਫਿਰ ਤੋਂ ਸੁਣਵਾਈ ਹੋਈ। ਸੀਜੇਆਈ ਡੀਵਾਈ ਚੰਦਰਚੂੜ ਨੇ ਮਾਮਲੇ ਦੀ

(ਬਾਕੀ ਸਫਾ 3 'ਤੇ)

# ਮੋਦੀ ਸਰਕਾਰ ਖਿਲਾਫ ਬੇਭਰੋਸਗੀ ਮਤਾ 8 ਅਗਸਤ ਤੋਂ ਹੋਵੇਗੀ ਪਰਖ



**ਨਵੀਂ ਦਿੱਲੀ–** ਲੋਕ ਸਭਾ ਵਿੱਚ ਬੇਭਰੋਸਗੀ ਮਤੇ 'ਤੇ 8 ਅਗਸਤ ਨੂੰ ਵਿਚਾਰ ਚਰਚਾ ਹੋਵੇਗੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 10 ਅਗਸਤ ਨੂੰ ਬਹਿਸ ਦਾ ਜਵਾਬ ਦੇਣਗੇ। ਇਹ ਫੈਸਲਾ ਅੱਜ ਇਥੇ ਲੋਕ ਸਭਾ ਦੀ ਬਿਜ਼ਨਸ ਐਡਵਾਈਜ਼ਰੀ

(ਬਾਕੀ ਸਫਾ 3 'ਤੇ)

# ਭਾਰਤੀ ਮੂਲ ਦਾ ਹਰਸ਼ਵਰਧਨ ਸਿੰਘ ਵੀ ਅਮਰੀਕੀ ਰਾਸ਼ਟਰਪਤੀ ਚੋਣ ਦੀ ਦੌੜ 'ਚ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਰਾਸ਼ਟਰਪਤੀ ਚੋਣ ਦੀ ਦੌੜ 'ਚ ਭਾਰਤਵੰਸ਼ੀ ਹਰਸ਼ਵਰਧਨ ਸਿੰਘ ਵੀ ਸ਼ਾਮਲ ਹੋ ਗਏ ਹਨ। ਉਹ ਅਜਿਹੇ ਤੀਜੇ ਭਾਰਤਵੰਸ਼ੀ ਹਨ, ਜੋ ਇਸ ਦੌੜ 'ਚ ਸ਼ਾਮਲ ਹੋਏ ਹਨ। ਅਗਲੇ ਸਾਲ ਹੋਣ ਵਾਲੀ ਚੋਣ ਲਈ ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਨਿਕੀ ਹੇਲੀ ਤੇ ਕਾਰੋਬਾਰੀ ਵਿਵੇਕ ਰਾਮਾਸਵਾਮੀ ਵੀ ਆਪਣੀ ਦਾਅਵੇਦਾਰੀ ਪੇਸ਼ ਕਰ ਚੁੱਕੇ ਹਨ। ਸਿੰਘ ਨੇ ਖੁਦ ਨੂੰ ਰਾਸ਼ਟਰਪਤੀ ਅਹੁਦੇ ਲਈ ਇੱਕੋ-ਇਕ ਸ਼ੁੱਧ ਉਮੀਦਵਾਰ ਦੱਸਿਆ ਕਿਉਂਕਿ ਉਨ੍ਹਾਂ ਕਦੇ ਕੋਵਿਡ ਟੀਕਾਕਰਨ ਨਹੀਂ ਕਰਵਾਇਆ। ਏਅਰੋਸਪੇਸ ਇੰਜੀਨੀਅਰ ਹਰਸ਼ਵਰਧਨ ਨੇ ਇਕ ਵੀਡੀਓ 'ਚ ਕਿਹਾ ਹੈ ਕਿ ਅਮਰੀਕਾ ਦੇ ਲੋਕ ਟੈਕ ਤੇ ਦਵਾਈਆਂ ਦੀਆਂ



ਕੰਪਨੀਆਂ ਦੇ ਭ੍ਰਿਸ਼ਟਾਚਾਰ ਦਾ ਸਾਹਮਣਾ ਕਰ ਰਹੇ ਹਨ। ਅਮਰੀਕਾ ਦੇ ਪਰਿਵਾਰਕ ਮੁੱਲਾਂ ਤੇ ਮਾਪਿਆਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਕੀਤਾ ਜਾ ਰਿਹਾ ਹੈ। ਵੱਡੀਆਂ ਦਵਾਈਆਂ ਦੀਆਂ ਕੰਪਨੀਆਂ ਜਿਥੇ ਸਰਕਾਰ ਨਾਲ ਮਿਲ ਕੇ ਸਾਰੇ ਲੋਕਾਂ ਨੂੰ ਟ੍ਰਾਇਲ ਅਧੀਨ ਵੈਕਸੀਨ ਲਾਉਣ ਲਈ ਮਜਬੂਰ ਕਰ ਕੇ ਫਾਇਦਾ ਕਮਾ ਰਹੀਆਂ ਹਨ, ਉਥੇ ਹੀ ਤਕਨੀਕੀ ਕੰਪਨੀਆਂ ਸਾਡੀ ਨਿੱਜਤਾ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਸਾਡੀ ਸਿਆਸੀ ਤੇ ਵਿਰੋਧ ਵਾਲੇ ਨਜ਼ਰੀਏ 'ਤੇ ਸੈਂਸਰਸ਼ਿਪ ਲਗਾ ਰਹੀ ਹੈ। ਅਮਰੀਕਾ ਦੇ ਮੁੱਲਾਂ ਨੂੰ ਸਥਾਪਿਤ ਕਰਨ ਲਈ ਇਕ ਮਜ਼ਬੂਤ ਅਗਵਾਈ ਦੀ ਲੋੜ ਹੈ। ਇਨ੍ਹਾਂ ਸਾਰੇ ਕਾਰਨਾਂ ਤੋਂ ਮੈਂ ਰਿਪਬਲੀਕਨ ਪਾਰਟੀ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ 'ਚ ਸ਼ਾਮਲ ਹੋਇਆ ਹਾਂ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento,
CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM,
Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਸੋਹੰ
ਹਰਿ
SRI GURU RAVIDASS SABHA (CA)
2150 Crestview Drive, Pittsburg CA 94565
Tel : (925) 439-2355

ਗੁਰੂ ਪਿਆਰੀ ਸਾਧ ਸੰਗਤ ਜੀਓ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

**ਅਗਸਤ 27, 2023**
ਸੁਖਮਨੀ ਸਾਹਿਬ ਜੀ ਦੇ ਪਾਠ ਦੀ ਸੇਵਾ ਸ੍ਰੀ ਇੰਦਰਪਾਲ ਸਿੰਘ ਜੀ ਦੇ ਪਰਿਵਾਰ ਵੱਲੋਂ ਕਰਵਾਈ ਜਾਵੇਗੀ।
**ਸਤੰਬਰ 8-9-10, 2023**
ਸ੍ਰੀ ਅਖੰਡ ਪਾਠ ਸਾਹਿਬ ਜੀ 8 ਸਤੰਬਰ ਨੂੰ ਆਰੰਭ ਹੋਣਗੇ, ਜਿਹਨਾਂ ਦੇ ਭੋਗ 10 ਸਤੰਬਰ, 2023 ਦਿਨ ਐਤਵਾਰ ਨੂੰ ਪਾਏ ਜਾਣਗੇ।
ਪਾਠ ਦੀ ਸੇਵਾ ਕੁਲਦੀਪ ਸਿੰਘ ਸੈਣੀ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਲਈ ਗਈ ਹੈ ਜੀ।

**ਗੁਰੂ ਪਿਆਰੀ ਸਾਧ ਸੰਗਤ ਜੀਓ।**
**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।**
ਆਪ ਸਭ ਨੂੰ ਬੇਨਤੀ ਹੈ ਕਿ ਰੱਤੂ ਪਰਿਵਾਰ ਦੇ ਬੱਚੇ ਆਪਣੇ ਪਰਿਵਾਰ ਦੇ ਸਤਿਕਾਰਯੋਗ ਅੰਕਲ **ਸਵ. ਸਤਿੰਦਰ ਕਾਲਾ ਜੀ ਦੀ 10ਵੀਂ ਬਰਸੀ** ਦੇ ਸਬੰਧ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ **6 ਅਗਸਤ 2023** ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ ਹੋਣਗੇ। ਉਪਰੰਤ ਗੁਰੂ ਘਰ ਦਾ ਜਥਾ ਭਾਈ ਬਲਵਿੰਦਰ ਸਿੰਘ ਜੀ ਤੇ ਸਾਥੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
**August 06, 2023 (Sunday)**
This Sewa is being hosted at this temple on behalf of all the nephews and nieces in the loving memory of their beloved uncle on the occasion of his 10th Anniversary. May Waheguru bestow peace and tranquility to the departed soul.



ਗੁਰੂ ਪਿਆਰੀ ਸਾਧ ਸੰਗਤ ਜੀਓ
30 ਜੁਲਾਈ ਦਿਨ ਐਤਵਾਰ 2023 ਨੂੰ ਲੰਗਰ ਦੀ ਸੇਵਾ ਖਾਲੀ ਹੈ ਜੀ। ਕੋਈ ਵੀ ਚਾਹਵਾਨ ਪਰਿਵਾਰ ਸੇਵਾ ਲੈ ਸਕਦਾ ਹੈ ਜੀ।

Sangat Sewadars www.sriguruһravidasstemple.com

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# ਮੋਦੀ ਸਰਕਾਰ ਖਿਲਾਫ ਬੇਭਰੋਸਗੀ ਮਤੇ ਉੱਤੇ 8 ਅਗਸਤ ਤੋਂ ਹੋਵੇਗੀ ਚਰਚਾ



**ਨਵੀਂ ਦਿੱਲੀ-** ਲੋਕ ਸਭਾ ਵਿੱਚ ਬੇਭਰੋਸਗੀ ਮਤੇ ’ਤੇ 8 ਅਗਸਤ ਨੂੰ ਵਿਚਾਰ ਚਰਚਾ ਹੋਵੇਗੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 10 ਅਗਸਤ ਨੂੰ ਬਹਿਸ ਦਾ ਜਵਾਬ ਦੇਣਗੇ। ਇਹ ਫੈਸਲਾ ਅੱਜ ਇਥੇ ਲੋਕ ਸਭਾ ਦੀ ਬਿਜ਼ਨਸ ਐਡਵਾਈਜ਼ਰੀ ਕਮੇਟੀ (ਬੀਏਸੀ) ਵਿੱਚ ਲਿਆ ਗਿਆ। ਵਿਰੋਧੀ ਧਿਰਾਂ ਦੇ ਗੱਠਜੋੜ ‘ਇੰਡੀਆ’ ਵਿੱਚ ਸ਼ਾਮਲ ਮੈਂਬਰਾਂ ਨੇ ਮਤੇ ’ਤੇ ਬਹਿਸ ਨੂੰ ਲੋੜੀਂਦੀ ਤਰਜੀਹ ਨਾ ਦੇਣ ਦੇ ਰੋਸ ਵਜੋਂ ਮੀਟਿੰਗ ’ਚੋਂ ਵਾਕਆਊਟ ਕੀਤਾ। ਬੈਠਕ ਵਿਚ ਸ਼ਾਮਲ ਇਕ ਸੀਨੀਅਰ ਆਗੂ ਨੇ ਕਿਹਾ, ‘‘ਬੇਭਰੋਸਗੀ ਮਤੇ ’ਤੇ ਬਹਿਸ 8 ਅਗਸਤ ਨੂੰ ਸ਼ੁਰੂ ਹੋਵੇਗੀ ਤੇ 10 ਅਗਸਤ ਤੱਕ ਜਾਰੀ ਰਹੇਗੀ ਅਤੇ ਉਸੇ ਦਿਨ ਪ੍ਰਧਾਨ ਮੰਤਰੀ ਬਹਿਸ ਨੂੰ ਸਮੇਟਦਿਆਂ ਜਵਾਬ ਦੇਣਗੇ।’’

ਬੈਠਕ ਦੌਰਾਨ ਇੰਡੀਆ ਵਿੱਚ ਸ਼ਾਮਲ ਕਾਂਗਰਸ, ਡੀਐੱਮਕੇ, ਖੱਬੀਆਂ ਪਾਰਟੀਆਂ ਤੇ ਟੀਐੱਮਸੀ ਸਣੇ ਭਾਰਤ ਰਾਸ਼ਟਰ ਸਮਿਤੀ ਨੇ ਮੰਗ ਕੀਤੀ ਕਿ ਸਦਨ ਬੇਭਰੋਸਗੀ ਮਤੇ ਨੂੰ ਲੈ ਕੇ ਫੌਰੀ ਬਹਿਸ ਸ਼ੁਰੂ ਕਰੇ। ਵਿਰੋਧੀ ਧਿਰਾਂ ਨੇ ਇਸ ਹਫ਼ਤੇ ਮਤੇ ’ਤੇ ਬਹਿਸ ਦੀ ਥਾਂ ਸਰਕਾਰ ਵੱਲੋਂ ਆਪਣੇ ਵਿਧਾਨਕ ਏਜੰਡੇ ’ਤੇ ਜ਼ੋਰ ਦਿੱਤੇ ਜਾਣ ਦਾ ਵਿਰੋਧ ਕੀਤਾ। ਚੇਤੇ ਰਹੇ ਕਿ ਸਰਕਾਰ ਵਾਰ ਵਾਰ ਇਕੋ ਗੱਲ ’ਤੇ ਜ਼ੋਰ ਦੇ ਰਹੀ ਹੈ ਕਿ ਅਜਿਹਾ ਕੋਈ ਨੇਮ ਜਾਂ ਮਿਸਾਲ ਨਹੀਂ ਹੈ, ਜੋ ਬੇਭਰੋਸਗੀ ਮਤੇ ’ਤੇ ਫੌਰੀ ਬਹਿਸ ਕਰਵਾਉਣ ਨੂੰ ਲਾਜ਼ਮੀ ਕਰਦੀ ਹੋਵੇ। ਸਰਕਾਰ ਦੀ ਦਲੀਲ ਹੈ ਕਿ ਨੇਮਾਂ ਮੁਤਾਬਕ ਬੇਭਰੋਸਗੀ ਮਤਾ ਰੱਖਣ ਤੋਂ ਦਸ ਦਿਨਾਂ ਅੰਦਰ ਇਸ ’ਤੇ ਬਹਿਸ ਕਰਵਾਈ ਜਾ ਸਕਦੀ ਹੈ।

ਲੋਕ ਸਭਾ ਵਿਚ ਕਾਂਗਰਸ ਦੇ ਵ੍ਹਿਪ ਮਨੀਕਮ ਟੈਗੋਰ ਨੇ ਕਿਹਾ, ‘‘ਅਸੀਂ ਚਾਹੁੰਦੇ ਹਾਂ ਕਿ ਬੇਭਰੋਸਗੀ ਮਤੇ ’ਤੇ ਭਲਕੇ ਬਹਿਸ ਕਰਵਾਈ ਜਾਵੇ।’’ ਕਾਂਗਰਸ ਆਗੂ ਨੇ ਕਿਹਾ ਕਿ 16ਵੀਂ ਲੋਕ ਸਭਾ ਵਿੱਚ ਜਦੋਂ ਟੀਡੀਪੀ ਨੇ ਬੇਭਰੋਸਗੀ ਮਤਾ ਰੱਖਿਆ ਸੀ ਤਾਂ ਉਸ ਤੋਂ ਅਗਲੇ ਦਿਨ ਇਸ ਨੂੰ ਵਿਚਾਰ ਚਰਚਾ ਲਈ ਸੂਚੀਬੰਦ ਕੀਤਾ ਗਿਆ ਸੀ। ਟੈਗੋਰ ਨੇ ਕਿਹਾ, ‘‘ਲਿਹਾਜ਼ਾ ਦੇਰੀ ਕਰਨਾ ਠੀਕ ਨਹੀਂ ਹੈ। ਇੰਡੀਆ ਗੱਠਜੋੜ ਦੇ ਭਾਈਵਾਲਾਂ ਨੇ ਸਪੀਕਰ ਵੱਲੋਂ ਸੱਦੀ ਲੋਕ ਸਭਾ ਦੀ ਬਿਜ਼ਨਸ ਐਡਵਾਈਜ਼ਰੀ ਕਮੇਟੀ ’ਚੋਂ ਵਾਕਆਊਟ ਕੀਤਾ।’’


ਇਸ ਦੌਰਾਨ ਮਨੀਪੁਰ ਮਸਲੇ ’ਤੇ ਚਰਚਾ ਤੇ ਪ੍ਰਧਾਨ ਮੰਤਰੀ ਵੱਲੋਂ ਸਦਨ ਵਿਚ ਆ ਕੇ ਬਿਆਨ ਦੇਣ ਦੀ ਵਿਰੋਧੀ ਧਿਰਾਂ ਦੀ ਮੰਗ ਨੂੰ ਲੈ ਕੇ ਅੱਜ ਵੀ ਦੋਵਾਂ ਸਦਨਾਂ ਵਿਚ ਰੌਲਾ-ਰੱਪਾ ਪੈਂਦਾ ਰਿਹਾ। ਇੰਡੀਆ ਦੇ ਸੰਸਦ ਮੈਂਬਰਾਂ ਨੇ ਪ੍ਰਸ਼ਨ ਕਾਲ ਦੌਰਾਨ ਮਨੀਪੁਰ ਮਸਲੇ ’ਤੇ ਚਰਚਾ ਦੀ ਮੰਗ ਨੂੰ ਲੈ ਕੇ ਵਾਕਆਊਟ ਕੀਤਾ। ਵਿਰੋਧੀ ਧਿਰਾਂ ਨੇਮ 267 ਤਹਿਤ ਚਰਚਾ ਦੀ ਆਪਣੀ ਮੰਗ ’ਤੇ ਬਜ਼ਿਦ ਰਹੀਆਂ। ਚੇਅਰਮੈਨ ਜਗਦੀਪ ਧਨਖੜ ਨੇ ਕਿਹਾ ਕਿ ਵਿਰੋਧੀ ਧਿਰਾਂ ਵੱਲੋਂ ਅਪਣਾਈ ਪਹੁੰਚ ਕਰਕੇ ਇਕ ਹੀ ਮੁੱਦੇ ਨੂੰ ਲੈ ਕੇ ਪਿਛਲੇ ਅੱਠ ਦਿਨਾਂ ਤੋਂ ਸਦਨ ਦੀ ਕਾਰਵਾਈ ਵਿਚ ਅੜਿੱਕਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਨੇਮ 176 ਤਹਿਤ ਕੁਝ ਘੰਟਿਆਂ ਦੀ ਬਹਿਸ ਲਈ ਪ੍ਰਵਾਨਗੀ ਦੇਣ ਦੇ ਬਾਵਜੂਦ ਸਦਨ ਦੀ ਕਾਰਵਾਈ ਵਿਚ ਅੜਿੱਕੇ ਡਾਹੇ ਜਾ ਰਹੇ ਹਨ। ਉਧਰ ਲੋਕ ਸਭਾ ਵਿੱਚ ਜਿੱਥੇ ਦਿੱਲੀ ਕੌਮੀ ਰਾਜਧਾਨੀ ਖੇਤਰ ਸੋਧ ਬਿੱਲ ਪੇਸ਼ ਕੀਤਾ ਗਿਆ, ਉਥੇ ਜਨਮ ਤੇ ਮੌਤ ਪੰਜੀਕਰਨ ਸੋਧ ਬਿੱਲ, ਆਫ਼ਸ਼ੋਰ ਖੇਤਰ ਖਣਿਜ (ਵਿਕਾਸ ਤੇ ਕੰਟਰੋਲ) ਬਿੱਲ ਅਤੇ ਸੰਵਿਧਾਨਕ (ਅਨੁਸੂਚਿਤ ਜਾਤੀਆਂ) ਆਰਡਰ ਸੋਧ ਬਿਲ ਸੰਖੇਪ ਚਰਚਾ ਮਗਰੋਂ ਜ਼ੁਬਾਨੀ ਵੋਟ ਨਾਲ ਪਾਸ ਕਰ ਦਿੱਤੇ ਗਏ।

# ਔਰਤਾਂ ਵਿਰੁੱਧ ਹਿੰਸਾ ਦੇ ਵਿਆਪਕ ਮੁੱਦੇ ਨੂੰ ਦੇਖਣ ਲਈ ਇੱਕ ਪ੍ਰਣਾਲੀ ਵੀ ਬਣਾਉਣੀ ਪਵੇਗੀ- ਸੁਪਰੀਮ ਕੋਰਟ

**ਨਵੀਂ ਦਿੱਲੀ–** ਮਨੀਪੁਰ ਵਾਇਰਲ ਵੀਡੀਓ ਮਾਮਲੇ 'ਚ ਸੁਪਰੀਮ ਕੋਰਟ 'ਚ ਫਿਰ ਤੋਂ ਸੁਣਵਾਈ ਹੋਈ। ਸੀਜੇਆਈ ਡੀਵਾਈ ਚੰਦਰਚੂੜ ਨੇ ਮਾਮਲੇ ਦੀ ਸੁਣਵਾਈ ਕਰਦੇ ਹੋਏ ਕਿਹਾ ਕਿ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਮਾਮਲਾ ਸਾਹਮਣੇ ਆਇਆ ਹੈ ਪਰ ਇਹ ਇਕੱਲੀ ਅਜਿਹੀ ਘਟਨਾ ਨਹੀਂ ਹੈ ਜਿੱਥੇ ਔਰਤਾਂ 'ਤੇ ਹਮਲਾ ਕੀਤਾ ਗਿਆ ਹੋਵੇ ਜਾਂ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਗਿਆ ਹੋਵੇ। ਹੋਰ ਔਰਤਾਂ ਵੀ ਹਨ। ਕਿ ਔਰਤਾਂ ਮਾਮਲੇ ਦੀ ਸੀਬੀਆਈ ਜਾਂਚ ਅਤੇ ਕੇਸ ਨੂੰ ਅਸਾਮ ਤਬਦੀਲ ਕਰਨ ਦੇ ਖ਼ਿਲਾਫ਼ ਹਨ। ਇਸ 'ਤੇ ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਅਸੀਂ ਕਦੇ ਵੀ ਮੁਕੱਦਮੇ ਨੂੰ ਅਸਾਮ 'ਚ ਤਬਦੀਲ ਕਰਨ ਦੀ ਬੇਨਤੀ ਨਹੀਂ ਕੀਤੀ। ਤੁਸ਼ਾਰ ਮਹਿਤਾ ਨੇ ਕਿਹਾ ਕਿ ਅਸੀਂ ਕਿਹਾ ਹੈ ਕਿ ਇਸ ਮਾਮਲੇ ਨੂੰ ਮਨੀਪੁਰ ਤੋਂ ਬਾਹਰ ਤਬਦੀਲ ਕੀਤਾ ਜਾਵੇ। ਅਸਮ ਕਦੇ ਨਹੀਂ ਕਿਹਾ।

ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਦਾ ਕਹਿਣਾ ਹੈ ਕਿ ਜੇਕਰ ਸੁਪਰੀਮ ਕੋਰਟ ਮਾਮਲੇ ਦੀ ਨਿਗਰਾਨੀ ਕਰੇ ਤਾਂ ਕੇਂਦਰ ਨੂੰ ਕੋਈ ਇਤਰਾਜ਼ ਨਹੀਂ ਹੈ।

ਇਸ ਦੇ ਨਾਲ ਹੀ ਸੀਨੀਅਰ ਵਕੀਲ ਇੰਦਰਾ ਜੈਸਿੰਘ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਕੇਂਦਰ ਦੀ ਸਟੇਟਸ ਰਿਪੋਰਟ ਮੁਤਾਬਕ 595 ਐਫ.ਆਈ.ਆਰ. ਇਨ੍ਹਾਂ ਵਿੱਚੋਂ ਕਿੰਨੇ ਜਿਨਸੀ ਹਿੰਸਾ






ਸੀਜੇਆਈ ਨੇ ਕਿਹਾ ਕਿ ਸਾਨੂੰ ਔਰਤਾਂ ਵਿਰੁੱਧ ਹਿੰਸਾ ਦੇ ਵਿਆਪਕ ਮੁੱਦੇ ਨੂੰ ਦੇਖਣ ਲਈ ਇੱਕ ਪ੍ਰਣਾਲੀ ਵੀ ਬਣਾਉਣੀ ਪਵੇਗੀ। ਇਸ ਪ੍ਰਣਾਲੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਜਿਹੇ ਸਾਰੇ ਮਾਮਲਿਆਂ ਦਾ ਧਿਆਨ ਰੱਖਿਆ ਜਾਵੇ। ਉਨ੍ਹਾਂ ਪੁੱਛਿਆ ਕਿ 3 ਮਈ ਤੋਂ ਲੈ ਕੇ ਹੁਣ ਤੱਕ ਮਨੀਪੁਰ ਵਿੱਚ ਹਿੰਸਾ ਸ਼ੁਰੂ ਹੋਣ ਤੋਂ ਬਾਅਦ ਕਿੰਨੀਆਂ ਅਜਿਹੀਆਂ ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਦੋਵਾਂ ਧਿਰਾਂ ਨੂੰ ਸੰਖੇਪ ਵਿੱਚ ਸੁਣੇਗੀ ਅਤੇ ਫਿਰ ਸਹੀ ਕਾਰਵਾਈ ਬਾਰੇ ਫੈਸਲਾ ਕਰੇਗੀ। ਸਾਡੇ ਕੋਲ ਹੁਣ ਤੱਕ ਕੋਈ ਸਬੂਤ ਰਿਕਾਰਡ ਨਹੀਂ ਹੈ।

ਮਨੀਪੁਰ ਦੀਆਂ ਦੋ ਪੀੜਤ ਔਰਤਾਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ

ਦੋ ਪੀੜਤ ਔਰਤਾਂ ਵੱਲੋਂ ਪੇਸ਼ ਹੋਏ ਕਪਿਲ ਸਿੱਬਲ ਨੇ ਕਿਹਾ ਕਿ ਇਹ ਸਪੱਸ਼ਟ ਹੈ ਕਿ ਪੁਲਿਸ ਉਨ੍ਹਾਂ ਲੋਕਾਂ ਨਾਲ ਸਹਿਯੋਗ ਕਰ ਰਹੀ ਹੈ ਜਿਨ੍ਹਾਂ ਨੇ ਦੋ ਔਰਤਾਂ ਵਿਰੁੱਧ ਹਿੰਸਾ ਕੀਤੀ ਹੈ। ਪੁਲਿਸ ਨੇ ਇਨ੍ਹਾਂ ਔਰਤਾਂ ਨੂੰ ਭੀੜ ਕੋਲ ਲਿਜਾ ਕੇ ਛੱਡ ਦਿੱਤਾ ਅਤੇ ਭੀੜ ਨੇ ਉਹੀ ਕੀਤਾ ਜੋ ਉਹ ਕਰਦੇ ਸਨ। ਸਿੱਬਲ ਨੇ ਕਿਹਾ, ਪੀੜਤ ਔਰਤਾਂ ਵਿੱਚੋਂ ਇੱਕ ਦੇ ਪਿਤਾ ਅਤੇ ਭਰਾ ਦਾ ਕਤਲ ਕਰ ਦਿੱਤਾ ਗਿਆ ਸੀ। ਸਾਡੇ ਕੋਲ ਅਜੇ ਵੀ ਲਾਸ਼ਾਂ ਨਹੀਂ ਹਨ। 18 ਮਈ ਨੂੰ ਜ਼ੀਰੋ ਐਫਆਈਆਰ ਦਰਜ ਕੀਤੀ ਗਈ ਸੀ। ਜਦੋਂ ਅਦਾਲਤ ਨੇ ਨੋਟਿਸ ਲਿਆ ਤਾਂ ਕੁਝ ਹੋਇਆ। ਫਿਰ ਅਸੀਂ ਕਿਵੇਂ ਭਰੋਸਾ ਕਰ ਸਕਦੇ ਹਾਂ? ਅਜਿਹੀਆਂ ਕਈ ਘਟਨਾਵਾਂ ਹੋਣਗੀਆਂ। ਇਸ ਲਈ ਅਸੀਂ ਅਜਿਹੀ ਏਜੰਸੀ ਚਾਹੁੰਦੇ ਹਾਂ ਜੋ ਮਾਮਲੇ ਦੀ ਜਾਂਚ ਲਈ ਸੁਤੰਤਰ ਹੋਵੇ।

ਨਾਲ ਸਬੰਧਤ ਹਨ, ਅਤੇ ਕਿੰਨੇ ਅੱਗਜ਼ਨੀ, ਕਤਲ ਨਾਲ ਸਬੰਧਤ ਹਨ। ਇਸ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ।

### 'ਔਰਤਾਂ 'ਚ ਆਤਮ ਵਿਸ਼ਵਾਸ ਪੈਦਾ ਕਰਨਾ ਜ਼ਰੂਰੀ'

ਸੀਨੀਅਰ ਵਕੀਲ ਇੰਦਰਾ ਜੈਸਿੰਘ ਨੇ ਕਿਹਾ ਕਿ ਜਿੱਥੋਂ ਤੱਕ ਕਾਨੂੰਨ ਦਾ ਸਵਾਲ ਹੈ, ਜਬਰ-ਜਨਾਹ ਪੀੜਤ ਇਸ ਬਾਰੇ ਗੱਲ ਨਹੀਂ ਕਰਦੇ। ਉਹ ਆਪਣੇ ਸਦਮੇ ਤੋਂ ਬਾਹਰ ਨਹੀਂ ਆਉਂਦੇ। ਸਭ ਤੋਂ ਪਹਿਲਾਂ ਆਤਮ ਵਿਸ਼ਵਾਸ ਪੈਦਾ ਕਰਨਾ ਹੈ। ਅੱਜ ਪਤਾ ਨਹੀਂ ਜੇਕਰ ਸੀਬੀਆਈ ਜਾਂਚ ਸ਼ੁਰੂ ਕਰਦੀ ਹੈ ਤਾਂ ਔਰਤਾਂ ਅੱਗੇ ਆਉਣਗੀਆਂ ਜਾਂ ਨਹੀਂ। ਉਨ੍ਹਾਂ ਕਿਹਾ ਕਿ ਪੁਲਿਸ ਦੀ ਥਾਂ ਔਰਤਾਂ ਨਾਲ ਹੀ ਇਸ ਘਟਨਾ ਬਾਰੇ ਗੱਲ ਕਰਨਾ ਵਧੇਰੇ ਸੁਖਾਲਾ ਹੋਵੇਗਾ।

# ਆਲਮੀ ਚੁਣੌਤੀਆਂ ਦੇ ਹੱਲ ਲਈ ਕੌਮਾਂਤਰੀ ਭਾਈਚਾਰੇ ਦੀ ਭਾਰਤ 'ਤੇ ਟੇਕ- ਮੁਰਮੂ



**ਨਵੀਂ ਦਿੱਲੀ–** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਕਿਹਾ ਕਿ ਕੌਮਾਂਤਰੀ ਭਾਈਚਾਰਾ ਵਾਤਾਵਰਨ ਤਬਦੀਲੀ, ਸਾਈਬਰ ਸੁਰੱਖਿਆ, ਕੱਟੜਵਾਦ ਤੇ ਅਤਵਿਾਦ ਵਰਗੀਆਂ ਆਲਮੀ ਚੁਣੌਤੀਆਂ ਦੇ ਹੱਲ ਲਈ ਭਾਰਤ ਵੱਲ ਦੇਖ ਰਿਹਾ ਹੈ। ਭਾਰਤੀ ਵਿਦੇਸ਼ ਸੇਵਾ (ਆਈਐੱਫਐੱਸ) ਦੇ 2022 ਬੈਚ ਦੇ ਸਿਖਲਾਈ ਲੈ ਰਹੇ ਅਧਿਕਾਰੀਆਂ ਦੇ ਸਮੂਹ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਕੌਮਾਂਤਰੀ ਮੰਚ 'ਤੇ ਭਾਰਤ ਦੀ ਭੂਮਿਕਾ ਤੇ ਪ੍ਰਭਾਵ ਆਲਮੀ ਵਿਕਾਸ ਦੇ ਚਾਲਕ ਤੇ ਆਲਮੀ ਸ਼ਾਸਨ ਦੀ ਬੁਲੰਦ ਆਵਾਜ਼ ਵਜੋਂ ਤੇਜ਼ੀ ਨਾਲ ਵਧ ਰਿਹਾ ਹੈ। ਰਾਸ਼ਟਰਪਤੀ ਨੇ ਕਿਹਾ, "ਭਾਰਤ ਦੇ ਵਧਦੇ ਕੱਦ ਦਾ ਮਤਲਬ ਹੈ ਕਿ ਹੁਣ ਤੁਹਾਨੂੰ ਨਾ ਸਿਰਫ਼ ਆਪਣੇ ਰਵਾਇਤੀ ਫਰਜ਼ ਪੂਰੇ ਕਰਨੇ ਪੈਣਗੇ, ਸਗੋਂ ਤੁਹਾਡੇ ਮੋਢਿਆਂ 'ਤੇ ਸਾਡੇ ਸਿਆਸੀ, ਆਰਥਿਕ ਅਤੇ ਸਭਿਆਚਾਰਕ ਹਿੱਤਾਂ ਦੀ ਸੇਵਾ ਕਰਨ ਦੀ ਵੀ ਜ਼ਿੰਮੇਵਾਰੀ ਹੋਵੇਗੀ।" ਉਨ੍ਹਾਂ ਕਿਹਾ ਕਿ ਇਸ ਨੂੰ ਨਵੀਂ ਟੈਕਨਾਲੋਜੀ ਭਾਈਵਾਲੀ, ਭਾਰਤੀ ਸਾਮਾਨ ਤੇ ਸੇਵਾ ਲਈ ਨਵੇਂ ਬਾਜ਼ਾਰ ਸੁਰੱਖਿਅਤ ਕਰਨ, ਮਨੁੱਖੀ ਸਹਾਇਤਾ ਜਾਂ ਭਾਰਤੀ ਪਰਵਾਸੀ ਭਾਈਚਾਰੇ ਨੂੰ ਮਦਦ ਵਜੋਂ ਦੇਖਿਆ ਜਾ ਸਕਦਾ ਹੈ।



# ਯੂਨਾਈਟਡ ਹਿੱਲਥ ਸੈਂਟਰ ਵੱਲੋ ਆਪਣੀ ਨਵੀਂ ਲੋਕਿਸ਼ਨ ਦਾ ਫਰਿਜਨੋ ਵਿਖੇ ਉਦਘਾਟਨ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**



**ਫਰਿਜਨੋ (ਕੈਲੀਫੋਰਨੀਆ)–** ਸੈਂਟਰਲ ਵੈਲੀ ਕੈਲੀਫੋਰਨੀਆ ਵਿਖੇ ਲੰਮੇ ਸਮੇਂ ਤੋਂ ਸਿਹਤ ਸੇਵਾਵਾਂ ਦਿੰਦੇ ਆ ਰਹੇ ਯੂਨਾਈਟਡ ਹਿੱਲਥ ਕੇਅਰ ਗਰੁੱਪ ਵੱਲੋ ਆਪਣਾ 30ਵਾਂ ਕਲੀਨਿਕ ਫਰਿਜਨੋ ਦੇ ਮਾਰਕਸ ਅਤੇ ਐਸ਼ਲੈਂਨ ਐਵਿਨਿਊ ਤੇ ਖੋਲ ਦਿੱਤਾ ਗਿਆ ਹੈ। ਲੰਘੇ ਵੀਰਵਾਰ ਇਸ ਕਲੀਨਿਕ ਦੀ ਗਰੈਂਡ ਓਪਨਿੰਗ ਕੀਤੀ ਗਈ। ਜਿੱਥੇ ਗਰੁੱਪ ਦੇ ਪ੍ਰੈਜ਼ੀਡੈਂਟ ਅਤੇ ਸੀਈਓ, ਜਸਟਿਨ ਪਰੀਅਸ ਨੇ ਰੀਵਨ ਕੱਟਕੇ ਇਸਦਾ ਉਦਘਾਟਨ ਕੀਤਾ। ਉਹਨਾਂ ਬੋਲਦਿਆਂ ਕਿਹਾ ਕਿ ਜਿੱਥੇ ਸੈਂਟਰਲ ਵੈਲੀ ਦਾ ਇਹ ਸਾਡਾ 30ਵਾਂ ਕਲੀਨਿਕ ਹੈ, ਓਥੇ ਫਰਿਜਨੋ ਸਿਟੀ ਦਾ ਇਹ ਸਾਡਾ ਅੱਠਵਾਂ ਕਲੀਨਿਕ ਬਣ ਚੁੱਕਾ ਹੈ। ਉਹਨਾਂ ਸਮੂਹ ਸਟਾਫ ਦਾ ਸਪੋਰਟ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਅਸੀਂ ਜੀ ਜਾਨ ਨਾਲ ਲੋਕਾਂ ਨੂੰ ਸਿਹਤ ਸੇਵਾਵਾਂ ਦੇਵਾਗੇ। ਗਰੁੱਪ ਦੇ ਚੀਫ ਐਡਮਨਿਸਟਰੇਟਵ ਆਫਿਸਰ ਮਗੇਲ ਰੁਡਰੀਗਸ ਨੇ ਕਿਹਾ ਕਿ ਇਹ ਕਲੀਨਿਕ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖਕੇ ਖੋਲਿਆ ਗਿਆ ਹੈ, ਅਤੇ ਅਸੀਂ ਆਸ ਕਰਦੇ ਹਾਂ ਕਿ ਸਾਡਾ ਸਟਾਫ ਲੋਕਾਂ ਦੀਆਂ ਉਮੀਦਾਂ ਤੇ ਖਰਾ ਉਤਰੇਗਾ। ਪੰਜਾਬੀ ਕਮਿਊਨਟੀ ਨੂੰ ਮੁੱਖ ਰੱਖਕੇ ਡਾ. ਸਿਮਰਜੀਤ ਸਿੰਘ ਧਾਲੀਵਾਲ ਇਸ ਕਲੀਨਿਕ ਤੇ ਹਮੇਸ਼ਾਂ ਆਪਣੇ ਸਟਾਫ ਸਮੇਤ ਹਾਜ਼ਰ ਰਹਿਣਗੇ। ਡਾਕਟਰ ਸਿਮਰਜੀਤ ਧਾਲੀਵਾਲ ਨੇ ਕਿਹਾ ਕਿ ਚਾਹੇ ਕਿਸੇ ਕੋਲ ਇੰਸ਼ੋਰੈਂਸ ਹੈ ਜਾਂ ਨਹੀਂ ਸਾਡੇ ਦਰਵਾਜ਼ੇ ਹਰ ਕਿਸੇ ਲਈ ਖੁੱਲ੍ਹੇ ਹਨ। ਅਤੇ ਅਸੀਂ ਇਸ ਕਲੀਨਿਕ ਤੋ ਹਰ ਪ੍ਰਕਾਰ ਦੀਆਂ ਸੇਵਾਵਾਂ ਦੇਵਾਗਾ। ਜਿੱਥੇ ਫੈਮਲੀ ਮੈਡੀਸਨ, ਕੈਰੋਪਰਿਕਟਰ, ਮਨੋਵਗਿਆਨਕ ਰੋਗ, ਦੰਦਾਂ ਅਤੇ ਅੱਖਾਂ ਦੀਆਂ ਬਿਮਾਰੀਆਂ ਦਾ ਇਲਾਜ ਤਸੱਲੀਬਖਸ਼ ਤਰੀਕੇ ਨਾਲ ਕੀਤਾ ਜਾਵੇਗਾ। ਇੱਥੇ ਜਲਦ ਅਰਜ਼ਿੰਟ ਕੇਅਰ ਦੀਆਂ ਸੇਵਾਵਾਂ ਵੀ ਸ਼ੁਰੂ ਹੋਣਗੀਆਂ। ਇਸ ਮੌਕੇ ਕਲੀਨਿਕ ਦਾ ਟੂਰ ਵੀ ਦਿੱਤਾ ਗਿਆ।

ਇਸ ਮੌਕੇ ਫਰਿਜਨੋ ਏਰੀਏ ਦੇ ਕਾਂਗਰਸਮੈਨ ਜਿੰਮ ਕੌਸਟਾ ਦੇ ਦਫ਼ਤਰ ਤੋਂ ਨੁਮਾਇੰਦੇ ਪਹੁੰਚੇ ਹੋਏ ਸਨ। ਮੇਅਰ ਜੈਰੀ ਡਾਇਰ ਦੇ ਦਫ਼ਤਰ ਤੋਂ ਪਤਵੰਤੇ ਪਹੁੰਚੇ ਹੋਏ ਸਨ। ਸੈਨੇਟਰ ਡਾਇਨ ਫਾਈਨਸਟਾਈਨ ਦੇ ਦਫ਼ਤਰ ਤੋ ਵਫ਼ਦ ਆਇਆ ਹੋਇਆ ਸੀ। ਫਰਿਜਨੋ ਦੇ ਡਿਸਟਰਕ ਵੰਨ ਦੀ ਕੌਂਸਲ ਮੈਂਬਰ ਐਨਾਲੀਸਾ ਪਰੀਅਸ ਨੇ ਯੂਨਾਈਟਡ ਹਿੱਲਥ ਸੈਂਟਰ ਦੇ ਸਮੂਹ ਸਟਾਫ ਨੂੰ ਨਵੇਂ ਕਲੀਨਿਕ ਲਈ ਵਧਾਈਆਂ ਦਿੱਤੀਆਂ। ਇਸ ਮੌਕੇ ਗਰੁੱਪ ਦੇ ਪ੍ਰੈਜ਼ੀਡੈਂਟ ਅਤੇ ਸੀਈਓ, ਜਸਟਿਨ ਪਰੀਅਸ ਨੂੰ ਸਾਰੇ ਰਾਜਨੀਤਕ ਦਫ਼ਤਰਾਂ ਦੇ ਨੁਮਾਇੰਦਿਆਂ ਵੱਲੋਂ ਸਰਟੀਫਕੇਟ ਦੇਕੇ ਸਨਮਾਨਿਤ ਕੀਤਾ ਗਿਆ। ਪੂਰੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਟੀਵੀ ਹੋਸਟ ਇਮਲੀ ਅਰਵਿੰਨ ਨੇ ਬਾਖੂਬੀ ਕੀਤਾ। ਅਖੀਰ ਵਿੱਚ ਨਿਊਜ਼ੀਲੈਂਡ ਅਤੇ ਹਵਾਈਅਨ ਡਾਂਸ ਨੇ ਸਭਨੂੰ ਝੂਮਣ ਲਾ ਦਿੱਤਾ। ਅਖੀਰ ਦੁਪਿਹਰ ਦੇ ਖਾਣੇ ਨਾਲ ਅਮਿੱਟ ਪੈੜ੍ਹਾ ਛੱਡਦਾ ਇਹ ਗਰੈਂਡ ਓਪਨਿੰਗ ਸਮਾਗਮ ਯਾਦਗਾਰੀ ਹੋ ਨਿੱਬੜਿਆ।

# ਖਾਲੜਾ ਪਾਰਕ ਕਮੇਟੀ ਤੇ ਇੰਡੋ ਯੂ. ਐਸ. ਹੈਰੀਟੇਜ਼ ਵੱਲੋ ਹਿਊਮਨ ਰਾਈਟਸ ਦਿਨ ਸਬੰਧੀ ਤਿਆਰੀਆਂ ਆਰੰਭ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**



**ਫਰਿਜਨੋ (ਕੈਲੀਫੋਰਨੀਆ)–** ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਕੇ ਸਥਾਨਿਕ ਬਾਬਿਆਂ ਦੀ ਖਾਲੜਾ ਪਾਰਕ ਕਮੇਟੀ, ਜੈਕਾਰਾ ਮੂਵਮੈਂਟ ਅਤੇ ਇੰਡੋ ਯੂ.ਐਸ. ਹੈਰੀਟੇਜ਼ ਐਸੋਸੀਏਸ਼ਨ ਵੱਲੋ ਉਪਰਾਲੇ ਅਰੰਭ ਦਿੱਤੇ ਗਏ ਹਨ। ਹਰ ਸਾਲ ਦੀ ਤਰਾਂ ਇਸ ਸਾਲ ਵੀ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਨੂੰ ਯਾਦ ਕਰਦਿਆ ਫਰਿਜ਼ਨੋ ਦੇ ਖਾਲੜਾ ਪਾਰਕ ਵਿੱਚ 16 ਸਤੰਬਰ ਦਿਨ ਸ਼ਨੀਵਾਰ ਨੂੰ ਦੁਪਿਹਰ ਦੋ ਵਜੇ ਸ਼ਰਧਾਜਲੀ ਸਮਾਗਮ ਰੱਖਿਆ ਗਿਆ ਹੈ। ਲੰਘੇ ਐਤਵਾਰ ਇਸ ਸਮਾਗਮ ਸਬੰਧੀ ਪਹਿਲੀ ਮੀਟਿੰਗ ਖਾਲੜਾ ਪਾਰਕ ਵਿੱਚ ਰੱਖੀ ਗਈ। ਇਸ ਮੌਕੇ ਪਤਵੰਤੇ ਸੱਜਣਾਂ ਨੇ ਸਭਨੂੰ ਇਸ ਸਮਾਗਮ ਵਿੱਚ ਸ਼ਿਰਕਤ ਕਹਨ ਲਈ ਸਨਿਮਰ ਬੇਨਤੀ ਕੀਤੀ ਅਤੇ ਇਸ ਸਮਾਗਮ ਦੀ ਰੂਪ ਰੇਖਾ ਤਿਆਰ ਕੀਤੀ ਗਈ। ਇੱਥੇ ਇਹ ਵੀ ਜਿਕਰਯਗ ਹੈ ਕਿ ਸਤੰਬਰ 1995 ਵਿੱਚ ਸਮੇਂ ਦੀ ਹਕੂਮਤ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਮਨੁੱਖੀ ਹੱਕਾਂ ਸਬੰਧੀ ਅਵਾਜ਼ ਬੁਲੰਦ ਕਰਨ ਦੇ ਬਦਲੇ ਤਸੀਹੇ ਦੇਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਉਪਰੰਤ ਜੈਕਾਰਾ ਮੂਵਮੈਂਟ ਦੇ ਉਪਰਾਲੇ ਸਦਕਾ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਪਾਰਕ ਫਰਿਜ਼ਨੋ ਸ਼ਹਿਰ ਵਿੱਚ ਬਣਾਇਆ ਗਿਆ ਅਤੇ ਇਸ ਪਾਰਕ ਵਿੱਚ ਹਰੇਕ ਸਾਲ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਯਾਦ ਕਰਦਿਆਂ ਉਹਨਾਂ ਦੀ ਯਾਦ ਵਿੱਚ ਮਨੁੱਖੀ ਅਧਿਕਾਰ ਦਿਹਾੜਾ ਮਨਾਇਆ ਜਾਂਦਾ ਹੈ। ਅਤੇ ਇਸੇ ਕੜੀ ਤਹਿਤ ਇਹ ਸਲਾਨਾ ਸਮਾਗਮ 16 ਸਤੰਬਰ ਦਿਨ ਸ਼ਨੀਵਾਰ ਨੂੰ ਖਾਲੜਾ ਪਾਰਕ ਵਿਖੇ ਦੁਪਿਹਰ ਦੋ ਵਜੇ ਰੱਖਿਆ ਗਿਆ ਹੈ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਅਮਰੀਕਾ ਦੇ ਕੈਲੀਫੋਰਨੀਆ ਸਮੇਤ ਹੋਰ ਰਾਜਾਂ ਵਿਚ ਮਨੀਪੁਰ ਨਸਲੀ ਹਿੰਸਾ ਵਿਰੁੱਧ ਪ੍ਰਦਰਸ਼ਨ

**ਸੈਕਰਾਮੈਂਟੋ, ਕੈਲੀਫੋਰਨੀਆ–** ਭਾਰਤ ਦੇ ਮਨੀਪੁਰ ਰਾਜ ਵਿਚ ਹੋ ਰਹੀ ਨਸਲੀ ਹਿੰਸਾ ਵਿਰੁੱਧ ਅਮਰੀਕਾ ਦੇ ਕੈਲੀਫੋਰਨੀਆ ਸਮੇਤ ਹੋਰ ਰਾਜਾਂ ਵਿਚ ਪ੍ਰਦਰਸ਼ਨ ਹੋਣ ਦੀਆਂ ਰਿਪੋਰਟਾਂ ਹਨ। ਪ੍ਰਦਰਸ਼ਨ ਕਾਰੀਆਂ ਨੇ ਨਸਲੀ ਹਿੰਸਾ ਵਿਰੁੱਧ ਪੋਸਟਰ ਚੁੱਕੇ ਹੋਏ ਸਨ ਤੇ ਉਨਾਂ ਨੇ ਨਸਲੀ ਹਿੰਸਾ ਦੀ ਜੋਰਦਾਰ ਸ਼ਬਦਾਂ ਵਿਚ ਨਿੰਦਾ ਕੀਤੀ। ਨਸਲੀ ਹਿੰਸਾ ਜਿਸ ਵਿੱਚ ਹੁਣ ਤੱਕ ਸੈਂਕੜੇ ਮੌਤਾਂ ਹੋ ਚੁੱਕੀਆਂ ਹਨ ਤੇ ਕਈ ਲੋਕਾਂ ਦੇ ਘਰ ਬਾਰ ਸਾੜੇ ਦਿੱਤੇ ਗਏ ਹਨ,ਅਨੇਕਾਂ ਵਾਹਣ ਅੱਗ ਦੀ ਭੇਟ ਚੜ ਚੁੱਕੇ ਹਨ ਤੇ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ, ਵਿਰੁੱਧ ਕੈਲੀਫੋਰਨੀਆ ਤੋਂ ਇਲਾਵਾ ਨਿਊ ਜਰਸੀ ਤੇ ਮਾਸਾਚੂਸੈਟਸ ਵਿਚ ਵੀ ਜੋਰਦਾਰ ਪ੍ਰਦਰਸ਼ਨ ਹੋਏ। ਪਿੱਛਲੇ ਹਫਤੇ ਮਨੀਪੁਰ ਵਿਚ 2 ਕਬਾਇਲੀ ਔਰਤਾਂ ਨੂੰ ਨਿਰਵਸਤਰ ਕਰਕੇ ਘੁੰਮਾਉਣ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਅਮਰੀਕਾ ਵਿਚ ਲੋਕਾਂ ਵਿੱਚ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ ਤੇ ਉਹ ਸੜਕਾਂ 'ਤੇ ਉਤਰ ਆਏ ਹਨ। ਕੈਲੀਫੋਰਨੀਆ ਵਿਚ ਭਾਰਤੀ ਮੂਲ ਦੇ ਅਮਰੀਕੀ ਤੇ ਹੋਰ ਲੋਕ ਓਕਲੈਂਡ ਸਿਟੀ ਹਾਲ ਵਿਚ ਇਕੱਠੇ ਹੋਏ ਤੇ ਮਨੀਪੁਰ ਹਿੰਸਾ ਵਿਰੁੱਧ ਆਪਣਾ ਵਿਰੋਧ ਪ੍ਰਗਟਾਇਆ। ਇਹ ਪ੍ਰਦਰਸ਼ਨ ਹੋਰ ਜਥੇਬੰਦੀਆਂ ਤੋਂ ਇਲਾਵਾ ਨਾਰਥ ਅਮੈਰੀਕਨ ਮਨੀਪੁਰ ਟਰਾਈਬਲ ਐਸੋਸੀਏਸ਼ਨ, ਇੰਡੀਅਨ ਅਮੈਰੀਕਨ ਮੁਸਲਿਮ ਕੌਂਸਲ ਤੇ ਅੰਬੇਦਕਰ ਕਿੰਗ ਸਟੱਡੀ ਸਰਕਲ ਵੱਲੋਂ ਅਯੋਜਿਤ ਕੀਤਾ ਗਿਆ ਸੀ। ਨਾਰਥ ਅਮੈਰੀਕਨ ਮਨੀਪੁਰ ਟਰਾਈਬਲ ਐਸੋਸੀਏਸ਼ਨ ਦੇ ਆਗੂ ਨਿਆਂਗ ਹੈਂਗਜ਼ੋ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਦੰਗਾਕਾਰੀਆਂ ਨੇ ਸਾਡੇ ਘਰਾਂ, ਸਾਡੀਆਂ ਜਾਇਦਾਦਾਂ ਨੂੰ ਤਬਾਹ ਕਰ ਦਿੱਤਾ ਹੈ। ਘਰਾਂ ਵਿਚੋਂ ਕੱਢਕੇ ਸਾਨੂੰ ਮਾਰਿਆ ਜਾ ਰਿਹਾ ਹੈ, ਸਾਡੀਆਂ ਧੀਆਂ ਭੈਣਾਂ ਨਾਲ ਜਬਰ-ਜਨਾਹ ਹੋ ਰਹੇ ਹਨ। ਦੰਗਾਕਾਰੀਆਂ ਨੇ ਸਾਡੀ ਹਰ ਚੀਜ਼ ਮਿੱਟੀ ਵਿਚ ਮਿਲਾ ਦਿੱਤੀ ਹੈ। ਉਨਾਂ ਸਵਾਲ ਕੀਤਾ ਕਿ ਵਿਸ਼ਵ ਕਦੋਂ ਤੱਕ ਮੂਕ ਦਰਸ਼ਕ ਬਣਕੇ ਇਹ ਸਭ ਕੁਝ ਵੇਖਦਾ ਰਹੇਗਾ। ਉਨਾਂ ਮੰਗ ਕੀਤੀ ਕਿ ਸਦਨ ਵਿਚ ਇਸ ਸਬੰਧੀ ਚਰਚਾ ਹੋਣੀ ਚਾਹੀਦੀ ਹੈ ਜਿਸ ਤਰਾਂ ਯੂਰਪੀ ਯੂਨੀਅਨ ਵਿਚ ਹੋਈ ਹੈ। ਯੂਰਪੀ ਯੂਨੀਅਨ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਇਕ ਮਤਾ ਪਰਵਾਨ ਕਰਕੇ ਭਾਰਤ ਨੂੰ ਕਿਹਾ ਹੈ ਕਿ ਉਹ ਮਨੀਪੁਰ ਵਿਚ ਹਿੰਸਾ ਰੋਕਣ ਲਈ ਸਾਰੇ ਲੋੜੀਂਦੇ ਕਦਮ ਚੁੱਕਣ ਤੇ ਘੱਟ ਗਿਣਤੀਆਂ ਖਾਸ ਕਰਕੇ ਇਸਾਈ ਭਾਈਚਾਰੇ ਦੀ ਰਖਿਆ ਕਰਨ। ਹਾਲਾਂ ਕਿ ਭਾਰਤ ਨੇ ਇਸ ਮਤੇ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜੀ ਕਰਾਰ ਦਿੱਤਾ ਹੈ।




# ਅਮਰੀਕਾ ਵਿਚ ਨਿਹੱਥੇ ਕਾਲੇ ਟਰੱਕ ਡਰਾਈਵਰ 'ਤੇ ਕੁੱਤਾ ਛੱਡਣ ਵਾਲਾ ਪੁਲਿਸ ਅਫਸਰ ਬਰਖਾਸਤ

**ਸੈਕਰਮੈਂਟੋ, ਕੈਲੀਫੋਰਨੀਆ –** ਸਰਕਲਵਿਲੇ,ਓਹੀਓ ਪੁਲਿਸ ਅਫਸਰ ਜਿਸ ਵੱਲੋਂ ਇਕ ਨਿਹੱਥੇ ਕਾਲੇ ਵਿਅਕਤੀ 'ਤੇ ਪੁਲਿਸ ਵਿਭਾਗ ਦਾ ਕੁੱਤਾ ਛੱਡਣ ਦੀ ਵੀਡੀਓ ਸਾਹਮਣੇ ਆਈ ਸੀ, ਨੂੰ ਬਰਖਾਸਤ ਕਰ ਦੇਣ ਦੀ ਖਬਰ ਹੈ। ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸਰਕਲਵਿਲੇ ਪੁਲਿਸ ਅਫਸਰ ਰੀਆਨ ਸਪੀਕਮੈਨ ਦੀ ਕਾਰਵਾਈ ਪੁਲਿਸ ਦੇ ਮਾਪਦੰਡਾਂ ਤੇ ਆਸਾਂ ਉਪਰ ਖਰੀ ਨਹੀਂ ਉਤਰਦੀ। ਇਸ ਲਈ ਉਸ ਨੂੰ ਤੁਰੰਤ ਵਿਭਾਗ ਤੋਂ ਬਰਖਾਸਤ ਕੀਤਾ ਜਾਂਦਾ ਹੈ। ਵੀਡੀਓ ਵਿਚ ਪਿਛਲੇ ਦਿਨੀਂ ਵਾਪਰੀ ਇਸ ਘਟਨਾ ਵਿਚ ਪੁਲਿਸ ਤੇ ਲਾਅ ਇਨਫੋਰਸਮੈਂਟ ਨਾਲ ਸਬੰਧਿਤ ਹੋਰ ਏਜੰਸੀਆਂ ਦੀਆਂ ਕਾਰਾਂ ਇਕ ਕਮਰਸ਼ੀਅਲ ਸੈਮੀ ਟਰੱਕ ਨੂੰ ਰੋਕਣ ਲਈ ਉਸ ਦਾ ਪਿੱਛਾ ਕਰਦੀਆਂ ਨਜਰ ਆ ਰਹੀਆਂ ਹਨ। ਇਕ ਜਗਾ 'ਤੇ ਟਰੱਕ ਰੁਕ ਜਾਂਦਾ ਹੈ ਤੇ ਉਸ ਵਿਚੋਂ ਜਾਡਾਰੀਅਸ ਰੋਸ ਨਾਮੀ ਕਾਲਾ ਡਰਾਈਵਰ ਨਿਕਲਦਾ ਹੈ ਜਿਸ ਨੇ ਹੱਥ ਖੜੇ ਕੀਤੇ ਹੋਏ ਹਨ ਤੇ ਉਹ ਆਤਮ ਸਮਰਪਣ ਲਈ ਤਿਆਰ ਵਿਖਾਈ ਦਿੰਦਾ ਹੈ ਪਰੰਤੂ ਇਸ ਦਰਮਿਆਨ ਉਸ ਉਪਰ ਕੁੱਤਾ ਛੱਡ ਦਿੱਤਾ ਜਾਂਦਾ ਹੈ। ਕੁੱਤਾ ਉਸ ਨੂੰ ਬੁਰੀ ਤਰਾਂ ਜਖਮੀ ਕਰ ਦਿੰਦਾ ਹੈ। ਪੁਲਿਸ ਅਨੁਸਾਰ ਜਾਂਚ ਲਈ ਨਾ ਰੁਕਣ ਕਾਰਨ ਸੈਮੀ ਟਰੱਕ ਦਾ ਪਿੱਛਾ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਮੇਅਰ ਡਾਨ ਮੈਕਲਰਾਏ ਨੇ ਕਿਹਾ ਸੀ ਕਿ ਸਪੀਕਮੈਨ ਨੂੰ ਤਨਖਾਹ ਸਮੇਤ ਪ੍ਰਸਾਸ਼ਨਿਕ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ।

# ਕੈਲੀਫੋਰਨੀਆ ਵਿਚ ਭਾਰਤੀ-ਅਮਰੀਕੀ ਇਕ ਨਬਾਲਗ ਦੇ ਮਾਰੀਆਂ ਗੋਲੀਆਂ, ਹੋਈ ਮੌਤ, ਸ਼ੱਕੀ ਦੋਸ਼ੀ ਗ੍ਰਿਫਤਾਰ

**ਸੈਕਰਮੈਂਟੋ, ਕੈਲੀਫੋਰਨੀਆ –** ੈਲੀਫੋਰਨੀਆ ਵਿਚ ਕੋਲੰਬਾਈਨ ਕੋਰਟ ਦੇ 2100 ਬਲਾਕ ਵਿਚ ਵਾਪਰੀ ਗੋਲੀਬਾਰੀ ਦੀ ਇਕ ਘਟਨਾ ਵਿਚ ਇਕ ਭਾਰਤੀ ਮੂਲ ਦੇ



ਅਮਰੀਕੀ ਨਬਾਲਗ ਦੀ ਮੌਤ ਹੋ ਜਾਣ ਦੀ ਖਬਰ ਹੈ। ਪੁਲਿਸ ਅਨੁਸਾਰ ਗਿਲਰੋਈ ਵਾਸੀ 18 ਸਾਲਾ ਐਡਵਿਨ ਸਾਂਚੇਜ ਦੀ ਸ਼ੱਕੀ ਦੋਸ਼ੀ ਵਜੋਂ ਪਛਾਣ ਕੀਤੀ ਗਈ ਹੈ ਜਿਸ ਨੂੰ ਗਿਲਰੋਈ ਪੁਲਿਸ ਵਿਭਾਗ ਨੇ ਹਿਰਾਸਤ ਵਿਚ ਲੈ ਲਿਆ ਹੈ। ਪਰਿਵਾਰਕ ਮੈਂਬਰਾਂ ਵੱਲੋਂ ਸੋਸ਼ਲ ਮੀਡੀਆ ਉਪਰ ਪਾਈ ਪੋਸਟ ਵਿਚ ਮ੍ਰਿਤਕ ਨਬਾਲਗ ਦੀ ਪਛਾਣ ਜੈਕਸਨ ਕਾਵਿਲ ਵਜੋਂ ਕੀਤੀ ਗਈ ਹੈ ਜਿਸ ਨੂੰ ਡਾਕਟਰੀ ਸਹਾਇਤਾ ਲਈ ਸੇਂਟ ਲੂਇਸ ਹਸਪਤਾਲ ਲਿਆਂਦਾ ਗਿਆ ਜਿਥੇ ਡਾਕਟਰਾਂ ਵੱਲੋਂ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਪਰੰਤੂ ਉਹ ਦਮ ਤੋੜ ਗਿਆ। ਜੈਕਸਨ ਕਾਵਿਲ ਦੇ ਇਕ ਰਿਸ਼ਤੇਦਾਰ ਅਨੁਸਾਰ ਉਹ ਇਕ ਕਮੇਡੀਅਨ ਸੀ ਤੇ ਉਹ ਹਮੇਸ਼ਾਂ ਹਰ ਇਕ ਨੂੰ ਮੁਸਕਰਾਉਂਦਾ ਵੇਖਣਾ ਚਹੁੰਦਾ ਸੀ। ਮ੍ਰਿਤਕ ਦੇ ਮਾਤਾ - ਪਿਤਾ ਸਨੀ ਕਾਵਿਲ ਤੇ ਰਾਣੀ ਦਾ ਪਿਛੋਕੜ ਕੇਰਲਾ ਨਾਲ ਜੁੜਿਆ ਹੋਇਆ ਹੈ। ਅਮਰੀਕਾ ਵਿਚ ਕਾਵਿਲ ਦੇ ਪਿਤਾ ਦਾ ਗਿਲਰੋਈ ਵਿਚ ਇਕ ਰੈਸਟੋਰੈਂਟ ਹੈ ਜਦ ਕਿ ਉਸ ਦੀ ਮਾਂ ਨਰਸ ਹੈ। ਕਾਵਿਲ ਆਪਣੇ ਮਾਤਾ ਪਿਤਾ ਦੇ 4 ਬੱਚਿਆਂ ਵਿਚੋਂ ਸਭ ਤੋਂ ਛੋਟਾ ਸੀ।

# ਅਮਰੀਕਾ ਦੇ ਓਹੀਓ ਰਾਜ ਵਿਚ ਪਸ਼ੂਆਂ ਦੇ ਰਾਹਤ ਕੇਂਦਰ 'ਤੇ ਛਾਪਾ, 30 ਕੁੱਤੇ ਮਰੇ ਹੋਏ ਮਿਲੇ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਓਹੀਓ ਰਾਜ ਵਿਚ ਪਸ਼ੂਆਂ ਦੇ ਇਕ ਰਾਹਤ ਕੇਂਦਰ ਵਿਚ ਪੁਲਿਸ ਅਫਸਰਾਂ ਵੱਲੋਂ ਕੀਤੀ ਕਾਰਵਾਈ ਦੌਰਾਨ ਅੰਦਾਜਨ 30 ਕੁੱਤੇ ਤੇ ਕਤੂਰੇ ਮ੍ਰਿਤਕ ਹਾਲਤ ਵਿਚ ਮਿਲਣ ਦੀ ਖਬਰ ਹੈ। ਓਹੀਓ ਐਨੀਮਲ ਰੈਸਕਿਓ ਕੇਂਦਰ 'ਤੇ ਬਟਲਰ ਕਾਊਂਟੀ,ਓਹੀਓ ਦੇ ਪੁਲਿਸ ਅਫਸਰਾਂ ਵੱਲੋਂ ਮਾਰੇ ਛਾਪੇ ਦੌਰਾਨ ਹਾਲਾਤ ਜੋ ਵੇਖਣ ਨੂੰ ਮਿਲੇ ਉਹ ਕਲਪਨਾ ਤੋਂ ਬਾਹਰ ਹਨ। ਪੁਲਿਸ ਅਫਸਰਾਂ ਤੇ ਜਾਂਚਕਾਰਾਂ ਦਾ ਕਹਿਣਾ ਹੈ ਕਿ ਕੇਂਦਰ ਵਿਚਲੇ ਹਾਲਾਤ ਬਹੁਤ ਹੀ ਖਤਰਨਾਕ ਹਨ। ਡਿਪਟੀ ਡੌਗ ਵਾਰਡਨ ਅਨੁਸਾਰ ਅੰਦਰਲੇ ਹਾਲਾਤ ਰਹਿਣ ਦੇ ਯੋਗ ਨਹੀਂ ਹਨ। ਬਦਬੂ ਤੇ ਗੰਦਗੀ ਕਾਰਨ ਉਥੇ ਸਾਹ ਲੈਣਾ ਵੀ ਔਖਾ ਹੈ। ਬਟਲਰ ਕਾਊਂਟੀ ਸ਼ੈਰਿਫ ਦਫਤਰ ਵੱਲੋਂ ਜਾਰੀ ਪ੍ਰੈਸ ਰਲੀਜ ਅਨੁਸਾਰ ਡਿਪਟੀ ਡੌਗ ਵਾਰਡਨ ਨੂੰ ਸਾਹ ਲੈਣ ਲਈ ਕਈ ਵਾਰ ਅੰਦਰੋਂ ਬਾਹਰ ਆਉਣਾ ਪਿਆ। ਐਨੀਮਲ ਰੈਸਕਿਊ ਕੇਂਦਰ ਦਾ ਮਾਲਕ ਆਪਣਾ ਕਾਰੋਬਾਰ ਹੈਲਪਿੰਗ ਹੈਂਡਜ ਫਾਰ ਫੱਰੀ ਪਾਅਜ ਦੇ ਨਾਂ ਹੇਠ ਚਲਾ ਰਿਹਾ ਹੈ ਜਿਸ ਦੀ ਪੁਲਿਸ ਨੇ ਪਛਾਣ ਰੌਂਡਾ ਮਰਫੀ ਵਜੋਂ ਕੀਤੀ ਹੈ।

ਉਸ ਵਿਰੁੱਧ ਲਾਪਰਵਾਹੀ ਤੇ ਪਸ਼ੂਆਂ ਪ੍ਰਤੀ ਜਾਲਮਾਨ ਵਿਵਹਾਰ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਬਟਲਰ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਕੇਂਦਰ ਵਿਚ 90 ਤੋਂ ਵਧ ਕੁੱਤੇ ਤੇ ਕਤੂਰੇ ਸਨ ਜਿਨਾਂ ਨੂੰ ਉਥੋਂ ਹਟਾਇਆ ਗਿਆ। ਸ਼ੈਰਿਫ ਦਫਤਰ ਅਨੁਸਾਰ ਕੁੱਤਿਆਂ ਤੇ ਕਤੂਰਿਆਂ ਨੂੰ ਮੈਡੀਸਨ ਟਾਊਨਸ਼ਿੱਪ ਵਿਚ ਵੱਖ ਵੱਖ ਦੋ ਥਾਵਾਂ 'ਤੇ ਰਖਿਆ ਗਿਆ ਸੀ। ਇਕ ਇਮਾਰਤ ਵਿਚ ਪਿੰਜਰਿਆਂ ਵਿੱਚ ਬੰਦ 25 ਤੋਂ ਵਧ ਕੁੱਤੇ ਮਿਲੇ ਜਿਥੇ ਤਾਪਮਾਨ 89 ਡਿਗਰੀ ਫਾਰਨਹੀਟ ਸੀ। ਪਿੰਜਰਿਆਂ ਵਿਚ ਗੰਦਗੀ ਦੀ ਭਰਮਾਰ ਸੀ।

ਪਿੰਜਰਿਆਂ ਵਿਚ ਨਾ ਪਾਣੀ ਤੇ ਨਾ ਹੀ ਕੁੱਤਿਆਂ ਲਈ ਕੁਝ ਖਾਣ ਲਈ ਸੀ। ਸ਼ੈਰਿਫ ਦਫਤਰ ਵੱਲੋਂ ਜਾਰੀ ਪ੍ਰੈਸ ਰਲੀਜ ਅਨੁਸਾਰ ਇਕ ਪਿੰਜਰੇ ਵਿਚ ਇਕ ਮਾਂ ਤੇ 8 ਨਵਜਾਤ ਕਤੂਰੇ ਮਿਲੇ ਹਨ। ਪ੍ਰੈਸ ਬਿਆਨ ਅਨੁਸਾਰ ਦੋ ਥਾਵਾਂ ਤੋਂ ਮਰੇ ਹੋਏ ਕੁੱਤੇ ਫਰਿਜ਼ਾਂ ਤੇ ਫਰੀਜ਼ਰਾਂ ਵਿਚੋਂ ਮਿਲੇ ਹਨ ਜਿਨਾਂ ਵਿਚੋਂ ਕਈ ਫਰਿਜ਼ਾਂ ਤੇ ਫਰੀਜ਼ਰ ਖਰਾਬ ਸਨ।



# ਅਮਰੀਕਾ ਵਿਚ ਆਪਣੇ 6 ਸਾਲ ਦੇ ਪੁੱਤਰ ਦੀ ਮੌਤ ਦੇ ਮਾਮਲੇ ਵਿਚ ਮਾਂ ਨੂੰ ਉਮਰ ਭਰ ਲਈ ਜੇਲ

## ਛੋਟੇ ਜਿਹੇ ਕਮਰੇ ਵਿਚ ਬੰਦ ਰੱਖਣ ਤੇ ਖਾਣਾ ਨਾ ਦੇਣ ਕਾਰਨ ਹੋਈ ਸੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਐਰੀਜ਼ੋਨਾ ਰਾਜ ਦੀ ਇਕ 29 ਸਾਲਾ ਔਰਤ ਨੂੰ ਆਪਣੇ



6 ਸਾਲ ਦੇ ਪੁੱਤਰ ਦੀ ਮੌਤ ਦੇ ਮਾਮਲੇ ਵਿਚ ਬਿਨਾਂ ਪੇਰੋਲ ਉਮਰ ਭਰ ਲਈ ਜੇਲ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਫਲੈਗਸਟਾਫ, ਐਰੀਜ਼ੋਨਾ ਵਾਸੀ ਐਲੀਜ਼ਾਬੈਥ ਆਰਕੀਬੇਕੁ ਨੂੰ ਉਸ ਦੇ ਪੁੱਤਰ ਡੇਸ਼ੌਨ ਮਾਰਟਿਨੇਜ਼ ਦੀ ਮਾਰਚ 2020 ਵਿਚ ਹੋਈ ਮੌਤ ਦੇ ਮਾਮਲੇ ਵਿਚ ਪਹਿਲਾ ਦਰਜਾ ਹੱਤਿਆ ਤੇ ਬੱਚੇ ਨਾਲ ਬੇਰਹਿਮੀ ਵਾਲਾ ਸਲੂਕ ਕਰਨ ਦੇ ਦੋਸ਼ਾਂ ਤਹਿਤ ਬੀਤੇ ਵੀਰਵਾਰ ਦੋਸ਼ੀ ਠਹਿਰਾਇਆ ਗਿਆ । ਉਸ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਪ੍ਰਾਪਤ ਵੇਰਵੇ ਅਨੁਸਾਰ ਪੁਲਿਸ ਨੂੰ ਸੂਚਿਤ ਕਰਨ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਡੇਸ਼ੌਨ ਬੇਜਾਨ ਸੀ। ਉਹ ਕੋਈ ਹੁੰਗਾਰਾ ਨਹੀਂ ਸੀ ਭਰ ਰਿਹਾ। ਉਸ ਨੂੰ ਇਕ ਬਹੁਤ ਹੀ ਛੋਟੇ ਜਿਹੇ ਕਮਰੇ ਵਿਚ ਬੰਦ ਕੀਤਾ ਹੋਇਆ ਸੀ ਤੇ ਉਸ ਦਾ ਭਾਰ ਕੇਵਲ 18 ਪੌਂਡ ਸੀ ਜੋ ਇਕ 1 ਸਾਲ ਦੇ ਬੱਚੇ ਦਾ ਔਸਤ ਭਾਰ ਹੈ। ਉਸ ਦੇ 7 ਸਾਲ ਦੇ ਵੱਡੇ ਭਰਾ ਨਾਲ ਵੀ ਅਜਿਹਾ ਹੀ ਸਲੂਕ ਕੀਤਾ ਜਾਂਦਾ ਸੀ ਪਰੰਤੂ ਕਿਸਮਤ ਨਾਲ ਉਹ ਬਚ ਗਿਆ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਬੱਚਿਆਂ ਨੂੰ ਦਿਨ ਵਿਚ 16 ਘੰਟੇ ਬੰਦ ਰਖਿਆ ਜਾਂਦਾ ਸੀ ਤੇ ਜਿਸ ਦੌਰਾਨ ਉਨਾਂ ਨੂੰ ਖਾਣਾ ਨਹੀਂ ਸੀ ਦਿੱਤਾ ਜਾਂਦਾ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਸ਼ੁਰੂ ਵਿਚ ਬੱਚਿਆਂ ਨੂੰ ਫਰਿਜ਼ ਵਿਚੋਂ ਖਾਣ ਪੀਣ ਦੀਆਂ ਚੀਜ਼ਾਂ ਚੋਰੀ ਕਰਨ ਕਾਰਨ ਸਜ਼ਾ ਦੇ ਤੌਰ 'ਤੇ ਛੋਟੇ ਕਮਰੇ ਵਿਚ ਬੰਦ ਕੀਤਾ ਜਾਂਦਾ ਸੀ।

ਦੋਨੋ ਭਰਾ ਜਦੋਂ ਉਨਾਂ ਦੀ ਮਾਂ ਤੇ ਪਿਤਾ 27 ਸਾਲਾ ਐਂਥਨੀ ਜੋਸ ਆਰਕੀਬੇਕੂ ਮਾਰਟਿਨਜ ਸੌਂ ਜਾਂਦੇ ਸਨ, ਤਾਂ ਰਸੋਈ ਵਿਚ ਵੜ ਜਾਂਦੇ ਸਨ। ਬੱਚਿਆਂ ਦੀ ਦਾਦੀ ਐਨ ਮੈਰੀ ਮਾਰਟਿਨਜ ਵੀ ਜਦੋਂ ਬੱਚਿਆਂ ਨੂੰ ਫਰਿਜ਼ ਵਿਚੋਂ ਖਾਣ ਪੀਣ ਦੀਆਂ ਚੀਜ਼ਾਂ ਚੋਰੀ ਕਰਦਿਆਂ ਫੜ ਲੈਂਦੀ ਸੀ ਤਾਂ ਉਹ ਵੀ ਉਨਾਂ ਨੂੰ ਸਜ਼ਾ ਦਿੰਦੀ ਸੀ। ਪੋਸਟ ਮਾਰਟਮ ਦੀ ਰਿਪੋਰਟ ਅਨੁਸਾਰ ਡੇਸ਼ੌਨ ਦੀ ਮੌਤ ਭੁੱਖਮਰੀ ਕਾਰਨ ਹੋਈ ਹੈ ਤੇ ਇਹ ਕੁੱਦਰਤੀ ਮੌਤ ਨਹੀਂ ਹੈ ਬਲਕਿ ਹੱਤਿਆ ਹੈ। ਜਦੋਂ ਪੁਲਿਸ ਨੇ ਉਸ ਨੂੰ ਕਮਰੇ ਵਿਚੋਂ ਕੱਢਿਆ ਸੀ ਤਾਂ ਉਹ ਪਿੰਜਰ ਹੀ ਨਜਰ ਆਉਂਦਾ ਸੀ। ਸੁਣਵਾਈ ਦੌਰਾਨ ਉਸ ਦੀ ਮਾਂ ਆਰਕੀਬੇਕੂ ਨੇ ਮੰਨਿਆ ਕਿ ਆਪਣੇ ਪੁੱਤਰ ਦੀ ਮੌਤ ਲਈ ਉਹ ਖੁਦ ਹੀ ਜਿੰਮੇਵਾਰ ਹੈ।

# ਅਮਰੀਕਾ ਦੇ ਨਾਰਥ ਕੈਰੋਲੀਨਾ ਰਾਜ ਵਿਚ 3 ਅਮਰੀਕੀ ਨੌਸੈਨਿਕ ਇਕ ਕਾਰ ਵਿਚੋਂ ਮ੍ਰਿਤਕ ਹਾਲਤ ਵਿਚ ਮਿਲੇ

**ਸੈਕਰਮੈਂਟੋ, ਕੈਲੀਫੋਰਨੀਆ –** ਅਮਰੀਕਾ ਦੇ ਤੱਟੀ ਨਾਰਥ ਕੈਰੋਲੀਨਾ ਰਾਜ ਵਿਚ ਇਕ ਗੈਸ ਸਟੇਸ਼ਨ 'ਤੇ ਪਾਰਕ ਕੀਤੀ ਕਾਰ ਵਿਚੋਂ 3 ਅਮਰੀਕੀ ਨੌਸੈਨਿਕਾਂ ਦੇ ਮ੍ਰਿਤਕ ਹਾਲਤ ਵਿਚ ਮਿਲਣ ਦੀ ਖਬਰ ਹੈ। ਪੈਂਡਰ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਜਦੋਂ ਪੁਲਿਸ ਅਫਸਰ ਇਕ ਲਾਪਤਾ ਵਿਅਕਤੀ ਬਾਰੇ ਰਿਪੋਰਟ 'ਤੇ ਕਾਰਵਾਈ ਕਰ ਰਹੇ ਸਨ ਤਾਂ ਉਨਾਂ ਨੂੰ ਹੈਂਪਸਟੈਡ ਵਿਚ ਯੂ ਐਸ 17 'ਤੇ ਸਥਿੱਤ ਸਪੀਡਵੇਅ ਕਨਵੀਨੀਅਸ ਸਟੋਰ ਦੇ ਬਾਹਰ ਪਾਰਕ ਕੀਤੀ ਇਕ ਕਾਰ ਵਿਚੋਂ 3 ਲਾਸ਼ਾਂ ਬਰਾਮਦ ਹੋਈਆਂ ਜੋ ਕਿ ਅਮਰੀਕੀ ਨੌਸੈਨਿਕਾਂ ਦੀਆਂ ਹਨ। ਸ਼ੈਰਿਫ ਦਫਤਰ ਨੇ ਕਿਹਾ ਹੈ ਕਿ ਮੌਤਾਂ ਦੇ ਕਾਰਨਾਂ ਬਾਰੇ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਮਾਮਲਾ ਅਜੇ ਜਾਂਚ ਅਧੀਨ ਹੈ। ਮ੍ਰਿਤਕ ਨੌਸੈਨਿਕਾਂ ਦੀ ਪਛਾਣ ਮੈਰਾਈਨ ਕੋਰਪਸ ਲਾਂਸ ਕੋਰਪੋਰਲ ਟੈਨਰ ਜੇ ਕਲਟਨਬਰਗ (19), ਮੈਰਾਈਨ ਕੋਰਪਸ ਲਾਂਸ ਕੋਰਪੋਰਲ ਮੈਰਾਕਸ ਸੀ ਡੌਕਰੀ (23), ਤੇ ਮੈਰਾਈਨ ਕੋਰਪਸ ਲਾਂਸ ਕੋਰਪੋਰਲ ਈਵਾਨ ਆਰ ਗਾਰਸੀਆ (23) ਵਜੋਂ ਹੋਈ ਹੈ। ਬ੍ਰੀਗੇਡੀਅਰ ਜਨਰਲ ਮਾਈਕਲ ਈ ਮੈਕਵਿਲੀਅਮਜ ਕਮਾਂਡਿੰਗ ਜਨਰਲ ਸੈਕੰਡ ਮੈਰਾਈਨ ਲੌਜਿਸਟਿਕਸ ਗਰੁੱਪ ਨੇ ਇਕ ਬਿਆਨ ਵਿਚ ਮ੍ਰਿਤਕ ਨੌਸੈਨਿਕਾਂ ਦੇ ਪਰਿਵਾਰਾਂ, ਮਿੱਤਰਾਂ ਤੇ ਸਾਥੀਆਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

ਦੇਸ਼ ਦੁਆਬਾ

# ਦਿੱਲੀ ਬਿਲ ਦੀ ਰਾਜਨੀਤੀ

ਭਾਰਤ ਵਿਚ ਅੱਜਕਲ੍ਹ ਦਿੱਲੀ ਆਰਡੀਨੈਂਸ ਦੀ ਬੜੀ ਚਰਚਾ ਹੈ। ਇਹ ਸੋਧ ਬਿਲ ਸੱਤਾਧਾਰੀ ਭਾਜਪਾ ਸਰਕਾਰ ਨੇ ਲੋਕ ਸਭਾ ਵਿਚ ਪੇਸ਼ ਕਰ ਦਿੱਤਾ ਹੈ। ਲੋਕ ਸਭਾ ਵਿਚ ਜਿਉਂ ਹੀ ਬਿਲ ਪੇਸ਼ ਕੀਤਾ, ਇਸ ਉਤੇ ਸ਼ੁਰੂਆਤ ਵਿਚ ਹੀ ਵੋਟਿੰਗ ਦੀ ਮੰਗ ਉਠੀ, ਜਿਸ ਤੋਂ ਸਪਸ਼ਟ ਹੈ ਕਿ ਲੋਕ ਸਭਾ ਵਿਚ ਇਹ ਬਿਲ ਆਸਾਨੀ ਨਾਲ ਪਾਸ ਹੋ ਜਾਵੇਗਾ। ਕੇਜਰੀਵਾਲ ਦੀ ਟੇਕ ਜਿਵੇਂ ਕਿ ਦਿੱਲੀ ਆਰਡੀਨੈਂਸ ਆਉਣ ਤੋਂ ਬਾਅਦ ਰਾਜ ਸਭਾ ਉਤੇ ਹੈ। ਰਾਜ ਸਭਾ ਵਿਚ ਭਾਜਪਾ ਗੱਠਜੋੜ ਦੇ ਕੋਲ 109 ਸੀਟਾਂ ਹਨ ਅਤੇ ਬੀਜੂ ਜਨਤਾ ਦਲ ਦੁਆਰਾ ਲੋਕ ਸਭਾ ਵਿਚ ਇਸ ਬਿਲ ਦਾ ਸਮਰਥਨ ਕਰਨ ਤੋਂ ਬਾਅਦ ਇਹ ਤਹਿ ਹੋ ਗਿਆ ਕਿ ਇਹ ਬਿਲ ਰਾਜ ਸਭਾ ਵਿਚ ਪਾਸ ਹੋ ਜਾਵੇਗਾ।

ਇਸ ਬਿਲ ਦੀ ਰਾਜਨੀਤੀ ਦਾ ਸਭ ਤੋਂ ਵੱਡਾ ਅਸਰ ਤਾਂ ਪੰਜਾਬ ਵਿਚ ਦਿਖਾਈ ਦੇਣ ਲੱਗ ਵੀ ਪਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਾਂਗਰਸ ਨਾਲ ਕਿਸੇ ਵੀ ਗੱਠਜੋੜ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਭਗਵੰਤ ਮਾਨ ਨੇ ਰਾਘਵ ਚੱਢਾ ਦੀ ਗੱਲ ਵੀ ਅਣਸੁਣੀ ਕਰ ਦਿੱਤੀ ਅਤੇ ਕਿਹਾ ਕਿ ਉਹ ਕਾਂਗਰਸ ਦੇ ਖਿਲਾਫ ਪੰਜਾਬ ਦੀਆਂ ਸਾਰੀਆਂ ਸੀਟਾਂ ਤੇ ਚੋਣ ਲੜਨਗੇ ਅਤੇ ਇਕ ਵੀ ਸੀਟ ਕਾਂਗਰਸ ਲਈ ਛੱਡਣ ਨੂੰ ਤਿਆਰ ਨਹੀਂ। ਪੰਜਾਬ ਤੋਂ ਉੱਠੀ ਇਸ ਮੰਗ ਤੋਂ ਇਹ ਕਹਿਣਾ ਮੁਨਾਸਿਬ ਹੋਵੇਗਾ ਕਿ ਆਮ ਆਦਮੀ ਪਾਰਟੀ ਵਿਰੋਧੀ ਪਾਰਟੀਆਂ ਦੀ ਏਕਤਾ ਦੇ ਰੰਗ ਵਿਚ ਭੰਗ ਪਾਉਣ ਜਾ ਰਹੀ ਹੈ। ਪੰਜਾਬ ਕਾਂਗਰਸ ਵੀ ਆਮ ਆਦਮੀ ਪਾਰਟੀ ਨਾਲ ਕਿਸੇ ਵੀ ਸੂਰਤ ਵਿਚ ਗੱਠਜੋੜ ਨਹੀਂ ਕਰਨਾ ਚਾਹੁੰਦੀ। ਪੰਜਾਬ ਵਿਚ ਭਗਵੰਤ ਮਾਨ ਅਤੇ ਰਾਘਵ ਚੱਢਾ ਵਿਚਕਾਰ ਅੰਦਰੂਨੀ ਤਣਾਤਣੀ ਵੀ ਜੱਗ ਜਾਹਿਰ ਹੈ। ਕਰਨਾਟਕ ਹਾਊਸ ਦਿੱਲੀ ਵਿਚ ਰਾਘਵ ਚੱਢਾ ਦੇ ਵਿਆਹ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਭਗਵੰਤ ਮਾਨ ਦੀ ਖੂਬ ਕਿਰਕਿਰੀ ਕੀਤੀ ਕਿ ਉਹ ਸਰਕਾਰੀ ਸੰਪਤੀਆਂ ਦੀ ਵਰਤੋਂ ਨਿੱਜੀ ਕੰਮਾਂ ਲਈ ਕਰਵਾ ਰਹੇ ਹਨ। ਭਗਵੰਤ ਮਾਨ ਨਹੀਂ ਚਾਹੁੰਦੇ ਕਿ ਦਿੱਲੀ ਦੇ ਆਦੇਸ਼ਾਂ ਦੀ ਉਹ ਅੱਖਾਂ ਬੰਦ ਕਰਕੇ ਪਾਲਣਾ ਕਰਨ ਕਿਉਂਕਿ ਪੰਜਾਬ ਦੀਆਂ ਪ੍ਰਸਥਿਤੀਆਂ ਬਿਲਕੁਲ ਵੱਖਰੀਆਂ ਹਨ।

ਪੰਜਾਬ ਵਿਚ ਜੇਕਰ ਆਈ. ਐਨ. ਡੀ. ਆਈ. ਏ. (ਇੰਡੀਆ) ਗੱਠਜੋੜ ਦੀ ਆਪਸੀ ਸਾਂਝ ਨਹੀਂ ਬਣਦੀ ਤਾਂ ਕਾਂਗਰਸ ਵੀ ਆਮ ਆਦਮੀ ਪਾਰਟੀ ਹੱਥੋਂ ਠੱਗੀ ਗਈ ਮਹਿਸੂਸ ਕਰੇਗੀ ਅਤੇ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿਚ ਵੀ ਆਮ ਆਦਮੀ ਪਾਰਟੀ ਤੇ ਭਰੋਸਾ ਕਰਨ ਤੋਂ ਕੰਨੀ ਕਤਰਾਵੇਗੀ ਕਿਉਂਕਿ ਕਾਂਗਰਸੀ ਅੰਦਰੂਨੀ ਤੌਰ 'ਤੇ ਰਾਹੁਲ ਗਾਂਧੀ ਨੂੰ ਹੀ 2024 ਦਾ ਪ੍ਰਧਾਨ ਮੰਤਰੀ ਦਾ ਉਮੀਦਵਾਰ ਵੇਖਣਾ ਚਾਹੁੰਦੇ ਹਨ, ਇਸੇ ਤਰਾਂ ਅੰਦਰੂਨੀ ਤੌਰ 'ਤੇ ਕੇਜਰੀਵਾਲ ਦੇ ਚਾਹਵਾਨ ਵੀ ਪ੍ਰਧਾਨ ਮੰਤਰੀ ਦੀ ਉਮੀਦਵਾਰੀ ਦਾ ਤਾਜ਼ ਉਹਨਾਂ ਦੇ ਸਿਰ ਬੰਨ੍ਹਣਾ ਚਾਹੁੰਦੇ ਹਨ। ਇਹ ਤਾਂ ਪਹਿਲਾਂ ਹੀ ਸਪਸ਼ਟ ਹੋ ਚੁੱਕਾ ਹੈ ਕਿਉਂਕਿ ਕੇਜਰੀਵਾਲ ਸਿੱਧੇ ਤੌਰ ਤੇ ਖੁਦ ਨੂੰ ਮੋਦੀ ਦੇ ਮੁਕਾਬਲੇ ਦਾ ਉਮੀਦਵਾਰ ਬਣਾਉਣ ਲਈ ਮੋਦੀ ਖਿਲਾਫ ਪੜ੍ਹੇ-ਲਿਖੇ ਅਤੇ ਅਨਪੜ੍ਹ ਵਰਗੇ ਬਿਆਨ ਦਾਗ ਚੁੱਕੇ ਹਨ। ਵਿਰੋਧੀ ਧਿਰਾਂ ਦੇ ਗੱਠਜੋੜ ਵਿਚ ਬੇਸ਼ੱਕ ਹੋਰ ਸਾਰੀਆਂ ਪਾਰਟੀਆਂ ਸ਼ਾਮਲ ਹੋ ਜਾਣ ਪਰ ਜੇਕਰ ਆਮ ਆਦਮੀ ਪਾਰਟੀ ਸ਼ਾਮਲ ਨਹੀਂ ਹੁੰਦੀ ਤਾਂ ਪੰਜਾਬ ਅਤੇ ਦਿੱਲੀ ਵਿਚ ਕਾਂਗਰਸ ਨੂੰ ਇਸ ਗੱਠਜੋੜ ਦਾ ਫਾਇਦਾ ਨਹੀਂ ਹੋਣ ਵਾਲਾ, ਜਦਕਿ ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼ ਵਿਚ ਕਾਂਗਰਸ ਲਈ ਆਮ ਆਦਮੀ ਪਾਰਟੀ ਕੋਈ ਬਹੁਤੀ ਅਹਿਮੀਅਤ ਨਹੀਂ ਰੱਖਦੀ। ਕੁੱਲ ਮਿਲਾ ਕੇ ਗੱਲ ਅਧਿਆਦੇਸ਼ ਦੀ ਹੋਈ ਸੀ ਪਰ ਜੇਕਰ ਇਹ ਬਿਲ ਪਾਸ ਹੋ ਜਾਂਦਾ ਹੈ ਤਾਂ ਆਮ ਆਦਮੀ ਪਾਰਟੀ ਲਈ ਗੱਠਜੋੜ ਵਿਚ ਰਲੇ ਰਹਿਣ ਦੀ ਕੋਈ ਮਜਬੂਰੀ ਵੀ ਨਹੀਂ ਰਹਿ ਜਾਵੇਗੀ ਕਿਉਂਕਿ ਆਮ ਆਦਮੀ ਪਾਰਟੀ ਪੰਜਾਬ ਵਿਚ ਕਿਸੇ ਕਿਸਮ ਦਾ ਨੁਕਸਾਨ ਉਠਾਉਣ ਲਈ ਸ਼ਾਇਦ ਹੀ ਤਿਆਰ ਹੋਵੇ।

# ਪਰਮਾਤਮਾ ਦਾ ਭੇਤ ਪਾਉਣਾ ਮਨੁੱਖ ਦੇ ਹੱਥ-ਵੱਸ ਦੀ ਗੱਲ ਨਹੀਂ ਹੈ



ਗੋਵਰਧਨ ਗੱਬੀ

ਸਿਆਣੇ ਆਖਦੇ ਹਨ ਕਿ ਸਾਡੇ ਜੀਵਨ ਵਿਚ ਜੋ ਭਾਣਾ ਵਰਤਦਾ ਹੈ ਉਹ ਹਮੇਸ਼ਾ ਸਹੀ ਤੇ ਚੰਗਾ ਹੁੰਦਾ ਹੈ। ਇਸ ਗੱਲ ਨੂੰ ਪਚਾ ਪਾਉਣਾ ਬਹੁਤੀ ਵਾਰ ਸਾਡੇ ਵਾਸਤੇ ਬਹੁਤ ਮੁਸ਼ਕਲ ਹੁੰਦਾ ਹੈ। ਮੰਨ ਲਓ ਕਿ ਸਵਾਰੀਆਂ ਨਾਲ ਤੁੰਨ ਕੇ ਭਰੀ ਬੱਸ, ਰੇਲਗੱਡੀ ਜਾਂ ਜਹਾਜ਼ 'ਚ ਸਫ਼ਰ ਕਰਨ 'ਤੇ ਅਚਾਨਕ ਦੁਰਘਟਨਾ ਵਾਪਰ ਜਾਂਦੀ ਹੈ। ਜ਼ਿਆਦਾਤਰ ਸਵਾਰੀਆਂ ਮੌਤ ਦੇ ਮੂੰਹ ਵਿਚ ਚਲੀਆਂ ਜਾਂਦੀਆਂ ਹਨ। ਤਾਂ ਇਸ ਮੰਦਭਾਗੀ ਘਟਨਾ ਨੂੰ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਕੁਦਰਤ ਜੋ ਕਰਦੀ ਹੈ, ਉਹ ਹਮੇਸ਼ਾ ਸਾਡੇ ਭਲੇ ਵਾਸਤੇ ਹੁੰਦਾ ਹੈ। ਦੂਸਰੇ ਪਾਸੇ ਮੰਨ ਲਓ ਤੁਸੀਂ ਬਹੁਤ ਜ਼ਰੂਰੀ ਕੰਮ ਵਾਸਤੇ ਕਿਤੇ ਦੂਰ ਦੂਸਰੀ ਜਗ੍ਹਾ ਜਾਣਾ ਸੀ। ਅਚਾਨਕ ਘਰ ਵਿਚ ਕੋਈ ਮਸਲਾ ਪੈਦਾ ਹੋ ਗਿਆ। ਤੁਸੀਂ ਆਪਣਾ ਜਹਾਜ਼, ਬੱਸ ਜਾਂ ਰੇਲ ਗੱਡੀ ਖੁੰਝਾ ਬੈਠੇ। ਤੁਸੀਂ ਬਹੁਤ ਪਰੇਸ਼ਾਨ ਹੋ ਜਾਂਦੇ ਹੋ। ਆਪਣੀ ਕਿਸਮਤ ਨੂੰ ਕੋਸਦੇ ਹੋ ਕਿ ਤੁਹਾਡੇ ਨਾਲ ਇੰਜ ਕਿਉਂ ਹੋਇਆ ਹੈ ਪਰ ਥੋੜ੍ਹੀ ਦੇਰ ਬਾਅਦ ਖ਼ਬਰ ਆ ਜਾਂਦੀ ਹੈ ਕਿ ਉਸੇ ਵਾਹਨ ਨਾਲ ਦੁਰਘਟਨਾ ਵਾਪਰ ਗਈ ਹੈ। ਉਸ ਦੀਆਂ ਸਾਰੀਆਂ ਸਵਾਰੀਆਂ ਜਾਨ ਤੋਂ ਹੱਥ ਧੋ ਬੈਠੀਆਂ ਹਨ ਤਾਂ ਫਿਰ ਤੁਸੀਂ ਆਪਣੇ-ਆਪ ਨੂੰ ਭਾਗਾਂ ਵਾਲਾ ਕਹਿੰਦੇ ਹੋ। ਰੱਬ ਦਾ ਸ਼ੁਕਰੀਆ ਕਰਦੇ ਹੋ ਤੇ ਇਹ ਮੰਨਣ ਨੂੰ ਮਜਬੂਰ ਹੋ ਜਾਂਦੇ ਹੋ ਕਿ ਕੁਦਰਤ ਜੋ ਕਰਦੀ ਹੈ ਉਹ ਹਮੇਸ਼ਾ ਚੰਗਾ ਤੇ ਸਹੀ ਕਰਦੀ ਹੈ। ਤੁਹਾਨੂੰ ਕਹਿਣਾ ਪੈਂਦਾ ਹੈ ਕਿ ਤੇਰਾ ਭਾਣਾ ਮੀਠਾ ਲਾਗੇ। ਕੁਝ ਦਿਨ ਪਹਿਲਾਂ ਹੀ ਮੋਬਾਈਲ ਦੇ ਵ੍ਹਟਸਐਪ ਉੱਪਰ ਇਕ ਵੀਡੀਓ ਕਲਿੱਪ ਦੇਖਣ ਤੇ ਸੁਣਨ ਨੂੰ ਮਿਲੀ। ਉਸ ਅਨੁਸਾਰ ਗੱਲ ਦਸ ਅਪ੍ਰੈਲ 1912 ਨੂੰ ਕਦੇ ਨਾ ਡੁੱਬਣ ਵਾਲਾ ਕਹਾਉਣ ਵਾਲੇ ਅਮਰੀਕੀ 'ਟਾਈਟੈਨਿਕ' ਨਾਮਕ ਜਹਾਜ਼ ਦੀ ਸਮੁੰਦਰ ਵਿਚ ਡੁੱਬਣ ਨਾਲ ਜੁੜੀ ਹੋਈ ਸੀ। ਜਹਾਜ਼ ਅਮੀਰ ਲੋਕਾਂ ਦੇ ਐਸ਼ੋ-ਆਰਾਮ ਤੇ ਸੈਰ-ਸਪਾਟੇ ਵਾਸਤੇ ਬਣਾਇਆ ਗਿਆ ਸੀ। ਜਹਾਜ਼ ਨੇ ਆਪਣੇ ਪਲੇਠੇ ਸਫ਼ਰ ਉੱਪਰ ਨਿਕਲਣਾ ਸੀ। ਯਾਤਰਾ ਵਾਸਤੇ ਭਾਰੀ ਕੀਮਤ ਵਾਲੀਆਂ ਟਿਕਟਾਂ ਵਿਕ ਰਹੀਆਂ ਸਨ। ਇਕ ਮੱਧ ਵਰਗੀ ਕਿਸਾਨ ਵੀ ਆਪਣੇ ਪਰਿਵਾਰ ਸਮੇਤ ਉਸ ਜਹਾਜ਼ ਦੀ ਯਾਤਰਾ ਕਰਨਾ ਚਾਹੁੰਦਾ ਸੀ। ਉਸ ਕੋਲ ਪੈਸੇ ਭਾਵੇਂ ਘੱਟ ਸਨ ਪਰ ਉਸ ਦੀ ਮਨੋ-ਕਾਮਨਾ ਵੱਡੀ ਸੀ। ਉਸ ਦੇ ਪਰਿਵਾਰ ਵਿਚ ਪਤਨੀ ਤੇ ਪੰਜ ਬੱਚੇ ਸਨ। ਕਿਸਾਨ ਨੇ ਆਪਣੀ ਬਹੁਤ ਸਾਰੀ ਜਮ੍ਹਾ ਪੂੰਜੀ ਖ਼ਰਚ ਕੇ ਤੇ ਕੁਝ ਜ਼ਮੀਨ ਨੂੰ ਗਹਿਣੇ ਰੱਖ ਕੇ ਜਹਾਜ਼ ਦੀਆਂ ਟਿਕਟਾਂ ਸਾਰੇ ਪਰਿਵਾਰ ਵਾਸਤੇ ਖ਼ਰੀਦ ਲਈਆਂ। ਟਿਕਟਾਂ ਦੀਆਂ ਸ਼ਰਤਾਂ ਅਨੁਸਾਰ ਸਫ਼ਰ ਕਰੋ ਜਾਂ ਨਾ ਪਰ ਪੈਸੇ ਵਾਪਸ ਨਹੀਂ ਹੋਣੇ ਸਨ। ਪਰ ਕੁਦਰਤ ਨੂੰ ਕੁਝ ਹੋਰ ਹੀ ਪਸੰਦ ਸੀ। ਸਫ਼ਰ ਸ਼ੁਰੂ ਹੋਣ ਤੋਂ ਸੱਤ ਦਿਨ ਪਹਿਲਾਂ ਕਿਸਾਨ ਦੇ ਪਾਲਤੂ ਕੁੱਤੇ ਨੇ ਉਨ੍ਹਾਂ ਦੇ ਇਕ ਬੱਚੇ ਦੀ ਲੱਤ 'ਤੇ ਮੁੱਚ ਮਾਰ ਦਿੱਤਾ। ਡਾਕਟਰਾਂ ਨੇ ਸਲਾਹ ਦਿੱਤੀ ਕਿ ਬੱਚੇ ਦਾ ਲਗਾਤਾਰ ਇਲਾਜ ਚੱਲੇਗਾ, ਸੋ ਬੱਚਾ ਸਫ਼ਰ ਨਹੀਂ ਕਰ ਸਕਦਾ। ਅਚਾਨਕ ਸਾਰਾ ਪਰਿਵਾਰ ਪਰੇਸ਼ਾਨ ਹੋ ਗਿਆ। ਪਤਨੀ ਨੇ ਸਲਾਹ ਦਿੱਤੀ ਕਿ ਉਹ ਬਿਮਾਰ ਬੱਚੇ ਦੇ ਨਾਲ ਰਹਿ ਲਵੇਗੀ ਤੇ ਪਤੀ ਬਾਕੀ ਬੱਚਿਆਂ ਸਮੇਤ ਸਫ਼ਰ 'ਤੇ ਚਲਾ ਜਾਵੇ। ਕਿਸਾਨ ਦੁਚਿੱਤੀ ਵਿਚ ਫਸ ਗਿਆ। ਉਸ ਨੇ ਕੁੱਤੇ ਨੂੰ ਝੰਬ ਸੁੱਟਿਆ। ਉਸ ਦੀ ਮਾੜੀ ਕਰਤੂਤ ਕਾਰਨ ਉਹ ਉਸ ਨੂੰ ਕੋਸਦਾ ਰਿਹਾ। ਉਸ ਨੇ ਅਖ਼ੀਰਲੇ ਦਿਨ ਭਰੇ ਮਨ ਨਾਲ ਸਫ਼ਰ ਨਾ ਕਰਨ ਦਾ ਮਨ ਬਣਾ ਲਿਆ। ਕੁਦਰਤ ਦਾ ਭਾਣਾ ਦੇਖੋ ਕਿ ਪਹਿਲੇ ਹੀ ਦਿਨ ਟਾਈਟੈਨਿਕ ਜਹਾਜ਼ ਦੁਰਘਟਨਾ ਗ੍ਰਸਤ ਹੋ ਗਿਆ ਤੇ ਉਸ ਦੇ ਲਗਪਗ ਸਾਰੇ ਯਾਤਰੀ ਮੌਤ ਦੇ ਮੂੰਹ ਵਿਚ ਸਮਾ ਗਏ।

ਮੰਦਭਾਗੀ ਖ਼ਬਰ ਸੁਣਦੇ ਸਾਰ ਹੀ ਕਈ ਦਿਨਾਂ ਤੋਂ ਲਗਾਤਾਰ ਜਿਸ ਕੁੱਤੇ ਨੂੰ ਉਹ ਕਿਸਾਨ ਕੋਸਦਾ ਆ ਰਿਹਾ ਸੀ, ਉਸ ਨੇ ਉਸ ਦਿਨ ਸਭ ਤੋਂ ਵੱਧ ਪਿਆਰ-ਦੁਲਾਰ ਉਸੇ ਕੁੱਤੇ ਨੂੰ ਕੀਤਾ। ਕੁੱਤੇ ਦਾ ਸ਼ੁਕਰੀਆ ਵੀ ਅਦਾ ਕੀਤਾ। ਉਸ ਤੋਂ ਮਾਫ਼ੀ ਵੀ ਮੰਗੀ ਕਿ ਜੇਕਰ ਉਹ ਉਸ ਦੇ ਬੱਚੇ ਨੂੰ ਨਾ ਕੱਟਦਾ ਤਾਂ ਸ਼ਾਇਦ ਉਸ ਦੇ ਸਾਰੇ ਪਰਿਵਾਰ ਦਾ ਨਾਮ ਵੀ ਮਰਨ ਵਾਲਿਆਂ ਦੀ ਸੂਚੀ ਵਿਚ ਸ਼ਾਮਲ ਹੋ ਜਾਂਦਾ। ਉਸ ਨੇ ਵੀ ਮੰਨ ਲਿਆ ਕਿ ਕੁਰਦਤ ਜਦੋਂ ਵੀ ਕੁਝ ਕਰਦੀ ਹੈ ਤਾਂ ਉਹ ਹਮੇਸ਼ਾ ਚੰਗਾ ਹੁੰਦਾ ਹੈ ਪਰ ਸ਼ਾਇਦ ਉਨ੍ਹਾਂ ਵਾਸਤੇ ਕੁਦਰਤ ਨੇ ਚੰਗਾ ਨਹੀਂ ਕੀਤਾ ਜੋ ਉਸ ਦਿਨ ਉਸ ਜਹਾਜ਼ 'ਚ ਸਫ਼ਰ ਕਰਨ ਵਾਸਤੇ ਸਵਾਰ ਹੋ ਗਏ ਸਨ। ਆਪਣਾ ਇਕ ਨਿੱਜੀ ਤਜਰਬਾ ਮੈਂ ਤੁਹਾਡੇ ਨਾਲ ਸਾਂਝਾ ਕਰਦਾ ਹਾਂ। ਮੇਰੇ ਪਿਤਾ ਜੀ ਭਾਰਤੀ ਸੈਨਾ ਵਿਚ ਇਕ ਆਮ ਫ਼ੌਜੀ ਸਨ। ਜਦੋਂ ਉਨ੍ਹਾਂ ਦੀ ਨੌਕਰੀ ਅਜੇ ਅੱਠ ਕੁ ਸਾਲ ਹੀ ਹੋਈ ਸੀ ਤਾਂ ਉਦੋਂ ਉਨ੍ਹਾਂ ਦੀ ਉਮਰ ਮੁਸ਼ਕਲ ਨਾਲ ਛੱਬੀ ਸਾਲ ਸੀ। ਉਨ੍ਹਾਂ ਦਾ ਵਿਆਹ ਹੋਇਆਂ ਅਜੇ ਇਕ ਸਾਲ ਹੀ ਹੋਇਆ ਸੀ। ਸਾਲਾਨਾ ਛੁੱਟੀ ਦੌਰਾਨ ਇਕ ਬੰਬ ਧਮਾਕੇ ਵਿਚ ਉਹ ਆਪਣਾ ਖੱਬਾ ਹੱਥ ਗੁਆ ਬੈਠੇ। ਉਸ ਵੇਲੇ ਸੈਨਾ ਦੇ ਕਾਨੂੰਨ ਮੁਤਾਬਕ ਜੇਕਰ ਫ਼ੌਜੀ ਦੀ ਨੌਕਰੀ ਦਸ ਸਾਲ ਤੋਂ ਘੱਟ ਹੋਵੇ ਤੇ ਉਸ ਦਾ ਛੁੱਟੀ ਦੌਰਾਨ ਹਾਦਸਾ ਹੋ ਜਾਵੇ, ਉਹ ਅੰਗਹੀਣ ਹੋ ਜਾਵੇ ਤਾਂ ਸੈਨਾ ਉਸ ਨੂੰ ਬਿਨਾਂ ਪੈਨਸ਼ਨ ਦਿੱਤਿਆਂ ਨੌਕਰੀ ਤੋਂ ਮੁਕਤ ਕਰ ਕੇ ਘਰ ਭੇਜ ਦਿੰਦੀ ਸੀ। ਸਾਡੇ ਪਿਤਾ ਜੀ ਨੂੰ ਬਿਨਾਂ ਪੈਨਸ਼ਨ ਦਿੱਤਿਆਂ ਘਰ ਲਈ ਰੁਖ਼ਸਤ ਕਰ ਦਿੱਤਾ ਗਿਆ। ਚੰਗੀ-ਭਲੀ ਜ਼ਿੰਦਗੀ ਵਿਚ ਭੂਚਾਲ ਆ ਗਿਆ। ਪਿਤਾ ਜੀ ਨੇ ਉਸ ਸਮੇਂ ਦੇ ਪ੍ਰਧਾਨ ਮੰਤਰੀਆਂ, ਸੈਨਾ ਮੁਖੀਆਂ ਤੇ ਹੋਰ ਸਬੰਧਤ ਮਹਿਕਮਿਆਂ ਨਾਲ ਆਪਣੀ ਪੈਨਸ਼ਨ ਦਾ ਰੇੜਕਾ ਦੋ ਦਹਾਕੇ ਲਗਾਈ ਰੱਖਿਆ ਪਰ ਕੋਈ ਗੱਲ ਨਹੀਂ ਬਣੀ। ਵੱਡਾ ਹੋ ਕੇ ਮੈਂ ਵੀ ਵਕੀਲਾਂ ਨੂੰ ਮਿਲਿਆ।



ਤੁਸੀਂ ਆਪਣਾ ਜਹਾਜ਼, ਬੱਸ ਜਾਂ ਰੇਲ ਗੱਡੀ ਖੁੰਝਾ ਬੈਠੇ। ਤੁਸੀਂ ਬਹੁਤ ਪਰੇਸ਼ਾਨ ਹੋ ਜਾਂਦੇ ਹੋ। ਆਪਣੀ ਕਿਸਮਤ ਨੂੰ ਕੋਸਦੇ ਹੋ ਕਿ ਤੁਹਾਡੇ ਨਾਲ ਇੰਜ ਕਿਉਂ ਹੋਇਆ ਹੈ ਪਰ ਥੋੜ੍ਹੀ ਦੇਰ ਬਾਅਦ ਖ਼ਬਰ ਆ ਜਾਂਦੀ ਹੈ ਕਿ ਉਸੇ ਵਾਹਨ ਨਾਲ ਦੁਰਘਟਨਾ ਵਾਪਰ ਗਈ ਹੈ। ਉਸ ਦੀਆਂ ਸਾਰੀਆਂ ਸਵਾਰੀਆਂ ਜਾਨ ਤੋਂ ਹੱਥ ਧੋ ਬੈਠੀਆਂ ਹਨ ਤਾਂ ਫਿਰ ਤੁਸੀਂ ਆਪਣੇ-ਆਪ ਨੂੰ ਭਾਗਾਂ ਵਾਲਾ ਕਹਿੰਦੇ ਹੋ। ਰੱਬ ਦਾ ਸ਼ੁਕਰੀਆ ਕਰਦੇ ਹੋ ਤੇ ਇਹ ਮੰਨਣ ਨੂੰ ਮਜਬੂਰ ਹੋ ਜਾਂਦੇ ਹੋ ਕਿ ਕੁਦਰਤ ਜੋ ਕਰਦੀ ਹੈ ਉਹ ਹਮੇਸ਼ਾ ਚੰਗਾ ਤੇ ਸਹੀ ਕਰਦੀ ਹੈ। ਤੁਹਾਨੂੰ ਕਹਿਣਾ ਪੈਂਦਾ ਹੈ ਕਿ ਤੇਰਾ ਭਾਣਾ ਮੀਠਾ ਲਾਗੇ।

ਸੈਨਾ 'ਤੇ ਕੇਸ ਕੀਤਾ ਪਰ ਅਦਾਲਤ ਨੇ ਵੀ ਪਿਤਾ ਜੀ ਨੂੰ ਪੈਨਸ਼ਨ ਦੇ ਯੋਗ ਨਹੀਂ ਸਮਝਿਆ। ਉਸ ਵੇਲੇ ਬਹੁਤ ਬੁਰਾ ਲੱਗਦਾ ਸੀ ਕਿ ਕੁਦਰਤ ਨੇ ਪਿਤਾ ਜੀ ਨਾਲ ਇੰਜ ਕਿਉਂ ਕੀਤਾ? ਉਨ੍ਹਾਂ ਨਾਲ ਹਾਦਸਾ ਕਿਉਂ ਹੋਇਆ? ਫਿਰ ਜਦੋਂ ਜ਼ਿੰਦਗੀ ਤੇ ਕੁਦਰਤ ਬਾਰੇ ਕੁਝ-ਕੁਝ ਸਮਝ ਆਉਣ ਲੱਗੀ ਤਾਂ ਸੋਚਿਆ ਕਿ ਜੇ ਪਿਤਾ ਜੀ ਦਾ ਹਾਦਸਾ ਨਾ ਹੁੰਦਾ ਤਾਂ ਸ਼ਾਇਦ ਉਹ ਸੂਬੇਦਾਰ ਆਦਿ ਬਣ ਕੇ ਸੈਨਾ ਤੋਂ ਸੇਵਾ ਮੁਕਤ ਹੁੰਦੇ। ਅਸੀਂ ਵੀ ਸ਼ਾਇਦ ਫ਼ੌਜ ਵਿਚ ਆਮ ਫ਼ੌਜੀ ਭਰਤੀ ਹੋ ਜਾਂਦੇ। ਆਪਣੇ ਜੀਵਨ ਵਿਚ ਜੋ ਮੁਕਾਮ ਅਸੀਂ ਹੁਣ ਹਾਸਲ ਕਰ ਸਕੇ ਹਾਂ, ਸ਼ਾਇਦ ਉਹ ਨਹੀਂ ਕਰ ਪਾਉਂਦੇ। ਮੈਂ ਸ਼ਾਇਦ ਪਿੰਡ ਵਿਚ ਹੀ ਜੀਵਨ ਗੁਜ਼ਾਰਦਾ। ਚੰਡੀਗੜ੍ਹ ਨਾ ਆ ਪਾਉਂਦਾ। ਸਾਹਿਤਕਾਰਾਂ, ਅਦਾਕਾਰਾਂ, ਬੁੱਧੀਜੀਵੀਆਂ ਤੇ ਪੱਤਰਕਾਰਾਂ ਦੀਆਂ ਮਹਿਫ਼ਲਾਂ ਵਿਚ ਸ਼ਾਮਲ ਨਾ ਹੋ ਪਾਉਂਦਾ। ਸ਼ਾਇਦ ਲਿਖਣ ਦੇ ਕਾਬਲ ਵੀ ਨਾ ਬਣ ਪਾਉਂਦਾ। ਭਰਾ ਡਾਕਟਰ ਨਾ ਬਣ ਪਾਉਂਦਾ। ਭੈਣਾਂ ਬਹੁਤਾ ਪੜ੍ਹ-ਲਿਖ ਨਾ ਪਾਉਂਦੀਆਂ। ਸਾਡੀ ਬੇਟੀ ਵਾਮਿਕਾ ਗੱਬੀ ਤੇ ਬੇਟਾ ਹਾਰਦਿਕ ਗੱਬੀ ਅਦਾਕਾਰੀ ਤੇ ਸੰਗੀਤ ਦੀ ਦੁਨੀਆ ਵਿਚ ਆਪਣੀਆਂ ਮੌਜੂਦਾ ਮੰਜ਼ਿਲਾਂ ਉੱਪਰ ਨਾ ਪਹੁੰਚ ਪਾਉਂਦੇ। ਸੋ, ਦੋਸਤੋ! ਮੈਂ ਤਾਂ ਕਹਿ ਸਕਦਾ ਹਾਂ ਕਿ ਜੀਵਨ ਵਿਚ ਜੋ ਕੁਝ ਹੁੰਦਾ ਹੈ, ਉਹ ਸ਼ਾਇਦ ਚੰਗਾ, ਸਹੀ ਤੇ ਸਾਡੇ ਭਲੇ ਵਾਸਤੇ ਹੀ ਹੁੰਦਾ ਹੈ ਪਰ ਮੇਰਾ ਇਹ ਕਥਨ ਆਖ਼ਰੀ ਸੱਚ ਨਹੀਂ ਹੋ ਸਕਦਾ ਕਿਉਂਕਿ ਹੋ ਸਕਦਾ ਹੈ ਕਿ ਜੇਕਰ ਮੈਂ ਵੀ ਸੈਨਾ ਵਿਚ ਚਲਾ ਜਾਂਦਾ ਤਾਂ ਅੱਜ ਭਾਰਤੀ ਸੈਨਾ ਦਾ ਮੁਖੀ ਹੁੰਦਾ। ਕੀ ਮੈਂ ਕੋਈ ਝੂਠ ਬੋਲਿਐ...?

# ਧਰਤੀ ਦੇ ਪੰਧ ਤੋਂ ਨਿਕਲ ਕੇ ਚੰਨ ਵੱਲ ਵਧਿਆ 'ਚੰਦਰਯਾਨ'

**ਬੈਂਗਲੁਰੂ-** 'ਆਪਣਾ ਯਾਨ' ਧਰਤੀ ਦੇ ਪੰਧ ਤੋਂ ਨਿਕਲ ਕੇ ਚੰਦਰਮੇ ਵੱਲ ਵਧ ਗਿਆ ਹੈ। ਧਰਤੀ ਦੇ ਪੰਧ ਤੋਂ ਚੰਦਰਮੇ ਦੇ ਪੰਧ ਵੱਲ ਯਾਨ ਨੂੰ ਲੈ ਕੇ ਜਾਣ ਦੀ ਪ੍ਰਕਿਰਿਆ ਨੂੰ ਮੰਗਲਵਾਰ ਤੜਕੇ ਪੂਰਾ ਕੀਤਾ ਗਿਆ। ਲਗਪਗ ਪੰਜ ਦਿਨਾਂ ਵਿਚ ਯਾਨ ਚੰਦਰਮੇ ਦੇ ਪੰਧ ਕੋਲ ਪਹੁੰਚ ਜਾਵੇਗਾ। ਇਸ ਤੋਂ ਪਹਿਲਾਂ ਯਾਨ ਨੇ ਧਰਤੀ ਦੇ ਵੱਖ-ਵੱਖ ਪੰਧਾਂ 'ਤੇ ਚੱਕਰ ਲਗਾਇਆ ਸੀ। ਪੰਜ ਵਾਰ ਇਸ ਦਾ ਪੰਧ ਬਦਲ ਗਿਆ ਸੀ। ਇਸਰੋ ਨੇ ਮੰਗਲਵਾਰ ਨੂੰ ਕਿਹਾ, ਇਸਰੋ ਨੇ ਪੁਲਾੜ ਯਾਨ ਨੂੰ ਟਰਾਂਸਲੂਨਰ ਪੰਧ 'ਚ ਸਥਾਪਤ ਕਰ ਦਿੱਤਾ ਹੈ। ਧਰਤੀ ਦੇ ਚਾਰੇ ਪਾਸੇ ਪਰਿਕਰਮਾ ਪੂਰੀ ਕਰ ਕੇ ਚੰਦਰਯਾਨ-3 ਚੰਦਰਮੇ ਵੱਲ ਵਧ ਰਿਹਾ ਹੈ, ਅਗਲਾ ਪੜਾਅ ਹੈ ਚੰਦਰਮਾ।




ਜਦੋਂ ਯਾਨ ਧਰਤੀ ਦੇ ਨੇੜਲੇ ਬਿੰਦੂ 'ਤੇ ਸੀ ਤਾਂ ਵਿਗਿਆਨੀਆਂ ਨੇ ਆਨਬੋਰਡ ਥ੍ਰਸਟਰਸ ਨੂੰ ਫਾਇਰ ਕਰ ਕੇ ਚੰਦਰਯਾਨ-3 ਨੂੰ ਟਰਾਂਸਲੂਨਰ ਪੰਧ 'ਚ ਪਹੁੰਚਾਇਆ ਜੋ ਇਸ ਨੂੰ ਧਰਤੀ ਦੇ ਪੰਧ ਤੋਂ ਬਾਹਰ ਲੈ ਗਿਆ। ਇਸਰੋ ਟੈਲੀਮੈਟਰੀ, ਟ੍ਰੈਕਿੰਗ ਅਤੇ ਕਮਾਂਡ ਨੈੱਟਵਰਕ (ਆਈਐੱਸਟੀਆਰਏਸੀ) ਨਾਲ ਇਹ ਪ੍ਰਕਿਰਿਆ ਪੂਰੀ ਕੀਤੀ ਗਈ। ਪੰਜ ਅਗਸਤ ਨੂੰ ਜਿਵੇਂ ਹੀ ਇਹ ਚੰਦਰਮਾ ਕੋਲ ਪੁੱਜੇਗਾ, ਲੂਨਰ ਆਰਬਿਟ ਇੰਸਰਸ਼ਨ (ਐੱਲਓਆਈ) ਦੀ ਪ੍ਰਕਿਰਿਆ ਪੂਰੀ ਕਰ ਕੇ ਯਾਨ ਨੂੰ ਚੰਦਰਮੇ ਦੇ ਪੰਧ 'ਚ ਪ੍ਰਵੇਸ਼ ਕਰਵਾਇਆ ਜਾਵੇਗਾ। ਇਸ ਤੋਂ ਬਾਅਦ ਚੰਦਰਮੇ ਦੇ ਪੰਧ 'ਚ ਚੱਕਰ ਲਗਾਉਂਦੇ ਹੋਏ ਹੌਲੀ-ਹੌਲੀ ਯਾਨ ਉਸ ਦੇ ਨੇੜਲੇ ਪੰਧ 'ਚ ਪਹੁੰਚੇਗਾ ਅਤੇ ਉਥੋਂ ਲੈਂਡਰ-ਰੋਵਰ ਚੰਦਰਮੇ ਦੀ ਸਤ੍ਹਾ ਵੱਲ ਵਧੇਗਾ। 40 ਦਿਨ ਦੇ ਸਫਰ ਤੋਂ ਬਾਅਦ 23 ਅਗਸਤ ਨੂੰ ਯਾਨ ਨਾਲ ਭੇਜਿਆ ਗਿਆ ਲੈਂਡਰ ਚੰਦਰਮੇ ਦੀ ਸਤ੍ਹਾ 'ਤੇ ਉੱਤਰੇਗਾ। 14 ਜੁਲਾਈ ਨੂੰ ਸ੍ਰੀਹਰਿਕੋਟਾ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਦੋ ਵੱਜ ਕੇ 35 ਮਿੰਟ 'ਤੇ ਚੰਦਰਯਾਨ-3 ਰਵਾਨਾ ਹੋਇਆ ਸੀ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮਰੀਕਾ ਦੇ ਮਿਸ਼ੀਗਨ ਰਾਜ ਵਿਚ ਅਣਪਛਾਤੇ ਵੱਲੋਂ ਕੀਤੀ ਗੋਲੀਬਾਰੀ ਵਿੱਚ 5 ਜ਼ਖਮੀ, 2 ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਮਿਸ਼ੀਗਨ ਰਾਜ ਦੇ ਸ਼ਹਿਰ ਲਾਂਸਿੰਗ ਦੇ ਇਕ ਸ਼ਾਪਿੰਗ ਸੈਂਟਰ ਦੀ ਪਾਰਕਿੰਗ ਵਿਚ ਅਣਪਛਾਤੇ ਵਿਅਕਤੀ ਵੱਲੋਂ ਚਲਾਈਆਂ ਗੋ-ਲੀਆਂ ਨਾਲ 5 ਵਿਅਕਤੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਅਧਿ-ਕਾਰੀਆਂ ਨੇ ਕਿਹਾ ਹੈ ਕਿ ਜ਼ਖ-ਮੀਆਂ ਵਿਚੋਂ 2 ਦੀ ਹਾਲਤ ਗੰਭੀਰ ਹੈ। ਗੋਲੀਬਾਰੀ ਦੀ ਘਟਨਾ ਅੱਧੀ ਰਾਤ ਤੋਂ ਬਾਅਦ 1 ਵਜੇ ਦੇ ਆਸ ਪਾਸ ਵਾਪਰੀ। ਲਾਂਸਿੰਗ ਪੁਲਿਸ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ ਜ਼ਖਮੀਆਂ ਦੀ ਉਮਰ 16 ਤੋਂ 26 ਸਾਲ ਦੇ ਦਰਮਿਆਨ ਹੈ ਜਿਨਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਪੁਲਿਸ ਨੇ ਮੌਕੇ ਤੋਂ ਹਥਿਆਰ ਬਰਾਮਦ ਕੀਤੇ ਹਨ ਪਰੰਤੂ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ। ਕੁਝ ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਗਿਆ ਹੈ। ਇਹ ਵੀ ਨਹੀਂ ਪਤਾ ਲੱਗ ਸਕਿਆ ਕਿ ਗੋਲੀਬਾਰੀ ਦੀ ਘਟਨਾ ਨੂੰ ਅੰਜਾਮ ਦੇਣ ਵਾਲਾ ਵਿਅਕਤੀ ਇਕ ਸੀ ਜਾਂ ਇਕ ਤੋਂ ਵਧ ਸਨ। ਪੁਲਿਸ ਨੇ ਮਾਮਲੇ ਦੀ ਜਾਂਚ ਵਿਚ ਆਮ ਲੋਕਾਂ ਨੂੰ ਮੱਦਦ ਕਰਨ ਲਈ ਕਿਹਾ ਹੈ।



# ਕੈਲੀਫੋਰਨੀਆ ਦੇ ਹਵਾਈ ਅੱਡੇ 'ਤੇ ਛੋਟਾ ਜਹਾਜ਼ ਉਡਾਣ ਭਰਨ ਸਮੇ ਹੋਇਆ ਤਬਾਹ, 3 ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੇ ਇਕ ਹਵਾਈ ਅੱਡੇ 'ਤੇ ਉਡਾਣ ਭਰਨ ਸਮੇ ਇਕ ਛੋਟਾ ਜਹਾਜ਼ ਤਬਾਹ ਹੋਣ ਦੀ ਖਬਰ ਹੈ। ਪਾਇਲਟ ਸਮੇਤ ਜਹਾਜ਼ ਵਿਚ ਸਵਾਰ ਸਾਰੇ 3 ਵਿਅਕਤੀ ਮਾਰੇ ਗਏ। ਫੈਡਰਲ ਐਵੀਏਸ਼ਨ ਅਧਿਕਾਰੀਆਂ ਅਨੁਸਾਰ ਇਕ ਇੰਜਣ ਵਾਲਾ ਬੀਚਕਰਾਫਟ ਪੀ 35 ਅਪਲੈਂਡ ਸ਼ਹਿਰ ਦੇ ਕੇਬਲ ਏਅਰਪੋਰਟ 'ਤੇ ਸਵੇਰੇ 6.30 ਵਜੇ ਦੇ ਆਸ ਪਾਸ ਉਡਾਣ ਭਰਨ ਦੇ ਤੁਰੰਤ ਬਾਅਦ ਤਬਾਹ ਹੋ ਗਿਆ। ਸੈਨ ਬਰਨਾਰਡਿਨੋ ਕਾਊਂਟੀ ਫਾਇਰ ਵਿਭਾਗ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਹਾਦਸੇ ਦੇ ਕਾਰਨਾਂ ਬਾਰੇ ਤੁਰੰਤ ਪਤਾ ਨਹੀਂ ਲੱਗ ਸਕਿਆ। ਸੰਘੀ ਹਵਾਬਾਜ਼ੀ ਅਧਿਕਾਰੀਆਂ ਨੇ ਕਿਹਾ ਹੈ ਕਿ ਹਾਦਸੇ ਦੀ ਜਾਂਚ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਕਰੇਗਾ। ਕੈਲੀਫੋਰਨੀਆ ਦਾ ਅਪਲੈਂਡ ਸ਼ਹਿਰ ਲਾਸ ਏਂਜਲਸ ਦੇ ਪੂਰਬ ਵਿਚ ਤਕਰੀਬਨ 36 ਮੀਲ ਦੂਰ ਸਥਿੱਤ ਹੈ। ਕੈਪਸ਼ਨ ਛੋਟੇ ਹਵਾਈ ਜਹਾਜ਼ ਨੂੰ ਪੇਸ਼ ਆਏ ਹਾਦਸੇ ਉਪਰੰਤ ਮੌਕੇ 'ਤੇ ਅੱਗ ਬੁਝਾਊ ਵਿਭਾਗ ਦੇ ਮੁਲਾਜ਼ਮ ਰਾਹਤ ਕਾਰਜਾਂ ਵਿਚ ਲੱਗੇ ਹੋਏ ਨਜਰ ਆ ਰਹੇ ਹਨ।



# ਰੌਲੇ-ਰੱਪੇ ਦਰਮਿਆਨ ਦਿੱਲੀ ਸੇਵਾਵਾਂ ਬਿੱਲ ਲੋਕ ਸਭਾ 'ਚ ਪੇਸ਼

(ਸਫਾ 1 ਦੀ ਬਾਕੀ)

ਤੇ ਉਨ੍ਹਾਂ ਬਿੱਲ 'ਤੇ ਉਜ਼ਰ ਜਤਾਉਂਦਿਆਂ ਸਦਨ ਦੀ ਮੇਜ਼ 'ਤੇ ਰੱਖੇ ਪੇਪਰ ਫਾੜ ਦਿੱਤੇ। ਸਦਨ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ, ''ਸਾਡਾ ਸੰਵਿਧਾਨ ਸੰਸਦ ਨੂੰ ਦਿੱਲੀ ਬਾਰੇ ਕਾਨੂੰਨ ਬਣਾਉਣ ਦੀ ਇਜਾਜ਼ਤ ਦਿੰਦਾ ਹੈ। ਬਿੱਲ ਦੇ ਵਿਰੋਧ ਦਾ ਕੋਈ ਸੰਵਿਧਾਨਕ ਅਧਾਰ ਨਹੀਂ ਹੈ ਤੇ ਇਹ ਸਿਆਸਤ ਤੋਂ ਪ੍ਰੇਰਿਤ ਹੈ। ਸੰਵਿਧਾਨਕ ਪ੍ਰਕਿਰਿਆ ਵਿੱਚ ਇਸ ਬਿੱਲ ਦੇ ਵਿਰੋਧ ਦਾ ਕੋਈ ਕਾਰਨ ਨਹੀਂ ਹੈ।'' ਗ੍ਰਹਿ ਮੰਤਰੀ ਨੇ ਜਵਿੰ ਹੀ ਬਿੱਲ ਬਾਰੇ ਬੋਲਣਾ ਸ਼ੁਰੂ ਕੀਤਾ ਤਾਂ ਲੋਕ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਇਕੋ ਇਕ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਜੋ ਮੌਕੇ ਦੀ ਉਡੀਕ ਵਿੱਚ ਸਨ, ਸਦਨ ਦੇ ਐਨ ਵਿਚਾਲੇ ਆ ਗਏ। ਵਿਰੋਧੀ ਧਿਰਾਂ ਵੱਲੋਂ ਸਰਕਾਰ ਖਿਲਾਫ਼ ਕੀਤੀ ਜਾ ਰਹੀ ਨਾਅਰੇਬਾਜ਼ੀ ਦਰਮਿਆਨ ਰਿੰਕੂ ਨੇ ਕਿਹਾ, ''ਮੈਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆ...ਇਹ ਜਮਹੂਰੀਅਤ ਦਾ ਕਤਲ ਹੈ...ਤੁਸੀਂ ਭੀਮ ਰਾਓ ਅੰਬੇਦਕਰ ਦਾ ਅਪਮਾਨ ਕਰ ਰਹੇ ਹੋ।'' ਰੌਲੇ-ਰੱਪੇ ਦਰਮਿਆਨ ਰਿੰਕੂ ਤੇ ਕਾਂਗਰਸੀ ਮੈਂਬਰ ਟੀ.ਐੱਨ.ਪ੍ਰਤਾਪਨ ਚੇਅਰ ਅੱਗੇ ਪੇਪਰ ਸੁੱਟਦੇ ਵੀ ਨਜ਼ਰ ਆਏ। ਸਪੀਕਰ ਓਮ ਬਿਰਲਾ ਨੇ ਕਿਹਾ ਕਿ ਹਰੇਕ ਨੂੰ ਬੋਲਣ ਦਾ ਮੌਕਾ ਦਿੱਤਾ ਜਾਵੇਗਾ। ਉਨ੍ਹਾਂ ਵਿਰੋਧੀ ਧਿਰਾਂ ਦੇ ਮੈਂਬਰਾਂ ਨੂੰ ਉਨ੍ਹਾਂ ਦੇ ਰਵੱਈਏ ਲਈ ਫਟਕਾਰ ਵੀ ਲਾਈ। ਬਿਰਲਾ ਨੇ ਕਿਹਾ, ''ਅਜਿਹਾ ਵਤੀਰਾ ਠੀਕ ਨਹੀਂ ਹੈ। ਸਾਰਾ ਦੇਸ਼ ਵੇਖ ਰਿਹਾ ਹੈ।'' ਕਾਬਿਲੇਗੌਰ ਹੈ ਕਿ ਵਿਰੋਧੀ ਧਿਰਾਂ ਮੌਨਸੂਨ ਇਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਸ ਮਸਲੇ ਖਿਲਾਫ਼ ਰੋਸ ਪ੍ਰਦਰਸ਼ਨ ਕਰ ਰਹੀਆਂ ਸਨ।

ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਅਧੀਰ ਰੰਜਨ ਚੌਧਰੀ ਨੇ ਕਿਹਾ, ''ਇਹ ਬਿੱਲ ਰਾਜਾਂ ਦੇ ਖੇਤਰ 'ਤੇ ਸਰਕਾਰ ਦੀ ਘੋਰ ਉਲੰਘਣਾ ਨੂੰ ਦਰਸਾਉਂਦਾ ਹੈ। ਇਹ ਸਹਿਕਾਰੀ ਸੰਘਵਾਦ ਲਈ ਕਬਰਿਸਤਾਨ ਖੋਦਣ ਲਈ ਤਿਆਰ ਕੀਤਾ ਗਿਆ ਹੈ। ਇਸ ਦਾ ਮੁੱਖ ਮੰਤਵ ਦਿੱਲੀ ਸਰਕਾਰ ਦੀਆਂ ਸ਼ਕਤੀਆਂ 'ਤੇ ਰੋਕ ਲਗਾਉਣਾ ਹੈ। ਕੇਂਦਰ ਇਸ ਪੇਸ਼ਕਦਮੀ ਰਾਹੀਂ ਜਮਹੂਰੀਅਤ ਨੂੰ ਕਮਜ਼ੋਰ ਕਰਨਾ ਚਾਹੁੰਦਾ ਹੈ।'' ਆਰਐੱਸਪੀ ਆਗੂ ਪੀ.ਕੇ.ਪ੍ਰੇਮਚੰਦਰਨ ਨੇ ਕਿਹਾ ਕਿ ਬਿੱਲ ਦਾ ਵਿਰੋਧ ਕਰਨ ਦੇ ਉਨ੍ਹਾਂ ਦੇ ਤਿੰਨ ਆਧਾਰ ਹਨ। ਉਨ੍ਹਾਂ ਕਿਹਾ, ''ਮੈਂ ਇਹ ਬਿੱਲ ਸਦਨ ਵਿੱਚ ਰੱਖਣ ਲਈ ਸਰਕਾਰ ਦੀ ਵਿਧਾਨਕ ਯੋਗਤਾ 'ਤੇ ਸਵਾਲ ਕਰ ਰਿਹਾ ਹਾਂ। ਇਹ ਭਾਰਤ ਦੇ ਸੰਵਿਧਾਨ ਵਿਚਲੇ ਸੰਘਵਾਦ ਦੇ ਸਿਧਾਂਤਾਂ ਦੇ ਖਿਲਾਫ਼ ਹੈ। ਦਿੱਲੀ ਦੀ ਚੁਣੀ ਹੋਈ ਸਰਕਾਰ ਦਾ ਅਫਸਰਸ਼ਾਹੀ 'ਤੇ ਕੰਟਰੋਲ ਨਾ ਹੋਣ ਦਾ ਮਤਲਬ ਦਿੱਲੀ ਵਿਚ ਹੀ ਸਰਕਾਰ ਦਾ ਨਾ ਹੋਣਾ ਹੋਵੇਗਾ।''

ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਪ੍ਰੇਮਚੰਦਰਨ ਨੂੰ ਜਵਾਬ ਦਿੰਦਿਆਂ ਕਿਹਾ ਕਿ ਸੰਸਦ ਬਿੱਲ ਪਾਸ ਕਰਨ ਦੇ 'ਪੂਰੀ ਤਰ੍ਹਾਂ ਸਮਰੱਥ' ਹੈ। ਜੋਸ਼ੀ ਨੇ ਕਿਹਾ, ''ਜੇਕਰ ਉਹ ਬਿੱਲ ਦੇ ਗੁਣ-ਦੋਸ਼ਾਂ ਬਾਰੇ ਗੱਲ ਕਰਨਾ ਚਾਹੁੰਦੇ ਹਨ ਤਾਂ ਉਹ ਇਸ 'ਤੇ ਹੋਣ ਵਾਲੀ ਚਰਚਾ ਵਿੱਚ ਸ਼ਾਮਲ ਹੋਣ।'' ਏਆਈਐੱਮਆਈਐੱਮ ਦੇ ਪ੍ਰਧਾਨ ਤੇ ਸੰਸਦ ਮੈਂਬਰ ਅਸਦੂਦੀਨ ਓਵਾਇਸੀ ਨੇ ਕਿਹਾ ਕਿ ਇਕ ਸਧਾਰਨ ਬਿੱਲ ਨਾਲ ਸੰਵਿਧਾਨ ਵਿੱਚ ਸੋਧ ਨਹੀਂ ਕੀਤੀ ਜਾ ਸਕਦੀ।

ਉਨ੍ਹਾਂ ਕਿਹਾ ਕਿ ਬਿੱਲ ਧਾਰਾ 123 ਦੀ ਉਲੰਘਣਾ ਹੈ। ਓਵਾਇਸੀ ਨੇ ਕਿਹਾ, ''ਇਹ ਸ਼ਕਤੀਆਂ ਦੀ ਵੰਡ ਦੇ ਸਿਧਾਂਤ ਦੀ ਉਲੰਘਣਾ ਹੈ, ਅਤੇ ਇਹ 2018 ਵਿੱਚ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਬੈਂਚ ਦਾ ਫੈਸਲਾ ਹੈ, ਇਸ ਲਈ ਮੈਂ ਕਹਿ ਰਿਹਾ ਹਾਂ ਕਿ ਸਦਨ ਕੋਲ ਇਸ ਬਿੱਲ ਲਈ ਵਿਧਾਨਕ ਯੋਗਤਾ ਨਹੀਂ ਹੈ ਅਤੇ ਇਸ ਲਈ ਮੈਂ ਵਿਰੋਧ ਕਰ ਰਿਹਾ ਹਾਂ।''

ਟੀਐੱਮਸੀ ਸੰਸਦ ਮੈਂਬਰ ਸੌਗਾਤਾ ਰੌਏ ਨੇ ਕਿਹਾ ਕਿ ਬਿੱਲ ਸਰਕਾਰ ਦੀ ਵਿਧਾਨਕ ਯੋਗਤਾ ਤੋਂ ਬਾਹਰ ਹੈ। ਰੌਏ ਨੇ ਕਿਹਾ, ''ਸੁਪਰੀਮ ਕੋਰਟ ਨੇ ਇਕ ਫੈਸਲਾ ਦਿੱਤਾ ਤੇ ਹੁਣ ਉਸ ਫੈਸਲੇ ਨੂੰ ਪਲਟਾਉਣ ਲਈ ਇਹ ਬਿੱਲ ਲਿਆਂਦਾ ਗਿਆ ਹੈ। ਇਹ ਸੰਵਿਧਾਨ ਤਹਿਤ ਦਿੱਲੀ ਸਰਕਾਰ ਨੂੰ ਮਿਲੀਆਂ ਵਿਧਾਨਕ ਸ਼ਕਤੀਆਂ ਨੂੰ ਰੱਦ ਕਰਨ ਵਾਂਗ ਹੈ।''

ਕਾਂਗਰਸ ਆਗੂ ਸ਼ਸ਼ੀ ਥਰੂਰ ਨੇ ਵੀ ਵਿਧਾਨਕ ਸਮਰੱਥਾ ਦੇ ਹਵਾਲੇ ਨਾਲ ਬਿੱਲ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ, ''ਇਹ ਬਿੱਲ ਦਿੱਲੀ ਐੱਨਸੀਟੀ ਨੂੰ ਕਮਜ਼ੋਰ ਕਰਨ ਤੇ ਪ੍ਰਤੀਨਿਧ ਜਮਹੂਰੀਅਤ ਦੇ ਸਿਧਾਂਤ ਦੀ ਉਲੰਘਣਾ ਹੈ।''

ਕਾਬਿਲੇਗੌਰ ਹੈ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਮੋਦੀ ਸਰਕਾਰ ਵੱਲੋਂ ਲਿਆਂਦੇ ਆਰਡੀਨੈਂਸ ਨੂੰ ਸੁਪਰੀਮ ਕੋਰਟ ਵਿਚ ਵੀ ਚੁਣੌਤੀ ਦਿੱਤੀ ਹੈ। ਇਹੀ ਨਹੀਂ ਕੇਜਰੀਵਾਲ ਨੇ ਸੰਸਦ ਵਿੱਚ ਬਿੱਲ ਖਿਲਾਫ਼ ਹਮਾਇਤ ਜੁਟਾਉਣ ਲਈ ਕਈ ਵਿਰੋਧੀ ਪਾਰਟੀਆਂ ਤੱਕ ਵੀ ਰਾਬਤਾ ਕੀਤਾ ਹੈ, ਤਾਂ ਕਿ ਰਾਜ ਸਭਾ ਵਿੱਚ ਬਿੱਲ ਨੂੰ ਪਾਸ ਹੋਣ ਤੋਂ ਰੋਕਿਆ ਜਾ ਸਕੇ, ਜਿੱਥੇ ਸੱਤਾਧਾਰੀ ਐੱਨਡੀਏ ਗੱਠਜੋੜ ਕੋਲ ਨੰਬਰਾਂ ਦੀ ਘਾਟ ਹੈ। ਲੋਕਾ ਸਭਾ ਵਿੱਚ ਐੱਨਡੀਏ ਕੋਲ 330 ਤੋਂ ਵੱਧ ਮੈਂਬਰਾਂ ਦੀ ਹਮਾਇਤ ਹੈ।

ਰਾਜ ਸਭਾ ਵਿੱਚ ਬੀਜੇਡੀ, ਵਾਈਐੱਸਆਰ ਕਾਂਗਰਸ ਤੇ ਕੁਝ ਨਾਮਜ਼ਦ ਤੇ ਆਜ਼ਾਦ ਮੈਂਬਰਾਂ ਦੇ ਸਹਿਯੋਗ ਨਾਲ ਸਰਕਾਰ ਇਸ ਬਿੱਲ ਨੂੰ ਪਾਸ ਕਰਵਾ ਸਕਦੀ ਹੈ। ਬੀਜੇਡੀ ਤੇ ਵਾਈਐੱਸਆਰ ਪਹਿਲਾਂ ਹੀ ਬਿੱਲ ਦੀ ਹਮਾਇਤ ਦਾ ਐਲਾਨ ਕਰ ਚੁੱਕੇ ਹਨ। ਇਕ ਸੀਨੀਅਰ ਆਗੂ ਨੇ ਕਿਹਾ ਕਿ 26 ਪਾਰਟੀਆਂ ਦੀ ਸ਼ਮੂਲੀਅਤ ਵਾਲੇ ਗੱਠਜੋੜ 'ਇੰਡੀਆ' ਦੇ ਕਰੀਬ 109 ਸੰਸਦ ਮੈਂਬਰ ਅਤੇ ਕਪਿਲ ਸਿੱਬਲ ਜਿਹੇ ਕੁਝ ਆਜ਼ਾਦ ਮੈਂਬਰ ਬਿੱਲ ਦੇ ਖਿਲਾਫ਼ ਵੋਟ ਪਾ ਸਕਦੇ ਹਨ। ਹਾਲਾਂਕਿ ਇਹ 120 ਦੇ ਅੰਕੜੇ ਤੋਂ ਕਿਤੇ ਦੂਰ ਹੈ ਕਿਉਂਕਿ ਰਾਜ ਸਭਾ ਵਿੱਚ ਕੁੱਲ 243 ਸੀਟਾਂ ਹਨ, ਪਰ ਕੁਝ ਅਸਾਮੀਆਂ ਖਾਲੀ ਹੋਣ ਕਰਕੇ ਮੌਜੂਦਾ ਸਮੇਂ ਇਹ ਗਿਣਤੀ 238 ਹੈ।

### ਦਿੱਲੀ ਆਰਡੀਨੈਂਸ 'ਤੇ ਕਾਂਗਰਸ 'ਚ ਹੀ ਦਰਾਰ

ਦਿੱਲੀ ਆਰਡੀਨੈਂਸ ਬਿੱਲ 'ਤੇ ਕਾਂਗਰਸ ਨੇਤਾ ਸੰਦੀਪ ਦੀਕਸ਼ਿਤ ਦਾ ਕਹਿਣਾ ਹੈ, "ਲੋਕ ਸਭਾ 'ਚ ਭਾਜਪਾ ਦਾ ਬਹੁਮਤ ਹੈ, ਇਸ ਬਿੱਲ ਨੂੰ ਸਦਨ 'ਚ ਪਾਸ ਕੀਤਾ ਜਾਣਾ ਚਾਹੀਦਾ ਹੈ। ਇਹ ਬਿੱਲ ਦਿੱਲੀ ਦੀ ਸਥਿਤੀ ਮੁਤਾਬਕ ਹੈ। ਜੇਕਰ ਤੁਸੀਂ ਦਿੱਲੀ ਨੂੰ ਅਧਿਕਾਰ ਦੇਣਾ ਚਾਹੁੰਦੇ ਹੋ, ਤਾਂ ਇਹ ਪੂਰਾ ਹੋ ਗਿਆ ਹੈ। "ਰਾਜ ਬਣਾਇਆ ਜਾਣਾ ਚਾਹੀਦਾ ਹੈ। ਮੇਰੀ ਰਾਏ ਵਿੱਚ ਇਸ ਬਿੱਲ ਦਾ ਵਿਰੋਧ ਕਰਨਾ ਗਲਤ ਹੈ।"

### ਆਰਡੀਨੈਂਸ ਖ਼ਿਲਾਫ਼ 'ਆਪ' ਸੁਪਰੀਮ ਕੋਰਟ ਪਹੁੰਚੀ

ਆਮ ਆਦਮੀ ਪਾਰਟੀ ਨੇ ਕੇਂਦਰ ਦੇ ਇਸ ਆਰਡੀਨੈਂਸ 'ਤੇ ਸਖ਼ਤ ਇਤਰਾਜ਼ ਜਤਾਇਆ ਹੈ ਅਤੇ ਇਸ ਵਿਰੁੱਧ ਸੁਪਰੀਮ ਕੋਰਟ ਵੀ ਪਹੁੰਚੀ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਬਿੱਲ ਦੇ ਖਿਲਾਫ ਸਾਰੀਆਂ ਵਿਰੋਧੀ ਪਾਰਟੀਆਂ ਦਾ ਸਮਰਥਨ ਮੰਗਿਆ ਸੀ, ਜਿਸ ਤੋਂ ਬਾਅਦ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਵੀ ਆਰਡੀਨੈਂਸ ਦੇ ਖਿਲਾਫ ਆ ਗਈਆਂ ਹਨ।

### ਕੇਜਰੀਵਾਲ ਨੇ ਧੰਨਵਾਦ ਕੀਤਾ

ਮਲਿਕਾਰਜੁਨ ਖੜਗੇ ਅਤੇ ਸਾਰੇ ਕਾਂਗਰਸੀ ਨੇਤਾਵਾਂ ਨੇ ਬਿਲ ਦੇ ਖ਼ਿਲਾਫ਼ ਅਰਵਿੰਦ ਕੇਜਰੀਵਾਲ ਦਾ ਸਮਰਥਨ ਕੀਤਾ ਸੀ, ਜਿਸ ਤੋਂ ਬਾਅਦ ਕੇਜਰੀਵਾਲ ਨੇ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਇੰਨਾ ਹੀ ਨਹੀਂ, ਇਸ ਤੋਂ ਬਾਅਦ ਹੀ ਕੇਜਰੀਵਾਲ ਨੇ ਕੇਜਰੀਵਾਲ ਇੰਡੀਆ ਗਰੁੱਪ ਦੀ ਮੀਟਿੰਗ 'ਚ ਸ਼ਿਰਕਤ ਕੀਤੀ।


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS



Call: 707-228-2020,
Fax: 707-260-2813

Lic #0144676
www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



# “ਤੀਆਂ ਫਿਸਟੀਵਲ 2023” ਦੌਰਾਨ ਰੈਜੇਂਸੀ ਕਲੋਵਸ ‘ਤੇ ਲੱਗੀਆਂ ਖ਼ੂਬ ਰੌਣਕਾਂ









**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਪੰਜਾਬੀ ਸੱਭਿਆਚਾਰ ਦਿਨਾਂ-ਤਿਉਹਾਰਾਂ ਅਤੇ ਰੀਤਾਂ-ਰਸਮਾਂ ਨਾਲ ਭਰਿਆਂ ਪਿਆ ਅਮੀਰ ਸੱਭਿਆਚਾਰ ਹੈ। ਜਿਸ ਵਿੱਚ ਹਰ ਤਿਉਹਾਰ ਨੂੰ ਮਨਾਉਣ ਦੇ ਆਪਣੇ-ਆਪਣੇ ਚਾਅ ਮਲਾਰ ਹਨ। ਬੇਸੱਕ ਪੰਜਾਬ ਵਿੱਚੋਂ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਬਹੁਤ ਸਾਰੇ ਦਿਨ ਤਿਉਹਾਰ ਘੱਟਦੇ ਜਾ ਰਹੇ ਹਨ, ਪਰ ਪੰਜਾਬੀਆਂ ਦੇ ਵਿਦੇਸ਼ਾਂ ਵਿੱਚ ਜਾਣ ਨਾਲ ਇਹ ਤਿਉਹਾਰ ਵੀ ਵੱਖ-ਵੱਖ ਦੇਸ਼ਾਂ ਵਿੱਚ ਚਲੇ ਗਏ। ਜਿੱਥੇ ਸਮੁੱਚਾ ਭਾਈਚਾਰਾ ਇੰਨਾਂ ਤਿਉਹਾਰਾਂ ਨੂੰ ਰਲ ਮਿਲ ਮਨਾਉਂਦਾ ਹੈ। ਇਸੇ ਲੜੀ ਅਧੀਨ ਫਰਿਜ਼ਨੋ ਦੇ ਨਾਲ ਲਗਦੇ ਸ਼ਹਿਰ ਕਲੋਵਿਸ ਦੇ ‘ਰੀਜੈਂਸੀ ਈਵੈਂਟ ਸੈਂਟਰ’ ਵਿੱਚ ‘ਤੀਆਂ ਫਿਸ਼ਟੀਵਲ 2023’ ਬੜੀ ਸ਼ਾਨੋ-ਸੌਕਤ ਨਾਲ ਖੁੱਲੇ ਪਾਰਟੀ ਹਾਲ ਵਿੱਚ ਮਨਾਇਆ ਗਿਆ। ਜਿੱਥੇ ਰੰਗ-ਬਰੰਗੇ ਸੂਟ, ਫੁੱਲਕਾਰੀਆਂ ਅਤੇ ਗਹਿਣਿਆਂ ਨਾਲ ਸੱਜ-ਧੱਜ ਕੇ ਆਈਆਂ ਮੁਟਿਆਰਾਂ, ਬੱਚੀਆਂ, ਭੈਣਾਂ ਬੀਬੀਆਂ ਨੇ ਭਾਰੀ ਇਕੱਠ ਵਿੱਚ ਇਸ ਪ੍ਰੋਗਰਾਮ ਦੀ ਸ਼ਾਨ ਨੂੰ ਵਧਾਇਆ। ਇਹ ਪ੍ਰੋਗਰਾਮ ਸਿਰਫ ਔਰਤਾਂ ਲਈ ਹੋਣ ਕਰਕੇ, ਇਸ ਪ੍ਰੋਗਰਾਮ ਵਿੱਚ ਮਰਦਾਂ ਦੇ ਆਉਣ ਦੀ ਮਨਾਹੀ ਸੀ। ਇਸ ਪ੍ਰੋਗਰਾਮ ਵਿੱਚ ਬੱਚੀਆਂ, ਭੈਣਾਂ ਅਤੇ ਬੀਬੀਆਂ ਨੇ ਜਿੱਥੇ ਗਿੱਧੇ, ਗੀਤ ਅਤੇ ਹੋਰ ਡਾਂਸ ਦਾ ਪ੍ਰਦਰਸ਼ਨ ਕੀਤਾ, ਉੱਥੇ ਲੱਗੇ ਬਹੁਤ ਸਾਰੇ ਬੂਥਾਂ ਤੋਂ ਗਹਿਣੇ-ਗੱਟੇ, ਕੱਪੜੇ, ਪੰਜਾਬੀ ਜੁੱਤੀਆਂ ਅਤੇ ਹੋਰ ਵਸਤਾਂ ਵੀ ਖਰੀਦੀਆਂ। ਇਸੇ ਖਾਣੇ ਦੇ ਲੱਗੇ ਸਟਾਲ ਤੋਂ ਵੀ ਮਨਪਸੰਦ ਖਾਣੇ ਖਰੀਦ ਕੇ ਖਾਧੇ। ਇਸ ਸਮੇਂ ਬਹੁਤ ਸਾਰੇ ਰੈਂਫਲ ਵੀ ਕੱਢੇ ਗਏ। ਹਿੱਸਾ ਲੈਣ ਵਾਲੀਆ ਔਰਤਾਂ ਅਤੇ ਬੱਚੀਆਂ ਨੂੰ ਮਾਣ-ਸਨਮਾਨ ਵੀ ਦਿੱਤਾ ਗਿਆ। ਪ੍ਰੋਗਰਾਮ ਦੌਰਾਨ ਰਾਜ ਸੋਢੀ ਅਤੇ ਰਾਜਪਾਲ ਬਰਾੜ ਆਦਿਕ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ। ਇਸ ਸਮੁੱਚੇ ਪ੍ਰੋਗਰਾਮ ਨੂੰ ਕੁਲਵੀਰ ਸੇਖੋਂ ਅਤੇ ਫਿਲਮੀ ਅਦਾਕਾਰਾ ਕਿਮੀ ਵਰਮਾ ਨੇ ਬਾਖ਼ੂਬੀ ਹੋਸ਼ਟ ਕੀਤਾ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਹਰ ਇਕ ਨੇ ਵੱਧ ਕੇ ਹਿੱਸਾ ਪਾਇਆ। ਜਿੰਨ੍ਹਾਂ ਵਿੱਚ ਪ੍ਰਮੁੱਖ ਤੌਰ ‘ਤੇ ਕਮਲ ਗਿੱਲ, ਕੁਲਵੀਰ ਸੇਖੋਂ, ਰਚਨਾਂ ਗਾਂਧੀ, ਰਾਣੀ ਗਿੱਲ ਆਦਿਕ ਦੇ ਨਾਂ ਵਰਨਣਯੋਗ ਹਨ। ਇਸ ਤੋਂ ਇਲਾਵਾ ਰੀਜੈਂਸੀ ਈਵੈਂਟ ਸੈਂਟਰ ਦੇ ਸੰਚਾਲਕ ਅਜੀਤ ਸਿੰਘ ਗਿੱਲ ਵਧਾਈ ਦੇ ਪਾਤਰ ਹਨ। ਜਿੰਨ੍ਹਾਂ ਨੇ ਸਮੂੰਹ ਪ੍ਰਬੰਧਾਂ ਨੂੰ ਨੇਪਰੇ ਚਾੜਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਅੰਤ ਗਿੱਧੇ, ਗੀਤ-ਸੰਗੀਤ ਅਤੇ ਲੱਗੇ ਵੱਖ-ਵੱਖ ਸਟਾਲਾਂ ਦੇ ਰੰਗਾਂ ਵਿੱਚ ਰੰਗਿਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# .ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਨੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਸੁਨਾਮ ਊਧਮ ਸਿੰਘ ਵਾਲਾ (ਦਲਜੀਤ ਕੌਰ)–** ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਵੱਲੋ ਅੱਜ ਸ਼ਹੀਦ ਊਧਮ ਸਿੰਘ ਦੇ ਜੱਦੀ ਘਰ ਅੱਗੇ ਉਹਨਾਂ ਦਾ ਸ਼ਹੀਦੀ ਦਿਹਾੜਾ ਮੰਨਾਇਆ ਗਿਆ। ਮੰਚ ਆਗੂਆਂ ਨੇ ਸ਼ਹੀਦ ਦੀ ਕੁਰਬਾਨੀ ਨੂੰ ਯਾਦ ਕੀਤਾ। ਮੰਚ ਮੈਂਬਰਾਂ ਨੈਬ ਸਿੰਘ ਰਟੋਲਾ, ਗੁਰਮੀਤ ਸਿੰਘ, ਤਾਰਾ ਸਿੰਘ ਨੇ ਸ਼ਹੀਦ ਦੀ ਯਾਦ ਵਿੱਚ ਗੀਤ ਸੁਣਾਏ।



ਇਸ ਮੌਕੇ ਮੰਚ ਆਗੂ ਰਾਮ ਸਰੂਪ ਢੈਪਈ ਨੇ ਕਿਹਾ ਕਿ ਮੰਚ ਲਗਾਤਾਰ ਸ਼ਹੀਦ ਦੀ ਜ਼ਿੰਦਗੀ ਬਾਰੇ ਸਹੀ ਤੱਥ ਲੋਕਾਂ ਤੱਕ ਲੈਕੇ ਜਾ ਰਿਹਾ ਹੈ। ਮੰਚ ਵੱਲੋ 25 ਜੁਲਾਈ ਤੋ 31 ਜੁਲਾਈ ਤੱਕ ਸ਼ਹੀਦ ਦੀ ਸਹੀ ਸੋਚ ਲੈਕੇ ਜਾਣ ਲਈ ਕਈ ਸਕੂਲਾਂ ਤੇ ਹੋਰ ਸੰਸਥਾਵਾਂ ਤੱਕ ਪਹੁੰਚ ਕੀਤੀ ਗਈ। ਇਸ ਮੁਹਿੰਮ ਦੌਰਾਨ ਮੰਚ ਵੱਲੋਂ ਕਰੀਬ 10 ਹਜ਼ਾਰ ਲੋਕਾਂ ਤੱਕ ਸ਼ਹੀਦ ਦੀ ਸਹੀ ਸੋਚ ਬਾਰੇ ਗੱਲ ਪਹੁੰਚਦੀ ਕੀਤੀ ਗਈ।

ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦੇ ਪ੍ਰਧਾਨ ਰਾਕੇਸ਼ ਕੁਮਾਰ ਨੇ ਕਿਹਾ ਅਸੀਂ ਮੰਚ ਵੱਲੋਂ ਸ਼ਹੀਦ ਊਧਮ ਸਿੰਘ ਦੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਨੂੰ ਮਿਲਣ ਦੀਆਂ ਕੋਸ਼ਿਸ਼ਾਂ ਕਰੀਬ ਡੇਢ ਸਾਲ ਤੋਂ ਕਰ ਰਹੇ ਪਰ ਸਾਨੂੰ ਮਿਲਣ ਦਾ ਸਮਾਂ ਨਹੀਂ ਦਿੱਤਾ ਜਾ ਰਿਹਾ। ਅੱਜ ਵੀ ਅਸੀਂ ਮੁੱਖ ਮੰਤਰੀ ਦੇ ਸੁਨਾਮ ਦੌਰੇ ਦੌਰਾਨ ਮਿਲਣ ਦੀ ਕੋਸ਼ਿਸ਼ ਕੀਤੀ, ਪਰ ਸਮਾਂ ਨਹੀਂ ਦਿੱਤਾ ਗਿਆ। ਸਰਕਾਰ ਨੂੰ ਸ਼ਹੀਦ ਦਾ ਥਾਂ-ਥਾਂ ਰੁਲ ਰਿਹਾ ਸਮਾਨ ਮਿਊਜ਼ੀਅਮ ਵਿੱਚ ਲਿਆ ਕੇ ਰੱਖਣਾ ਚਾਹੀਦਾ ਹੈ। ਮਿਊਜ਼ੀਅਮ ਬਣੇ ਨੂੰ ਦੋ ਸਾਲ ਹੋਣ ਦੇ ਬਾਵਜੂਦ ਸ਼ਹੀਦ ਸਬੰਧੀ ਇੱਕ ਵੀ ਸਮਾਨ ਮਿਊਜ਼ੀਅਮ ਵਿੱਚ ਲਿਆ ਕੇ ਨਹੀਂ ਰੱਖਿਆ ਗਿਆ। ਮੁੱਖ ਮੰਤਰੀ ਦੇ ਬਿਆਨ ਦੇ ਬਾਵਜੂਦ ਅੱਜ ਤੱਕ ਸ਼ਹੀਦ ਦੀ ਸ਼ਕਲ ਨਾਲ ਮਿਲਦਾ ਬੁੱਤ ਨਹੀਂ ਲਗਾਇਆ ਗਿਆ। ਇਸ ਸਮੇਂ ਪ੍ਰਧਾਨ ਜੀ ਨੇ ਇਤਿਹਾਸਕ ਤੱਥਾਂ ਦੇ ਹਵਾਲੇ ਨਾ਼ਲ ਦੱਸਿਆ ਕਿ ਸ਼ਹੀਦ ਊਧਮ ਸਿੰਘ ਜੀ ਦਾ ਸਬੰਧ ਭਾਰਤ ਦੀ ਅਜਾਦੀ ਲਈ ਆਪਣਾ ਸਭ ਕੁੱਝ ਕੁਰਬਾਨ ਕਰਨ ਵਾ਼ਲੀ ਗ਼ਦਰ ਪਾਰਟੀ ਨਾ਼ਲ ਜੁੜਦਾ ਹੈ ਇਸ ਕਰਕੇ ਹੀ ਸਾਡੇ ਮੰਚ ਦਾ ਨਾਂਮ "ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ" ਰੱਖਿਆ ਗਿਆ ਹੈ। ਮੰਚ ਦੇ ਸਕੱਤਰ ਪ੍ਰਿੰਸੀਪਲ ਅਨਿਲ ਕੁਮਾਰ ਨੇ ਕਿਹਾ ਕਿ ਮੰਚ ਲਗਾਤਾਰ ਸਾਰਾ ਸਾਲ ਸ਼ਹੀਦ ਦੀ ਸਹੀ ਸੋਚ ਲੋਕਾਂ ਤੱਕ ਲੈ ਕੇ ਜਾਂਦਾ ਰਹੇਗਾ ਸੰਬੰਧੀ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਵੀ ਉਠਾਉਂਦਾ ਰਹੇਗਾ।

ਇਸ ਮੌਕੇ ਗੁਰਮੇਲ ਸਿੰਘ, ਦਾਤਾ ਸਿੰਘ, ਹਰਿੰਦਰ ਬਾਬਾ, ਬਲਜੀਤ ਨਮੋਲ, ਹਰਭਗਵਾਨ ਗੁਰਨੇ, ਪਰਮਜੀਤ ਕੌਰ, ਮਨਪ੍ਰੀਤ ਛਾਜਲੀ, ਲਾਭ ਛਾਜਲਾ, ਤਰਸੇਮ ਬਾਬਾ, ਸੁਖਜਿੰਦਰ ਸਿੰਘ, ਆਦਿ ਸਮੇਤ ਹੋਰ ਬਹੁਤ ਸਾਰੇ ਮੈਂਬਰ ਤੇ ਆਗੂ ਮੌਜੂਦ ਸਨ।







# ਹਰਿਆਣਾ ਦੇ ਨੂਹ 'ਚ ਭੜਕੀ ਹਿੰਸਾ ਕਾਰਨ 4 ਲੋਕਾਂ ਦੀ ਮੌਤ; 50 ਤੋਂ ਵੱਧ ਜ਼ਖਮੀ

**ਵਿਸ਼ੇਸ਼ ਰਿਪੋਰਟ : ਜੇ. ਸਿੰਘ 'ਭਡਿਆਰ'**

ਹਰਿਆਣਾ ਸੂਬੇ ਦੇ ਨੂਹ 'ਚ ਭੜਕੀ ਹਿੰਸਾ ਕਾਰਨ ਭਾਰੀ ਤਣਾਅ ਪੈਦਾ ਹੋ ਗਿਆ ਹੈ। ਹੁਣ ਤੱਕ ਗੁੜਗਾਉਂ ਦੇ ਹੋਮਗਾਰਡ ਨੀਰਜ ਅਤੇ ਗੁਰਸੇਵਕ ਸਮੇਤ 4 ਲੋਕਾਂ ਦੀ ਮੌਤ ਹੋ ਚੁੱਕੀ ਹੈ। 50 ਤੋਂ ਵੱਧ ਪੁਲਸ ਅਧਿਕਾਰੀ, ਕਰਮਚਾਰੀ ਅਤੇ ਹੋਰ ਕਈ ਵਿਅਕਤੀ ਜ਼ਖਮੀ ਹੋ ਗਏ ਹਨ। ਵੱਡੀ ਗਿਣਤੀ ਵਿਚ ਵਾਹਨਾਂ ਨੂੰ ਅੱਗ ਲਗਾ ਦਿੱਤੀ, ਦੁਕਾਨਾਂ ਨੂੰ ਅੱਗ ਲਗਾ ਅਤੇ ਹੀਰੋ ਬਾਈਕ ਦੇ ਸ਼ੋਅਰੂਮ ਤੋਂ 200 ਬਾਈਕ ਲੁੱਟ ਕੇ ਸ਼ੋਅਰੂਮ ਦੀ ਭੰਨਤੋੜ ਕੀਤੀ। ਲੋਕਾਂ ਨੇ ਬੱਸ ਨੂੰ ਟੱਕਰ ਮਾਰ ਕੇ ਸਾਈਬਰ ਥਾਣੇ ਦੀ ਕੰਧ ਤੋੜੀ ਅਤੇ ਅੰਦਰ ਭੰਨਤੋੜ ਕੀਤੀ। ਇਸ ਦੇ ਨਾਲ ਹੀ ਥਾਣੇ ਨੂੰ ਅੱਗ ਲਾਉਣ ਦੀ ਕੋਸ਼ਿਸ਼ ਵੀ ਕੀਤੀ। ਡਾਇਲ 112 ਦੀਆਂ ਗੱਡੀਆਂ ਨੂੰ ਸਾੜ ਦਿੱਤਾ ਗਿਆ। ਹਿੰਸਾ ਨੂੰ ਕਾਬੂ ਕਰਨ ਲਈ ਨੂਹ ਵਿੱਚ ਦੋ ਦਿਨਾਂ ਲਈ ਕਰਫਿਊ ਲਗਾ ਦਿੱਤਾ ਗਿਆ ਹੈ। ਸਥਿਤੀ ਨੂੰ ਦੇਖਦੇ ਹੋਏ ਪੂਰੇ ਇਲਾਕੇ 'ਚ ਅਰਧ ਸੈਨਿਕ ਬਲਾਂ ਦੀਆਂ 20 ਕੰਪਨੀਆਂ ਤਾਇਨਾਤ ਕਰ ਦਿੱਤੀਆਂ ਗਈਆਂ ਹਨ। ਰੇਵਾੜੀ, ਗੁੜਗਾਉਂ, ਪਲਵਲ ਤੋਂ ਨੂਹ ਲਈ ਵਾਧੂ ਪੁਲਸ ਫੋਰਸ ਭੇਜੀ ਗਈ ਹੈ। ਪੂਰੇ ਸੂਬੇ 'ਚ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਗ੍ਰਹਿ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਸ਼ਾਂਤੀ ਬਹਾਲੀ ਤੋਂ ਬਾਅਦ ਪੂਰਾ ਮੁਲਾਂਕਣ ਕੀਤਾ ਜਾਵੇਗਾ। ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਬਣਦੀ ਕਾਰਵਾਈ ਲਈ ਜ਼ਰੂਰੀ ਫ਼ੈਸਲੇ ਲਏ ਜਾਣਗੇ। ਅਸੀਂ ਮਦਦ ਲਈ ਹਵਾਈ ਸੈਨਾ ਨੂੰ ਵੀ ਬੁਲਾਇਆ ਜਾ ਸਕਦਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਇਸ ਮਾਮਲੇ ਦੀ ਰਿਪੋਰਟ ਲੈ ਲਈ ਹੈ।

ਹੰਗਾਮੇ ਦੇ ਪਿੱਛੇ ਦੂਜੀ ਖਬਰ ਇਹ ਹੈ ਕਿ ਨਾਸਿਰ ਅਤੇ ਜੁਨੈਦ ਕਤਲ ਕਾਂਡ ਦਾ ਮੁਲਜ਼ਮ ਮੋਨੂੰ ਮਾਨਸੇਰ ਵੀ ਬ੍ਰਜ ਮੰਡਲ ਯਾਤਰਾ 'ਚ ਹਿੱਸਾ ਲੈਣ ਪਹੁੰਚਿਆ ਸੀ। ਸੂਤਰਾਂ ਮੁਤਾਬਕ ਮੋਨੂੰ ਮਾਨੇਸਰ ਨੂੰ ਦੇਖ ਕੇ ਕੁਝ ਲੋਕਾਂ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਝੜਪ ਨੂੰ ਲੈ ਕੇ ਹੰਗਾਮਾ ਸ਼ੁਰੂ ਹੋ ਗਿਆ। ਮੌਕੇ 'ਤੇ ਮੌਜੂਦ ਭੀੜ ਭੜਕ ਗਈ ਅਤੇ ਵਾਹਨਾਂ ਦੀ ਭੰਨਤੋੜ ਅਤੇ ਅਗਜ਼ਨੀ ਸ਼ੁਰੂ ਕਰ ਦਿੱਤੀ। ਸਥਿਤੀ 'ਤੇ ਕਾਬੂ ਪਾਉਣ ਲਈ ਨੂਹ ਦੇ ਆਲੇ-ਦੁਆਲੇ ਦੇ ਕਈ ਜ਼ਿਲ੍ਹਿਆਂ ਦੀ ਪੁਲਿਸ ਨੂੰ ਮੌਕੇ 'ਤੇ ਬੁਲਾਇਆ ਗਿਆ ਹੈ। ਸਥਿਤੀ ਨੂੰ ਆਮ ਵਾਂਗ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੋਨੂੰ ਮਾਨੇਸਰ ਇਸ ਸਾਲ ਫਰਵਰੀ 'ਚ ਹਰਿਆਣਾ ਦੇ ਭਿਵਾਨੀ 'ਚ ਨਾਸਿਰ ਅਤੇ ਜੁਨੈਦ ਨੂੰ ਜ਼ਿੰਦਾ ਸਾੜਨ ਦੇ ਮਾਮਲੇ 'ਚ ਮੁੱਖ ਦੋਸ਼ੀ ਹੈ।

**ਕਿਸ ਕਾਰਨ ਭੜਕੀ ਹਿੰਸਾ**

ਹਰ ਸਾਲ ਨੂਹ 'ਚ ਬ੍ਰਜ ਮੰਡਲ ਜਲਾਭਿਸ਼ੇਕ ਯਾਤਰਾ ਦਾ ਆਯੋਜਨ ਕੀਤਾ ਜਾਂਦਾ ਹੈ। ਆਮ ਵਾਂਗ ਇਸ ਸਾਲ ਵੀ ਇਹ ਯਾਤਰਾ ਨੱਲ੍ਹੜ ਸ਼ਿਵ ਮੰਦਿਰ ਤੱਕ ਜਾ ਰਹੀ ਸੀ, ਜੋ ਨੂਹ ਜ਼ਿਲ੍ਹੇ ਦੇ ਕਈ ਇਲਾਕਿਆਂ ਵਿੱਚੋਂ ਲੰਘਦੀ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਵਰਕਰ ਸੈਂਕੜੇ ਵਾਹਨਾਂ ਵਿੱਚ ਭਗਵਾਨ ਸ਼ਿਵ ਦਾ ਜਲਾਭਿਸ਼ੇਕ ਕਰਨ ਲਈ ਨਲਹਦ ਸ਼ਿਵ ਮੰਦਰ ਜਾ ਰਹੇ ਸਨ। ਜਾਣਕਾਰੀ ਅਨੁਸਾਰ ਜਿਵੇਂ ਹੀ ਬ੍ਰਜ ਬੰਡਲ ਦੀ ਇਹ ਯਾਤਰਾ ਸ਼ਿਵ ਮੰਦਰ ਨਲਹਾਰ ਪਹੁੰਚੀ ਤਾਂ ਕੁਝ ਸ਼ਰਾਰਤੀ ਅਨਸਰਾਂ ਨੇ ਯਾਤਰਾ 'ਤੇ ਪਥਰਾਅ ਸ਼ੁਰੂ ਕਰ ਦਿੱਤਾ। ਇਸ ਪੱਥਰਬਾਜ਼ੀ ਕਾਰਨ ਯਾਤਰਾ ਵਿੱਚ ਸ਼ਾਮਲ ਕਈ ਵਾਹਨਾਂ ਦੇ ਸ਼ੀਸ਼ੇ ਟੁੱਟ ਗਏ। ਕਈ ਵਾਹਨਾਂ ਵਿੱਚ ਅੱਗਜ਼ਨੀ ਅਤੇ ਭੰਨਤੋੜ ਵੀ ਕੀਤੀ ਗਈ। ਦੋਵਾਂ ਪਾਸਿਆਂ ਤੋਂ ਪੱਥਰਬਾਜ਼ੀ ਅਤੇ ਗੋਲੀਬਾਰੀ ਹੋਈ।

**ਸਥਿਤੀ ਨੂੰ ਕਾਬੂ ਵਿਚ ਰੱਖਣ ਲਈ 144 ਲਾਗੂ**



ਹਿੰਸਾ ਸੂਬੇ ਦੇ ਹੋਰ ਵੀ ਕਈ ਜ਼ਿਲ੍ਹਿਆਂ ਮੇਵਾਤ, ਸੋਹਾਣਾ, ਰੇਵਾੜੀ, ਗੁੜਗਾਓਂ, ਪਲਵਲ, ਫਰੀਦਾਬਾਦ ਤੱਕ ਫੈਲ ਗਈ ਹੈ। ਸਥਿਤੀ ਬਹੁਤ ਹੀ ਨਾਜ਼ੁਕ ਹੋ ਗਈ ਹੈ ਇਸ ਦੇ ਮੱਦੇਨਜ਼ਰ 5 ਜ਼ਿਲ੍ਹਿਆਂ ਵਿੱਚ ਧਾਰਾ 144 ਲਾਗੂ ਕਰ ਦਿੱਤੀ ਗਈ ਹੈ। ਇੰਟਰਨੈਂਟ ਸੇਵਾਵਾਂ ਵੀ ਬੰਦ ਕਰ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਨੂਹ, ਫਰੀਦਾਬਾਦ ਅਤੇ ਪਲਵਲ 'ਚ ਅੱਜ ਸਾਰੇ ਵਿਦਿਅਕ ਅਦਾਰੇ ਅਤੇ ਕੋਚਿੰਗ ਸੈਂਟਰ ਬੰਦ ਰਹਿਣਗੇ। ਨੂਹ 'ਚ ਬੋਰਡ ਦੀਆਂ 10ਵੀਂ ਅਤੇ 12ਵੀਂ ਦੀਆਂ 1 ਅਤੇ 2 ਅਗਸਤ ਨੂੰ ਹੋਣ ਵਾਲੀਆਂ ਪ੍ਰੀਖਿਆਵਾਂ ਰੱਦ ਕਰ ਦਿੱਤੀਆਂ ਗਈਆਂ ਹਨ।

**ਨੂਹ 'ਚ ਹਿੰਸਾ ਤੋਂ ਬਾਅਦ ਸ਼ਾਂਤੀ ਅਭਿਆਸ ਸ਼ੁਰੂ**

ਹਰਿਆਣਾ ਦੇ ਨੂਹ 'ਚ ਸੋਮਵਾਰ ਨੂੰ ਹਿੰਦੂ ਸੰਗਠਨਾਂ ਵਲੋਂ ਕੱਢੀ ਜਾ ਰਹੀ ਬ੍ਰਜ ਮੰਡਲ ਯਾਤਰਾ ਦੌਰਾਨ ਹੋਈ ਹਿੰਸਾ ਤੋਂ ਬਾਅਦ ਸ਼ਾਂਤੀ ਬਣਾਈ ਰੱਖਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਕਵਾਇਦ ਤਹਿਤ ਮੰਗਲਵਾਰ ਸਵੇਰੇ 11 ਵਜੇ ਸਾਰੀਆਂ ਪਾਰਟੀਆਂ ਦੇ ਲੋਕਾਂ ਦੀ ਮੀਟਿੰਗ ਬੁਲਾਈ ਗਈ ਹੈ। ਇਸ ਦੌਰਾਨ ਸਰਕਾਰ ਨੇ ਭਿਵਾਨੀ ਦੇ ਐਸਪੀ ਨਰਿੰਦਰ ਸਿੰਘ ਬਿਜਰਾਨੀਆ ਨੂੰ ਨੂਹ ਵਿੱਚ ਕਾਨੂੰਨ ਵਿਵਸਥਾ ਦੀ ਜ਼ਿੰਮੇਵਾਰੀ ਸੌਂਪੀ ਹੈ। ਨੂਹ ਜ਼ਿਲ੍ਹੇ 'ਚ ਜਲੂਸ 'ਤੇ ਪਥਰਾਅ ਦੇ ਮਾਮਲੇ 'ਚ ਹੁਣ ਜ਼ਿਲ੍ਹੇ ਦੇ ਵੱਡੇ ਉਲੇਮਾ ਵੀ ਸ਼ਰਾਰਤੀ ਅਨਸਰਾਂ ਦੇ ਭੁਲੇਖੇ 'ਚ ਨਾ ਰਹਿ ਕੇ ਲੋਕਾਂ ਨੂੰ ਅਮਨ-ਸ਼ਾਂਤੀ ਦੀ ਖੁੱਲ੍ਹ ਕੇ ਅਪੀਲ ਕਰ ਰਹੇ ਹਨ। ਜਮੀਅਤ ਉਲੇਮਾ ਨਾਲ ਜੁੜੇ ਨੂਹ ਜ਼ਿਲ੍ਹੇ ਦੇ ਸੀਨੀਅਰ ਉਲੇਮਾ ਮੌਲਾਨਾ ਯਾਹਿਆ ਤਿਰਵਾਦਾ ਨੇ ਕਿਹਾ ਕਿ ਜ਼ਿਲ੍ਹੇ ਦੇ ਲੋਕਾਂ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ। ਭਾਈਚਾਰਾ ਕਾਇਮ ਰੱਖਣਾ ਸਾਡਾ ਫਰਜ਼ ਹੈ। ਅਮਨ-ਸ਼ਾਂਤੀ ਦੀ ਜ਼ਿੰਮੇਵਾਰੀ ਨਿਭਾਉਣੀ ਜ਼ਰੂਰੀ ਹੈ। ਇਸ ਦੇਸ਼ ਵਿੱਚ 36 ਭਾਈਚਾਰਿਆਂ ਦੇ ਲੋਕ ਵੱਸਦੇ ਹਨ।

ਗੰਗਾ ਸਦੀਆਂ ਤੋਂ ਜਾਮਨੀ ਸੱਭਿਆਚਾਰ ਨਾਲ ਰਹਿ ਰਹੀ ਹੈ। ਇਸ ਲਈ ਕਿਸੇ ਵੀ ਮੁਸੀਬਤ ਤੋਂ ਬਚਣ ਲਈ ਕਿਸੇ ਦੀਆਂ ਗੱਲਾਂ ਵਿੱਚ ਨਾ ਫਸੋ ਅਤੇ ਜਲਦੀ ਤੋਂ ਜਲਦੀ ਸ਼ਾਂਤੀ ਬਹਾਲ ਕਰਕੇ ਸਦੀਆਂ ਪੁਰਾਣੀ ਮਿਸਾਲ ਕਾਇਮ ਕੀਤੀ ਜਾਵੇ। ਸਾਬਕਾ ਵਿਧਾਇਕ ਅਤੇ ਭਾਜਪਾ ਘੱਟ ਗਿਣਤੀ ਮੋਰਚਾ ਦੇ ਕੌਮੀ ਮੀਤ ਪ੍ਰਧਾਨ, ਹਰਿਆਣਾ ਵਕਫ਼ ਬੋਰਡ ਦੇ ਪ੍ਰਸ਼ਾਸਕ ਚੌਧਰੀ ਜ਼ਾਕਿਰ ਹੁਸੈਨ ਨੇ ਵੀ ਇਲਾਕੇ ਦੇ ਲੋਕਾਂ ਨੂੰ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਹੈ।

**ਰਾਜਸਥਾਨ ਦੇ ਭਰਤਪੁਰ 'ਚ ਬੱਚਿਆਂ ਨਾਲ ਹੋਇਆ ਸੀ ਵਿਵਾਦ**

ਪਿਛਲੇ ਕੁਝ ਸਮੇਂ 'ਚ ਮੁਹੱਰਮ ਦੇ ਮੌਕੇ 'ਤੇ ਅ-ਜਹੀਆਂ ਕਈ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ 'ਚ ਦੋ ਗੁੱਟਾਂ ਵਿਚਾਲੇ ਝੜਪ ਹੋ ਗਈ ਸੀ ਅਤੇ ਮਾਮਲਾ ਵਧ ਗਿਆ ਸੀ। ਪਹਿਲਾ ਮਾਮਲਾ ਰਾਜਸਥਾਨ ਦੇ ਭਰਤਪੁਰ ਜ਼ਿਲ੍ਹੇ ਦੇ ਮਛਲੀ ਮੁਹੱਲੇ ਦਾ ਹੈ, ਜਿੱਥੇ ਹਰ ਸਾਲ ਦੀ ਤਰ੍ਹਾਂ ਮੁਹੱਰਮ ਦੇ ਦਿਨ ਤਾਜੀਆ ਕੱਢਿਆ ਗਿਆ।

ਤਾਜੀਆ ਨੂੰ ਚੁੱਕਣ ਅਤੇ ਉਸ ਦੀ ਅਗਵਾਈ ਕਰਨ ਲਈ ਬੱਚਿਆਂ ਵਿਚਕਾਰ ਲੜਾਈ ਹੋਈ। ਬੱਚਿਆਂ ਦੇ ਇਸ ਝਗੜੇ ਨੇ ਐਤਵਾਰ ਨੂੰ ਵੱਡਾ ਰੂਪ ਲੈ ਲਿਆ। ਇਸ ਤੋਂ ਬਾਅਦ ਇਲਾਕੇ 'ਚ ਦੋ ਗੁੱਟਾਂ ਵਿਚਾਲੇ ਜ਼ਬਰਦਸਤ ਪੱਥਰਬਾਜ਼ੀ ਹੋਈ। ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਅਤੇ 30 ਦੇ ਕਰੀਬ ਲੋਕਾਂ ਨੂੰ ਸ਼ਾਂਤੀ ਭੰਗ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕਰ ਲਿਆ।

## ਮੁੱਖ ਮੰਤਰੀ ਖੱਟਰ ਵੱਲੋਂ ਸ਼ਾਂਤੀ ਬਣਾਈ ਰੱਖਣ ਦੀ ਅਪੀਲ

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਨੂਹ ਹਿੰਸਾ ਤੋਂ ਬਾਅਦ ਆਮ ਜਨਤਾ ਨੂੰ ਸ਼ਾਂਤੀ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਰੇ ਮਸਲੇ ਗੱਲਬਾਤ ਰਾਹੀਂ ਹੱਲ ਕੀਤੇ ਜਾ ਸਕਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਸਾਰੇ ਨਾਗਰਿਕਾਂ ਨੂੰ ਹਰਿਆਣਾ ਇਕ ਹਰਿਆਣਵੀ ਇਕ ਦੇ ਸਿਧਾਂਤ 'ਤੇ ਚੱਲਦਿਆਂ ਸਮਾਜ ਅਤੇ ਸੂਬੇ ਦੇ ਹਿੱਤ ਵਿਚ ਸਹਿਯੋਗ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ ਦੀ ਸਥਿਤੀ ਨੂਹ ਵਿੱਚ ਪੈਦਾ ਹੋਈ ਸੀ। ਅਜਿਹੀ ਸਥਿਤੀ ਵਿੱਚ ਸਮਾਜ ਅਤੇ ਰਾਜ ਪ੍ਰਤੀ ਹਰੇਕ ਆਮ ਨਾਗਰਿਕ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਕਿਸੇ ਵੀ ਸੰਦੇਸ਼ ਦਾ ਪ੍ਰਚਾਰ ਕਰਦੇ ਸਮੇਂ ਹੋਰ ਵੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਕੋਈ ਵੀ ਵਿਅਕਤੀ ਦੇਸ਼ ਦੇ ਸੰਵਿਧਾਨ ਤੋਂ ਉੱਪਰ ਨਹੀਂ ਹੈ। ਸਾਨੂੰ ਸਾਰਿਆਂ ਨੂੰ ਮਿਲ ਕੇ ਦੇਸ਼ ਦੀ ਅਖੰਡਤਾ ਅਤੇ ਸ਼ਾਂਤੀ ਲਈ ਕੰਮ ਕਰਦੇ ਰਹਿਣਾ ਚਾਹੀਦਾ ਹੈ। ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਦੰਗੇ ਦੀ ਸਥਿਤੀ ਨਾਲ ਨਜਿੱਠਣ ਲਈ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ।

ਦੂਜੇ ਪਾਸੇ ਪਲਵਲ ਦੇ ਪੁਲਿਸ ਸੁਪਰਡੈਂਟ ਲੋਕੇਂਦਰ ਸਿੰਘ ਨੇ ਆਮ ਲੋਕਾਂ ਨੂੰ ਸੋਸ਼ਲ ਮੀਡੀਆ 'ਤੇ ਅਜਿਹੀਆਂ ਪੋਸਟਾਂ ਨਾ ਪਾਉਣ ਦੀ ਅਪੀਲ ਕੀਤੀ ਹੈ। ਜਿਸ ਕਾਰਨ ਕਿਸੇ ਵੀ ਵਿਅਕਤੀ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਜਾਂ ਧਾਰਮਿਕ ਸਦਭਾਵਨਾ ਨੂੰ ਖਤਰਾ ਪੈਦਾ ਹੁੰਦਾ ਹੈ। ਪੁਲਿਸ ਸੁਪਰਡੈਂਟ ਨੇ ਕਿਹਾ ਕਿ ਕਿਸੇ ਵੀ ਕਿਸਮ ਦੀ ਅਸ਼ਲੀਲ ਭਾਸ਼ਾ, ਕਿਸੇ ਵਿਅਕਤੀ ਵਿਸ਼ੇਸ਼, ਜਾਤੀ, ਧਰਮ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਕੋਈ ਵੀ ਵੀਡੀਓ, ਫੋਟੋ ਜਾਂ ਰਿਕਾਰਡ ਪੋਸਟ ਵਜੋਂ ਨਾ ਪਾਓ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਜਾਂ ਸੰਸਥਾ ਵੱਲੋਂ ਕੋਈ ਇਤਰਾਜ਼ਯੋਗ ਪੋਸਟ ਪਾਈ ਗਈ ਤਾਂ ਉਸ ਵਿਰੁੱਧ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਕਿਸੇ ਨੂੰ ਵੀ ਕਿਸੇ ਕਿਸਮ ਦੀ ਝੂਠੀ ਅਫਵਾਹ ਨਹੀਂ ਫੈਲਾਉਣੀ ਚਾਹੀਦੀ। ਜੇਕਰ ਕੋਈ ਸੋਸ਼ਲ ਮੀਡੀਆ 'ਤੇ ਅਫਵਾਹ ਫੈਲਾਉਂਦਾ ਹੈ ਜਾਂ ਕਿਸੇ ਦੇ ਧਰਮ ਜਾਂ ਜਾਤੀ ਨੂੰ ਲੈ ਕੇ ਕੋਈ ਗਲਤ ਟਿੱਪਣੀ ਕਰਦਾ ਹੈ ਤਾਂ ਪੁਲਿਸ ਉਸ 'ਤੇ ਸਖਤ ਕਾਰਵਾਈ ਕਰੇਗੀ।

ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਦੀ ਵਰਤੋਂ ਸਿਰਫ਼ ਮਿਲਵਰਤਣ, ਆਪਸੀ ਭਾਈਚਾਰਕ ਸਾਂਝ ਅਤੇ ਸਦਭਾਵਨਾ ਵਧਾਉਣ ਲਈ ਕੀਤੀ ਜਾਣੀ ਚਾਹੀਦੀ ਹੈ। ਗਲਤ ਕੰਮ ਕਰਨ ਵਾਲੇ ਅਤੇ ਸ਼ਰਾਰਤੀ ਅਨਸਰਾਂ ਦੀ ਤੁਰੰਤ ਪੁਲਿਸ ਨੂੰ ਰਿਪੋਰਟ ਕਰੋ। ਪੁਲਿਸ ਸੁਪਰਡੈਂਟ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵੀ ਸਮਾਜ ਵਿਰੋਧੀ ਅਨਸਰ, ਸ਼ੱਕੀ ਵਿਅਕਤੀ ਜਾਂ ਵਾਹਨ ਤੁਹਾਡੇ ਆਲੇ-ਦੁਆਲੇ ਜਾਂ ਕਿਸੇ ਵੀ ਐਮਰਜੈਂਸੀ ਵਿੱਚ ਨਜ਼ਰ ਆਉਂਦਾ ਹੈ ਤਾਂ ਤੁਰੰਤ ਸਬੰਧਤ ਥਾਣੇ ਜਾਂ 112 'ਤੇ ਡਾਇਲ ਕਰੋ। ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ।

# ਬਸਪਾ ਵਲੋਂ ਪੰਜਾਬ ਸਰਕਾਰ ਦੇ ਜ਼ੁਲਮ ਤੇ ਬੇਇਨਸਾਫ਼ੀ ਖ਼ਿਲਾਫ਼ 13 ਨੂੰ ਜਲੰਧਰ 'ਚ ਕੀਤੀ ਜਾਵੇਗੀ ਦਲਿਤ ਮਹਾਂਪੰਚਾਇਤ - ਜਸਵੀਰ ਸਿੰਘ ਗੜ੍ਹੀ

**ਫਗਵਾੜਾ 2 ਅਗਸਤ (ਬੀ ਕੇ ਰੱਤੂ)–** ਬਸਪਾ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਜੀ ਦੀ ਅਗਵਾਈ ਹੇਠ ਪੰਜ ਮੈਂਬਰੀ ਵਫਦ ਜਿਸ ਵਿੱਚ ਡਾ। ਨਛੱਤਰ ਪਾਲ ਐਮ।ਐਲ।ਏ ਨਵਾਂਸ਼ਹਿਰ ਸੂਬਾ ਇੰਚਾਰਜ, ਸ਼੍ਰੀ ਅਜੀਤ ਸਿੰਘ ਭੈਣੀ ਸੂਬਾ ਇੰਚਾਰਜ, ਸ਼੍ਰੀ ਗੁਰਲਾਲ ਸੈਲਾ ਸੂਬਾ ਜਨਰਲ ਸਕੱਤਰ, ਡਾ। ਜਸਪ੍ਰੀਤ ਸਿੰਘ ਬੀਜਾ ਸੂਬਾ ਜਨਰਲ ਸਕੱਤਰ ਪੰਜਾਬ ਰਾਜ ਦੇ ਗਵਰਨਰ ਸ਼੍ਰੀ ਬਨਵਾਰੀ ਲਾਲ ਪੁਰੋਹਿਤ ਜੀ ਨੂੰ ਮਿਲਿਆ ਅਤੇ ਵਿਸਥਾਰ ਸਾਹਿਤ ਮਣੀਪੁਰ ਕਾਂਡ ਦੇ ਪੀੜਿਤਾਂ ਹਿਤ ਅਤੇ ਪੰਜਾਬ ਸਰਕਾਰ ਦੀ ਦਲਿਤਾਂ ਨਾਲ ਕੀਤੀ ਜਾ ਰਹੀ ਗੁੰਡਾਗਰਦੀ ਸਬੰਧੀ ਗੱਲਬਾਤ ਕੀਤੀ ਅਤੇ ਮੈਮੋਰੰਡਮ ਦਿੱਤਾ। ਮੰਗ ਪੱਤਰ ਦੇਣ ਉਪਰੰਤ ਸ ਗੜੀ ਨੇ ਦੱਸਿਆ ਕਿ ਬਸਪਾ ਵਫਦ ਵਲੋਂ ਮਣੀਪੁਰ ਕਾਂਡ ਦੇ ਪੀੜਿਤ ਲੋਕਾਂ ਲਈ ਇਨਸਾਫ਼, ਜਲੰਧਰ ਜਿਲੇ ਦੇ ਪੁਲਿਸ ਪ੍ਰਸ਼ਾਸ਼ਨ ਵਲੋਂ ਅਨੁਸੂਚਿਤ ਜਾਤੀਆਂ ਨਾ ਕੀਤੀ ਜਾ ਰਹੀ ਗੁੰਡਾ-ਗਰਦੀ, ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਢਾਂਚੇ ਨੂੰ ਖੋਖਲਾ ਕਰਨ ਖ਼ਿਲਾਫ਼, ਜਾਅਲੀ ਐਸ ਸੀ ਸਰਟੀਫਿਕੇਟਾਂ ਦਾ ਮੁੱਦਾ, ਲਾਅ ਅਫਸਰਾਂ ਦੀ ਭਰਤੀ ਵਿੱਚ ਅਨੁਸੂਚਿਤ ਜਾਤੀਆਂ ਨੂੰ ਅਣਗੌਲੇ ਕਰਨਾ, ਹੜ੍ਹ ਪੀੜਿਤ ਗਰੀਬਾਂ ਨੂੰ ਮੁਆਵਜ਼ੇ ਲਈ ਸਰਵੇ ਵਿਚ ਸ਼ਾਮਿਲ ਕਰਨਾ, ਰਾਸ਼ਟਰੀ ਪਾਰਟੀ ਹੋਣ ਕਰਕੇ ਚੰਡੀਗੜ੍ਹ ਵਿੱਚ ਬਸਪਾ ਪਾਰਟੀ ਦੇ ਦਫਤਰ ਹਿਤ ਸਰਕਾਰੀ ਜ਼ਮੀਨ ਅਲਾਟ ਕਰਨੀ ਆਦਿ ਸ਼ਾਮਿਲ ਰਹੇ। ਸ ਗੜ੍ਹੀ ਨੇ ਕਿਹਾ ਕਿ ਦਲਿਤ ਆਦਿਵਾਸੀ ਔਰਤਾਂ ਦੀ ਬੇਪਤੀ ਨਾ ਸਹਾਰਨਯੋਗ ਹੈ ਅਤੇ ਇਸਤੋਂ ਵੀ ਬੁਰਾ ਹੈ ਕਿ ਭਾਜਪਾ ਦੀ ਕੇਂਦਰ ਸਰਕਾਰ ਇਸ ਮੁੱਦੇ ਤੇ ਬਿਲਕੁਲ ਚੁੱਪ ਹੈ। ਜਦਕਿ ਜ਼ੁਲਮ ਖ਼ਿਲਾਫ਼ ਜਦੋਂ ਪੰਜਾਬ ਵਿੱਚ ਬਸਪਾ ਵਰਕਰ ਆਵਾਜ਼ ਉਠਾਉਂਦੇ ਹਨ ਤਾਂ ਓਹਨਾ ਖ਼ਿਲਾਫ਼ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਪੁਲਿਸ ਦੀ ਸ਼ਹਿ ਤੇ ਝੂਠੇ ਕੇਸ ਦਰਜ ਕਰਦੀ ਹੈ। ਜਿਸਦੀਆਂ ਪ੍ਰਮੁੱਖ ਉਦਾਹਰਨ ਵਜੋਂ 23 ਜੁਲਾਈ ਨੂੰ ਜਲੰਧਰ ਵਿੱਚ ਹੱਕਾਂ ਦੀ ਆਵਾਜ਼ ਬੁਲੰਦ ਕਰ ਰਹੇ, 163 ਦਲਿਤਾਂ ਤੇ ਪੰਜਾਬ ਪੁਲਿਸ ਨੇ ਝੂਠਾ ਪਰਚਾ ਦਰਜ ਕੀਤਾ। ਜਲੰਧਰ ਦੀ ਪੁਲਸ ਨੇ ਇਸਤੋਂ ਪਹਿਲਾਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਲਾਗੂ ਕਰਵਾਉਣ ਹਿੱਤ ਮੰਗ ਕਰ ਰਹੇ ਦਲਿਤ ਵਿਦਿਆਰਥੀ ਨੂੰ ਲਾਠੀਚਾਰਜ ਕਰਕੇ ਛੱਲੀਆਂ ਵਾਂਗ ਕੁੱਟਿਆ ਅਤੇ ਨਜਾਇਜ ਹਵਾਲਾਤ ਵਿੱਚ ਬੰਦ ਰੱਖੇ, ਜਿਸ ਤਹਿਤ 23 ਵਿਦਿਆਰਥੀਆ ਨੂੰ ਪੇਪਰ ਨਾ ਦੇਣ ਕਰਕੇ ਇਕ ਇਕ ਸਾਲ ਖਰਾਬ ਹੋ ਗਿਆ। ਜਦੋਂਕਿ ਇਸ ਲੜੀ ਵਿਚ ਹੀ ਜਲੰਧਰ ਜਿਲ੍ਹੇ ਦਾ ਬਸਪਾ ਆਗੂ ਨੇ ਪੰਜਾਬ ਸਰਕਾਰ ਦੀ ਸ਼ਹਿ ਤੇ ਪੁਲਿਸ ਨੇ ਗੁੰਡਾਗਰਦੀ ਕੀਤੀ। ਬਸਪਾ ਵਲੋਂ ਅਜਿਹੇ ਜ਼ੁਲਮ ਬੇਇਨਸਾਫ਼ੀ ਖ਼ਿਲਾਫ਼ 13 ਅਗਸਤ ਨੂੰ ਜਲੰਧਰ ਵਿਖੇ ਦਲਿਤ ਮਹਾਂਪੰਚਾਇਤ ਬਸਪਾ ਦੇ ਨੀਲੇ ਝੰਡੇ ਹੇਠ ਕੀਤੀ ਜਾਵੇਗੀ ਅਤੇ ਪੰਜਾਬ ਵਿੱਚ ਦਲਿਤ ਸਮਾਜ ਦੀ ਸ਼ਕਤੀ ਨੂੰ ਲਾਮਬੰਦ ਕੀਤਾ ਜਾਵੇਗਾ।



ਬਸਪਾ ਸੂਬਾ ਇੰਚਾਰਜ ਤੇ ਵਿਧਾਇਕ ਡਾ ਨਛੱਤਰ ਪਾਲ ਨੇ ਕਿਹਾ ਕਿ ਪੰਜਾਬ ਰਾਜ ਦਾ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਬਰਾਂ ਦੀ ਗਿਣਤੀ 10 ਤੋਂ ਘਟਾਕੇ 5 ਕਰਨਾ ਤੇ ਅੱਜ 17 ਮਹੀਨੇ ਆਪ ਸਰਕਾਰ ਦੇ ਬੀਤਣ ਤੋਂ ਬਾਅਦ ਵੀ ਚੇਅਰਮੈਨ ਦੀ ਨਿਜੁਕਤੀ ਨਾ ਕਰਨਾ ਪੰਜਾਬ ਦੇ ਦਲਿਤਾਂ ਦੀ ਆਵਾਜ਼ ਬੰਦ ਕਰ ਵਾਂਗ ਹੈ। ਜਦੋਂਕਿ ਆਪ ਸਰਕਾਰ ਦਾ ਦਲਿਤ ਵਿਰੋਧੀ ਰਵਈਆ ਅੱਜ ਤੱਕ ਇਕ ਵੀ ਅਨੁਸੂਚਿਤ ਜਾਤੀ ਦੇ ਲਾਅ ਅਫਸਰ ਦੀ ਨਿਯੁਕਤੀ ਨਾ ਕਰਕੇ ਸਾਹਮਣੇ ਆ ਚੁੱਕਾ ਹੈ। ਅਨੁਸੂਚਿਤ ਜਾਤੀਆਂ ਦੇ ਨਾਮ ਤੇ ਬਣੇ ਜਾਅਲੀ ਸਰਟੀਫਿਕੇਟ ਦੇ ਮੁੱਦੇ ਤੇ ਪਿਛਲੇ 100 ਦਿਨਾਂ ਤੋਂ ਇਸ ਮੁੱਦੇ ਨੂੰ ਲੈ ਕੇ ਸਮਾਜ ਦੇ ਲੋਕ ਪੰਜਾਬ ਦੇ ਵੱਖ ਵੱਖ ਸਥਾਨਾਂ ਤੇ ਧਰਨਾ ਪ੍ਰਦਰਸ਼ਨ ਕਰ ਰਹੇ ਹਨ। ਜਾਤੀਵਾਦੀ ਮਾਨਸਿਕਤਾ ਤਹਿਤ ਪੰਜਾਬ ਸਰਕਾਰ ਇਸ ਮੁੱਦੇ ਤੇ ਚੁੱਪ ਹੈ ਤੇ ਜੰਗੀ ਪੱਧਰ ਉਪਰ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਕਰਨ ਤੋਂ ਆਨਾਕਾਨੀ ਕਰ ਰਹੀ ਹੈ। ਬਸਪਾ ਸੂਬਾ ਇੰਚਾਰਜ ਸ਼੍ਰੀ ਅਜੀਤ ਸਿੰਘ ਭੈਣੀ ਨੇ ਕਿਹਾ ਕਿ ਪੰਜਾਬ ਅੱਜ ਹੜ੍ਹਾਂ ਦੀ ਮਾਰ ਹੇਠ ਹੈ। ਪੰਜਾਬ ਸਰਕਾਰ ਦਾ ਢਿੱਲਮੁੱਲ ਰਵੱਈਆ ਗਰੀਬਾਂ, ਮਜ਼ਦੂਰਾਂ ਤੇ ਕਿਸਾਨਾਂ ਦੇ ਦੁੱਖ ਵਧਾਉਣ ਵਾਲਾ ਹੈ। ਸਾਡੀ ਅਪੀਲ ਹੈ ਕਿ ਕਿਸਾਨਾਂ ਅਤੇ ਖੇਤੀ ਦੀ ਗਿਰਦਾਵਰੀ ਦੇ ਨਾਲ ਨਾਲ ਜਾਤੀ ਧਰਮ ਦੇ ਵਿਤਕਰੇ ਤੋਂ ਉਪਰ ਉੱਠਕੇ ਗਰੀਬਾਂ ਅਤੇ ਮਜ਼ਦੂਰਾਂ ਦੇ ਕੱਚੇ ਮਕਾਨਾਂ, ਚੋਂਦੇ ਮਕਾਨਾਂ ਤੇ ਡਿੱਗੇ ਮਕਾਨਾਂ ਦਾ ਮੁਆਵਜਾ ਵੀ ਤੁਰੰਤ ਹੀ ਦਿੱਤਾ ਜਾਏ। ਇਸ ਦੇ ਨਾਲ ਨਾਲ ਗਰੀਬਾਂ ਮਜਦੂਰਾਂ ਨੂੰ ਵੀ ਰੈਂਡ ਕਰਾਸ ਫੰਡਾਂ ਤਹਿਤ ਇਕ ਇਕ ਮਹੀਨੇ ਦਾ ਖ਼ਰਚ ਪਾਣੀ ਭੱਤਾ ਦਿੱਤਾ ਜਾਵੇ, ਕਿਉਂਕਿ ਖਰਾਬ ਮੌਸਮ ਵਿਚ ਉਹ ਲੋਕ ਕੰਮ ਕਿੱਤੇ ਤੋਂ ਵਿਹਲੇ ਘਰਾਂ ਵਿੱਚ ਬੈਠੇ ਰਹੇ।

## ਕੰਬਾਲਾ ਦੀ ਬਹਾਦਰ ਲੜਕੀ ਤਨਵੀ ਨੂੰ ਸ਼ਾਬਾਸ਼ ਦੇਣ ਪਹੁੰਚੇ ਬ੍ਰਿਗੇਡੀਅਰ ਰਾਜ ਕੁਮਾਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪਿਛਲੇ ਦਿਨੀਂ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਗੈਰ ਇੱਕ ਪ੍ਰਵਾਸੀ ਮਜ਼ਦੂਰ ਦੀ ਡੇਢ ਸਾਲ ਦੀ ਬੱਚੀ



ਦੀ ਜਾਨ ਬਚਾਉਣ ਵਾਲੀ 7 ਸਾਲ ਦੀ ਤਨਵੀ ਪੁੱਤਰੀ ਨਰੇਸ਼ ਕੁਮਾਰ ਕੰਬਾਲਾ ਦੀ ਹੌਂਸਲਾ ਅਫ਼ਜਾਈ ਕਰਨ ਤੇ ਉਸ ਨੂੰ ਅਸ਼ੀਰਵਾਦ ਦੇਣ ਲਈ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਭਾਰਤ ਸਰਕਾਰ ਦੇ ਸਲਾਹਕਾਰ ਬ੍ਰਿਗੇਡੀਅਰ ਰਾਜ ਕੁਮਾਰ ਉਚੇਚੇ ਤੌਰ ਤੇ ਪਿੰਡ ਕੰਬਾਲਾ ਪਹੁੰਚੇ ਅਤੇ ਉਨ੍ਹਾਂ ਨੇ ਤਨਵੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੇਕਰ ਤਨਵੀ ਉਸ ਬੱਚੀ ਨੂੰ ਬਚਾਉਣ ਦੀ ਕੋਸ਼ਿਸ਼ ਨਾ ਕਰਦੀ ਤਾਂ ਉਸ ਡੇਢ ਸਾਲ ਦੀ ਬੱਚੀ ਨਾਲ ਕੋਈ ਅਣਹੋਣੀ ਘਟਨਾ ਵਾਪਰ ਸਕਦੀ ਸੀ। ਉਹਨਾਂ ਨੇ ਵੱਖ ਵੱਖ ਅਖਵਾਰਾਂ ਦੇ ਪੱਤਰਕਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਗਰ ਇਸ ਤਨਵੀ ਦੇ ਕਾਰਨਾਮੇ ਨੂੰ ਉਹ ਅਖਵਾਰਾਂ ਦੀਆਂ ਸੁਰਖਿਆ ਨਾ ਬਣਾਉਂਦੇ ਤਾਂ ਸ਼ਾਇਦ ਮੇਰੇ ਵਰਗਿਆਂ ਨੂੰ ਇਸ ਵਾਰੇ ਨਾ ਹੀ ਪਤਾ ਲਗਦਾ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਨੇ ਕਰਵਾਇਆ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ

## ਵਿਦਿਅਰਥੀਆਂ ਦੇ ਭਾਸ਼ਣ ਮੁਕਾਬਲਿਆਂ ਦੇ ਵੱਖ-ਵੱਖ ਵਿਸ਼ੇ ਬਣੇ ਖਿੱਚ ਦਾ ਕੇਂਦਰ













**ਫਰਿਜ਼ਨੋਂ (ਕੁਲਵੀਰ ਹੇਅਰ)–** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ 'ਚ ਉੱਚ ਪੱਧਰੀ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵਿਦਿਅਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ ਜੋ ਖਿੱਚ ਦਾ ਕੇਂਦਰ ਬਣੇ। ਸਮਾਗਮ ਦੀ ਸ਼ੁਰੂਆਤ ਕਰਦਿਆਂ ਹਰਜਿੰਦਰ ਢੇਸੀ ਨੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਤੇ ਨਾਲ ਹੀ ਪਿਛਲੇ ਸਮੇਂ ਦੌਰਾਨ ਕਮਿਉਨਿਟੀ ਦੀਆਂ ਵਿੱਛੜ ਚੁੱਕੀਆਂ ਉੱਘੀਆਂ ਸਖਸ਼ੀਅਤਾਂ ਨੂੰ ਸ਼ੋਕ ਮਤੇ ਰਾਹੀਂ ਸ਼ਰਧਾਂਜਲੀਆਂ ਭੇਂਟ ਕੀਤੀਆਂ।ਰਾਜ ਬਰਾੜ ਦੇ ਇਕ ਗੀਤ ਉਪਰੰਤ ਮੰਚ ਸੰਚਾਲਕ ਹਰਜਿੰਦਰ ਢੇਸੀ ਵਲੋਂ ਉੱਘੇ ਸ਼ਾਇਰ ਉਸਤਾਦ ਹਰਜਿੰਦਰ ਕੰਗ, ਲੇਖਕ ਅਤੇ ਰੇਡੀਓ ਹੋਸਟ ਸੰਤੋਖ ਸਿੰਘ ਮਿਨਹਾਸ, ਡਾ. ਅਰਜਨ ਜੋਸ਼ਨ ਅਤੇ ਗੁਰਰੀਤ ਸਿੰਘ ਬਰਾੜ ਨੂੰ ਭਾਸ਼ਣ ਮੁਕਾਬਲੇ ਦੌਰਾਨ ਜੱਜਾਂ ਦੀ ਭੂਮਿਕਾ ਨਿਭਾਉਣ ਲਈ ਟੇਬਲ 'ਤੇ ਆਉਣ ਲਈ ਸੱਦਾ ਦਿੱਤਾ ਗਿਆ।ਇਹ ਮੁਕਾਬਲੇ ਤਿੰਨ ਹਿੱਸਿਆਂ ਵਿਚ ਵੰਡੇ ਗਏ ਸਨ।

ਪਹਿਲੇ ਭਾਗ ਵਿਚ ਐਲੀਮੈਂਟਰੀ ਸਕੂਲ ਦੇ ਵਿਦਿਅਰਥੀਆਂ ਜਿਨ੍ਹਾਂ ਵਿਚ ਮਿਲਨਜੋਤ ਸਿੰਘ ਰਾਠੌਰ, ਮੇਹਰ ਭੰਡੋਲ, ਵਾਰਸ ਗਿੱਲ, ਅਜੂਨੀ ਚੀਮਾ, ਏਕਮਜੀਤ ਕੌਰ, ਅੰਗਦਬੀਰ ਸਿੰਘ, ਤਰਨਵੀਰ ਰਾਠੌਰ, ਅਮਾਇਰਾ ਕੌਰ, ਤੇਗਵੀਰ ਰਾਠੌਰ, ਅਰਜੋਈ ਸਿੰਘ, ਅਮਾਇਆ ਗੁਪਤਾ, ਸਵਨੀਤ ਕੌਰ ਕਿੰਗਰਾ, ਸੀਰਤ ਕੌਰ ਮਾਂਗਟ, ਜਾਸ਼ਾਨ ਜੱਜ, ਮਿਲਨ ਸਿੰਘ ਨੇ ਭਾਗ ਲਿਆ ਜਿਹਨਾਂ ਵਿਚੋਂ ਵਾਰਸ ਗਿੱਲ ਨੇ ਪਹਿਲਾ, ਅੰਜੂਨੀ ਚੀਮਾ ਨੇ ਦੂਜਾ ਅਤੇ ਅੰਗਦਬੀਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਦੂਜੇ ਭਾਗ ਦੇ ਗਰੁੱਪ 'ਬੀ' ਵਿਚ ਮਿਡਲ ਸਕੂਲ ਦੇ ਵਿਦਿਅਰਥੀ ਜਿਨ੍ਹਾਂ ਵਿਚ ਆਰੀਅਨ ਗਿੱਲ ਨੇ ਪਹਿਲਾ ਸਥਾਨ ਹਾਸਲ ਕੀਤਾ।

ਤੀਜੇ ਭਾਗ ਵਿਚ ਹਾਈ ਸਕੂਲ ਦੇ ਵਿਦਿਅਰਥੀ ਜਿਨ੍ਹਾਂ ਵਿਚ ਅਵਲੀਨ ਧਾਲੀਵਾਲ, ਕਿਰਤਬੀਰ ਸਿੰਘ, ਮੇਹਰ ਧਾਮੀ, ਰਵਨੀਤ ਕੌਰ, ਅੰਮ੍ਰਿਤਪਾਲ ਸਿੰਘ, ਕਿਰਤ ਸੰਘਾ, ਈਸ਼ਾਨ ਮੁਹਾਰ, ਮਨਟੇਕਵੀਰ ਸਿੱਧੂ, ਰਾਜਵੀਰ ਧਾਲੀਵਾਲ, ਅਵਨੀਤ ਕੌਰ, ਜਸਲੀਨ ਰਾਠੌਰ, ਕਰਨਪਾਲ ਸਿੰਘ ਨੇ ਭਾਗ ਲਿਆ।ਜਿਨ੍ਹਾਂ ਵਿਚ ਰਵਨੀਤ ਕੌਰ ਨੇ ਪਹਿਲਾ, ਈਸ਼ਾਨ ਮੁਹਾਰ ਨੇ ਦੂਜਾ ਜਦਕਿ ਰਾਜਵੀਰ ਧਾਲੀਵਾਲ, ਅਵਨੀਤ ਕੌਰ ਅਤੇ ਜਸਲੀਨ ਰਾਠੌਰ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ।

ਚੌਥੇ ਭਾਗ ਵਿਚ ਕਾਲਜ ਦੇ ਵਿਦਿਅਰਥੀ ਜਿਨ੍ਹਾਂ ਵਿਚ ਰੱਜਤ ਗੱਡੂ, ਅਫਰਾਜ ਗਿੱਲ ਪਹਿਲੇ ਸਥਾਨ, ਮਹਿਕਪ੍ਰੀਤ ਸਿੱਧੂ ਦੂਜੇ ਅਤੇ ਸਾਹਿਬ ਸੰਘਾ ਧਾਲੀਵਾਲ ਤੀਜੇ ਸਥਾਨ 'ਤੇ ਰਹੇ।

ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਵਿਦਿਅਰਥੀਆਂ ਨੂੰ ਨਗਦ ਇਨਾਮ ਅਤੇ ਸਨਮਾਨ ਚਿੰਨ ਦਿੱਤੇ ਗਏ।ਇਸ ਤੋਂ ਇਲਾਵਾ ਭਾਗ ਲੈਣ ਵਾਲੇ ਸਾਰੇ ਵਿਦਿਅਰਥੀ ਨੂੰ ਉਤਸ਼ਾਹਿਤ ਕਰਨ ਲਈ ਯਾਦਗਾਰੀ ਚਿੰਨ ਦਿੱਤੇ ਗਏ।ਇਸ ਮੌਕੇ ਬੋਲਦਿਆਂ ਉਸਤਾਦ ਸ਼ਾਇਰ ਹਰਜਿੰਦਰ ਕੰਗ ਵਲੋਂ ਸ਼ਹੀਦਾਂ ਨੂੰ ਸਮਰਪਿਤ ਸ਼ਾਇਰੀ ਦਾ ਰੰਗ ਪੇਸ਼ ਕੀਤਾ ਗਿਆ, ਉਨ੍ਹਾਂ ਬੱਚਿਆਂ ਦੇ ਮਾਪਿਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਬੱਚਿਆਂ ਅੰਦਰ ਇਹੋ ਜਿਹੇ ਸਮਾਗਮਾ ਵਿਚ ਭਾਗ ਲੈਣ ਦੀ ਚੇਟਕ ਪੈਦਾ ਕੀਤੀ। ਸੰਤੋਖ ਮਿਨਹਾਸ ਨੇ ਵੀ ਆਪਣੇ ਵਿਚਾਰਾਂ ਰਾਹੀਂ ਸਮਾਗਮ ਦੀ ਸਫਲਤਾ ਲਈ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਹੋਰ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ।ਇਸ ਮੌਕੇ ਹੋਰ ਬੁਲਾਰਿਆਂ ਵਿਚ ਚਰੰਜੀ ਲਾਲ (ਇਤਿਹਾਸਕਾਰ ਤੇ ਖੋਜੀ ਲੇਖਕ, ਦੇਸ਼ ਭਗਤ ਯਾਦਗਾਰ ਹਿਸਟੋਰੀਅਨ ਕਮੇਟੀ ਮੈਂਬਰ), ਮਲਕੀਤ ਸਿੰਘ ਕਿੰਗਰਾ, ਪਰਮਪਾਲ ਸਿੰਘ, ਗੁਰਰੀਤ ਸਿੰਘ ਬਰਾੜ ਵਲੋਂ ਆਪਣੇ ਵਿਚਾਰਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਆਂਚਲ ਹੇਅਰ ਵਲੋਂ ਇਕ ਸ਼ੇਅਰ ਅਤੇ ਕਵਿਤਾ ਪੇਸ਼ ਕੀਤੇ ਗਏ ਤੇ ਫੋਰਮ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ। ਸ਼ਿੰਦਰ ਸਿੰਘ ਮੀਰਪੁਰੀ ਨੇ ਸ਼ਿਅਰ ਅਤੇ ਕਵਿਤਾ ਪੇਸ਼ ਕੀਤੀ ਅਤੇ ਨਵੀ ਪੀੜ੍ਹੀ ਨੂੰ ਪੰਜਾਬੀ ਬੋਲੀ ਨਾਲ ਜੋੜਣ ਦੀ ਬੇਨਤੀ ਕੀਤੀ।ਸ਼ਰਨਜੀਤ ਧਾਲੀਵਾਲ ਨੇ ਬਹੁਤ ਹੀ ਖ਼ੂਬਸੂਰਤ ਕਵਿਤਾ ਪੇਸ਼ ਕੀਤੀ ਅਤੇ ਫੋਰਮ ਵਲੋਂ ਸਭ ਦਾ ਧੰਨਵਾਦ ਕੀਤਾ।ਅਕਸ਼ ਸੰਧੂ ਨੇ ਗੁਰਭਜਨ ਗਿੱਲ ਦੀ ਕਵਿਤਾ ਪੇਸ਼ ਕੀਤੀ।ਗਾਇਕਾ ਜੋਤ ਰਣਜੀਤ ਵਲੋਂ ਸੰਤ ਰਾਮ ਉਦਾਸੀ ਦਾ ਗੀਤ ਬੜੇ ਹੀ ਸੁਰੀਲੇ ਅੰਦਾਜ ਵਿਚ ਪੇਸ਼ ਕੀਤਾ।ਇਸ ਮੌਕੇ 'ਇਕ ਪੰਥ ਇਕ ਸੋਚ' ਸੰਸਥਾ ਵਲੋਂ ਅਮੈਰਿਕਨ ਹੈਰੀਟੇਜ ਫੋਰਮ ਦਾ ਸਨਮਾਨ ਕੀਤਾ ਗਿਆ।

ਅਖੀਰ ਵਿਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋ 900 ਏ.ਐੱਮ. ਦੇ ਸਾਰੇ ਪੰਜਾਬੀ ਹੋਸਟ, 1300 ਏ.ਐੱਮ ਰੇਡੀਓ ਦੇ ਪਰਵੀਨ ਕੁਮਾਰ, ਜੋਤ ਰਣਜੀਤ (ਪਰਾਈਮ ਏਸ਼ੀਆ), ਸੰਜੀਵ ਕੁਮਾਰ (ਏ.ਬੀ.ਟੀ.ਵੀ.), ਨੀਟਾ ਮਾਛੀਕੇ, ਇੰਡੋ ਯੂ.ਐੱਸ. ਹੈਰੀਟੇਜ, ਫਰਿਜ਼ਨੋ (ਸਾਧੂ ਸਿੰਘ ਸੰਘਾ, ਮਨਜੀਤ ਸਿੰਘ ਕੁਲਾਰ, ਰਣਜੀਤ ਸਿੰਘ ਗਿੱਲ, ਹੈਰੀ ਮਾਨ), ਜੀ.ਐੱਚ. ਜੀ ਡਾਂਸ ਐਂਡ ਸੰਗੀਤ ਅਕੈਡਮੀ ਦਾ ਧੰਨਵਾਦ ਕੀਤਾ ਗਿਆ। ਹੋਰ ਮਹਿਮਾਨਾਂ ਵਿਚ ਚਰਨਜੀਤ ਸਿੰਘ ਬਾਠ, ਡਾ. ਮਹਿੰਦਰ ਸਿੰਘ ਪੂਨੀਆ, ਕੋਚ ਦਰਸ਼ਨ ਸਿੰਘ, ਕਰਮ ਸਿੰਘ ਮਾਨ, ਗੁਰਮਿੰਦਰ ਸਿੰਘ ਸੰਘਾ (ਡੀਨ ਫਰਿਜ਼ਨੋ ਸਿਟੀ ਕਾਲਜ), ਹਰਜਿੰਦਰ ਸਿੰਘ ਸੈਣੀ (ਸਿਟੀ ਆਫ਼ ਫਰਿਜ਼ਨੋ, ਮੇਅਰ ਆਫਸ) ਵਿਸ਼ੇਸ਼ ਤੌਰ 'ਤੇ ਸਮਾਗਮ ਵਿਚ ਹਾਜ਼ਰ ਰਹੇ। ਸਟੇਜ ਦੀ ਜ਼ਿੰਮੇਵਾਰੀ ਹਰਜਿੰਦਰ ਢੇਸੀ ਨੇ ਬਾਖ਼ੂਬੀ ਨਿਭਾਈ। ਆਏ ਹੋਏ ਸਭਨਾਂ ਲਈ ਚਾਹ ਪਕੌੜੇ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ।ਕੁਲ ਮਿਲਾ ਕੇ ਇਹ ਸਮਾਗਮ ਸਫਲ ਹੋ ਨਿੱਬੜਿਆ ਅਤੇ ਭਾਈਚਾਰੇ ਦੇ ਚੇਤਿਆਂ 'ਚ ਵਸ ਗਿਆ।ਅਗਲੇ ਸਮਾਗਮ ਵਿਚ ਫਿਰ ਮਿਲਣ ਦੇ ਵਾਅਦੇ ਨਾਲ ਪ੍ਰਬੰਧਕਾਂ ਵਲੋਂ ਸਮਾਗਮ ਦੀ ਸਮਾਪਤੀ ਦਾ ਐਲਾਨ ਕੀਤਾ ਗਿਆ।

# ਭੰਡਾਰੀ ਅਦਬੀ ਟਰੱਸਟ ਵੱਲੋਂ ਕਾਰਗਿਲ ਦੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ

**ਚੰਡੀਗੜ੍ਹ-** ਕਾਰਗਿਲ ਵਿਜੇ ਦਿਵਸ ਮੌਕੇ ਭੰਡਾਰੀ ਅਦਬੀ ਟਰੱਸਟ ਵੱਲੋਂ ਅਸ਼ੋਕ ਨਾਦਿਰ ਭੰਡਾਰੀ ਦੀ ਪ੍ਰਧਾਨਗੀ ਹੇਠ ਭਾਰਤ-ਪਾਕਿਸਤਾਨ ਕਾਰਗਿਲ ਜੰਗ ਵਿਚ ਜਿੱਤ ਪ੍ਰਾਪਤ ਕਰਨ




ਕੀਤੇ ਅਤੇ ਮਾਤ ਭੂਮੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਆਪਣੇ ਸੀਨੀਅਰ ਅਤੇ ਜੂਨੀਅਰ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਉਨ੍ਹਾਂ ਸ਼ਹੀਦਾਂ ਦਾ ਹਮੇਸ਼ਾ ਰਿਣੀ ਰਹੇਗਾ, ਜਿਨ੍ਹਾਂ ਨੇ ਆਪਣੀ ਮਾਤ ਭੂਮੀ ਲਈ ਆਪਣੀਆਂ ਜਾਨਾਂ ਨਿਛਾਵਰ ਕਰਕੇ ਦੇਸ਼ ਨੂੰ ਜਿੱਤ ਦਿਵਾਈ। ਉਨ੍ਹਾਂ ਕਵਿਤਾਵਾਂ ਸੁਣਾਉਂਦੇ ਹੋਏ ਆਪਣੇ ਭਾਵੁਕ ਵਿਚਾਰ ਸਾਂਝੇ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਸਿੱਧ ਕਵੀ ਸਿਰੀ ਰਾਮ ਅਰਸ਼, ਪ੍ਰੇਮ ਵਿੱਜ, ਬਿਜੇਂਦਰ ਸਿੰਘ, ਡੇਜ਼ੀ ਬੇਦੀ, ਡਾ: ਪੁਨੀਤ ਬੇਦੀ, ਰਾਜਬੀਰ ਦੇਸਵਾਲ (ਆਈ.ਪੀ.ਐਸ.), ਨੀਤੂ ਕਤਿਆਲ, ਸਵਿਤਾ ਗਰਗ, ਸੰਨੀ ਸਾਗਰ, ਪਾਲ ਅਜਨਬੀ, ਐਨ.ਕੇ.ਸ਼ਰਮਾ, ਸੁਰਿੰਦਰ ਕੁਮਾਰ, ਅਨੀਸ਼ ਗਰਗ, ਸਤਿਆਵਤੀ ਅਚਾਰੀਆ, ਕਰਨਲ ਮਹੇਸ਼ ਚੱਢਾ, ਬਾਲ ਕ੍ਰਿਸ਼ਨ, ਰਾਜਨ ਸ਼ਰਮਾ ਅਤੇ ਹੋਰਨਾਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਕਾਰਗਿਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਟਰੱਸਟ ਦੇ



ਵਾਲੇ ਦੇਸ਼ ਦੇ ਬਹਾਦਰ ਸੈਨਿਕਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਭਾਰਤ ਮਾਤਾ ਦੇ ਬਹਾਦਰ ਪੁੱਤਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, ਜਿਨ੍ਹਾਂ ਨੇ ਕਾਰਗਿਲ ਜੰਗ ਵਿਚ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।

ਪ੍ਰੋਗਰਾਮ ਦੀ ਸ਼ੁਰੂਆਤ ਕਾਰਗਿਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ। ਉਘੇ ਸ਼ਾਇਰ, ਸਮਾਜ ਸੇਵੀ ਅਤੇ ਚੇਅਰਮੈਨ ਅਸ਼ੋਕ ਨਾਦਿਰ ਭੰਡਾਰੀ ਨੇ ਟਰੱਸਟ ਵੱਲੋਂ ਸਮਾਜ ਵਿੱਚ ਕੀਤੀਆਂ ਜਾਂਦੀਆਂ ਸਮਾਜਿਕ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਸੀ.ਕੇ.ਸੂਦ (ਅਨੁਜ ਸੂਦ ਦੇ ਪਿਤਾ), ਮੇਜਰ ਜਨਰਲ (ਸੇਵਾਮੁਕਤ) ਰਾਜ ਮਹਿਤਾ, ਮੇਜਰ ਜਨਰਲ ਪੁਸ਼ਪਿੰਦਰ ਸਿੰਘ, ਬ੍ਰਿਗੇਡੀਅਰ ਸ. ਓਂਕਾਰ ਸਿੰਘ ਗੁਰਾਇਆ ਅਤੇ ਕਰਨਲ ਐਸ ਐਸ ਕਾਲੀਆ ਨੇ ਜੰਗ ਦੌਰਾਨ ਆਪਣੇ ਔਖੇ ਤਜ਼ਰਬੇ ਸਾਂਝੇ ਚੇਅਰਮੈਨ ਅਸ਼ੋਕ ਨਾਦਿਰ ਭੰਡਾਰੀ ਅਤੇ ਸਰਪ੍ਰਸਤ ਸਿਰੀ ਰਾਮ ਅਰਸ਼ ਨੇ ਸ੍ਰੀ ਰਾਜ ਮਹਿਤਾ, ਸ. ਪੁਸ਼ਪਿੰਦਰ ਸਿੰਘ, ਓਂਕਾਰ ਸਿੰਘ ਗੁਰਾਇਆ ਅਤੇ ਐਸ.ਐਸ ਕਾਲੀਆ ਨੂੰ ਸਨਮਾਨਿਤ ਕੀਤਾ। ਅੰਤ ਵਿੱਚ ਪ੍ਰਬੰਧਕਾਂ ਨੇ ਭਾਗ ਲੈਣ ਵਾਲਿਆਂ ਨੂੰ ਪੌਦੇ ਵੰਡੇ। ਸ੍ਰੀ ਅਨੀਸ਼ ਨੇ ਪ੍ਰੋਗਰਾਮ ਦਾ ਸੰਚਾਲਨ ਕੀਤਾ।

**- ਅਵਤਾਰ ਸਿੰਘ ਭੰਵਰਾ**

# ਸਮਾਜ ਵਿੱਚ ਜ਼ੁਰਮ ਕਿਵੇਂ ਵਧਦੇ ਹਨ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਇੱਥੇ ਨਾਵਾਂ ਥਾਵਾਂ ਦਾ ਵੇਰਵਾ ਤਾਂ ਕਾਹਨੂੰ ਲਿਖਣਾ ਐਂ,ਦੇਖੀਆਂ ਸੁਣੀਆਂ ਦੋ ਘਟਨਾਵਾਂ ਦਾ ਵਰਨਣ ਕਰ ਰਿਹਾ ਹਾਂ! ਸ਼ਾਮ ਵੇਲੇ ਨਸ਼ੇੜੀ ਬਾਪ ਨਾਲ ਪੁੱਤ ਝਗੜ ਪਿਆ। ਕੁਥਾਂਹ ਲਾਠੀ ਵੱਜਣ ਨਾਲ ਪਿਉ ਥਾਏਂ ਢੇਰੀ ਹੋ ਗਿਆ। ਸਾਹਮਣੇ ਮੰਜੇ 'ਤੇ ਬੈਠੀ ਮੁੰਡੇ ਦੀ ਦਾਦੀ ਨੇ ਆਪਣੀਆਂ ਅੱਖਾਂ ਸਾਹਵੇਂ ਪੁੱਤ ਮਰਦਾ ਦੇਖਿਆ। ਵਿਰਲਾਪ ਕਰਦੀ ਨੇ ਕੀਰਨੇਂ ਪਾਏ ਕਿ ਭਾਵੇਂ ਹੁਣ ਮੇਰੀ ਸਾਰੀ ਜਮੀਨ ਵਿਕ ਜਾਏ ਪਰ ਦੈਂਤ ਬਣੇ ਛੋਕਰੇ ਨੂੰ ਤਾਂ ਫਾਂਸੀ ਲਵਾਊਂ ਜਿਸ ਪਾਪੀ ਨੇ ਮੇਰੇ ਸਾਹਮਣੇ ਮੇਰਾ ਨਿੱਹਥਾ ਪੁੱਤ ਮਾਰ ਦਿੱਤਾ !

ਸਵੇਰੇ ਪੁਲੀਸ ਨੇ ਆਉਣਾ ਸੀ। ਪਿੰਡ ਦੇ ਮੋਹਤਬਰ ਬੰਦੇ ਕਤਲ ਵਾਲ਼ੇ ਘਰੇ 'ਕੱਠੇ ਹੋਏ...। ਬਜੁਰਗ ਮਾਈ ਨੂੰ ਸਮਝਾਉਣ ਲੱਗੇ ਕਿ ਭਾਈ ਜੋ ਹੋਣਾ ਸੀ ਸੋ ਹੋ ਗਿਆ, ਹੁਣ ਟੱਬਰ ਦਾ 'ਅੱਗਾ' ਵਿਚਾਰੋ!

ਸਵੇਰੇ ਪੁਲੀਸ ਆਈ 'ਤੇ ਮਾਈ ਨੇ ਬਿਆਨ ਬਦਲ ਲਏ ਅਖੇ ਕਤਲ ਵੇਲੇ ਮੈਂ ਵਿਹੜੇ 'ਚ ਜਰੂਰ ਬੈਠੀ ਸੀ ਪਰ ਮੈਨੂੰ ਅੱਖਾਂ ਤੋਂ ਬਹੁਤ ਝੌਲ਼ਾ ਦਿਸਦਾ ਐ...। ਮੈਨੂੰ ਪਤਾ ਨੀ ਕਿਹਨੇ ਮੇਰੇ ਪੁੱਤ ਦੇ ਕੀ ਮਾਰਿਆ!

ਦਾਦੀ ਦੇ ਏਸ ਬਿਆਨ ਕਾਰਨ ਪਹਿਲਾਂ ਤਾਂ ਪੋਤੇ ਦੀ ਬੜੀ ਜਲਦੀ ਜ਼ਮਾਨਤ ਹੋ ਗਈ ਤੇ ਫਿਰ ਛੇਤੀ ਹੀ ਉਹ ਕਤਲ ਕੇਸ 'ਚੋਂ ਬਰੀ ਵੀ ਹੋ ਗਿਆ!

ਉਹਦੇ ਬਰੀ ਹੋਣ ਤੋਂ ਕੁੱਝ ਕੁ ਦਿਨਾਂ ਬਾਅਦ ਬਿਲਕੁਲ ਨਾਲ਼ ਲਗਦੇ ਪਿੰਡ, ਪਿਉ ਕੋਲੋਂ ਜਮੀਨ ਦਾ ਹਿੱਸਾ ਮੰਗਦੇ ਇੱਕ ਅਣਵਿਆਹੇ ਮੁੰਡੇ ਨੇ ਲੜਾਈ ਕਰਦਿਆਂ ਆਪਣੇ ਪਿਉ ਦੇ ਕੁਹਾੜੀ ਮਾਰੀ! ਹਸਪਤਾਲ਼ੋਂ ਪੱਟੀ ਵਗੈਰਾ ਕਰਾ ਕੇ ਘਰੇ ਆਏ ਪਿਉ ਦੀ ਖਬਰਸਾਰ ਲੈਣ ਆਏ ਲੋਕ ਮੁੰਡੇ ਨੂੰ ਲਾਹਣਤਾਂ ਪਾਉਣ ਕਿ ਕਮਲ਼ਿਆ ਜੇ ਤੇਰਾ ਬਾਪ ਮਰ ਜਾਂਦਾ ਫੇਰ?

ਬਾਂਦਰ ਮੁੰਡਾ ਗੁਆਂਢੀ ਪਿੰਡ ਵਾਲ਼ੇ ਬਰੀ ਹੋ ਕੇ ਆਏ ਕਾਤਲ ਮੁੰਡੇ ਦਾ ਨਾਂ ਲੈ ਕੇ ਕਹੇ ਅਖੇ ਫੇਰ ਕੀ ਹੋ ਜਾਣਾ ਸੀ? ਮੈਂ ਵੀ ਫਲਾਣੇ ਵਾਂਗ ਛੇਤੀ ਛੁੱਟ ਕੇ ਆ ਹੀ ਜਾਣਾ ਸੀ!

ਇਖਲਾਕੀ ਬਦਤਮੀਜੀ ਦਾ ਸ਼ਿਕਾਰ ਹੋਈਆਂ ਭਲਵਾਨ ਕੁੜੀਆਂ ਦੇਸ ਦੀ ਰਾਜਧਾਨੀ 'ਚ ਕਈ ਮਹੀਨੇ ਬਹਿ ਕੇ ਪਿੱਟ ਹਟੀਆਂ ਪਰ ਗੁਨਾਹਗਾਰ ਦੀ ਸਰਕਾਰੀ ਪੁਸ਼ਤਪਨਾਹੀ ਕੀਤੀ ਗਈ!

ਸਾਧਵੀਆਂ ਦੀ ਇਜੱਤ ਨਾਲ ਖੇਡ੍ਹਣ ਅਤੇ ਕਤਲ ਵਰਗੇ ਘੋਰ ਜ਼ੁਰਮਾਂ ਕਾਰਨ ਜੇਲ੍ਹ ਵਿੱਚ ਸਜ਼ਾ ਭੁਗਤ ਰਹੇ ਇੱਕ ਗੁੰਡੇ ਨੂੰ ਵਾਰ ਵਾਰ 'ਪੈਰੋਲ ਦੇ ਗੱਫੇ' ਦਿੱਤੇ ਜਾ ਰਹੇ ਨੇ!

ਸੋ, ਬਦਮਾਸ਼ੀ ਕਰਨ ਲਈ ਮਨੀ ਪੁਰ ਵਾਲ਼ਿਆਂ ਦੇ ਹਿਆਂ ਤੇ ਹੌਂਸਲੇ ਕਿਉਂ ਨਾ ਵਧਣ ਜੀ?

**ਜਨਮ ਦਿਨ ਮੁਬਾਰਕ**




ਸੀਰਤ ਕੌਰ
ਪਿਤਾ-ਬਲਜੀਤ ਸਿੰਘ
ਮਾਤਾ-ਰਾਜਵੀਰ ਕੌਰ
(ਪੋਤਰੀ ਦੁਪਾਲ ਪੁਰੀ ਪ੍ਰਵਾਰ)

# ਭਾਸ਼ਾ ਵਿਭਾਗ ਪਟਿਆਲਾ ਵਿਖੇ ਤ੍ਰਿਵੇਣੀ ਸਾਹਿਤ ਪਰਿਸ਼ਦ ਦਾ ਸਾਵਣ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ

**ਪਟਿਆਲਾ-** ਤ੍ਰਿਵੇਣੀ ਸਾਹਿਤ ਪਰਿਸ਼ਦ (ਰਜਿ:) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਮਾਸਕ ਕਾਵਿ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਤ੍ਰਿਵੇਣੀ ਸਾਹਿਤ ਪਰਿਸ਼ਦ (ਰਜਿ:)ਪਟਿਆਲਾ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਗੁਸੀਲ, ਆਸ਼ਾ ਸ਼ਰਮਾ, ਗੁਰਦੀਪ ਸਿੰਘ ਸੱਗੂ, ਡਾ: ਗੁਰਬਖ਼ਸ਼ ਸਿੰਘ ਅਨੰਦ, ਸੁਖਵਿੰਦਰ ਕੌਰ ਆਹੀ, ਡਾ: ਗੁਰਵਿੰਦਰ ਅਮਨ ਰਾਜਪੁਰਾ ਅਤੇ ਹਰੀ ਸਿੰਘ ਚਮਕ ਸ਼ਾਮਿਲ ਹੋਏ। ਮੰਚ ਸੰਚਾਲਨ ਜਨਰਲ ਸਕੱਤਰ ਮੰਗਤ ਖ਼ਾਨ ਨੇ ਕੀਤਾ। ਸਮਾਗਮ ਦਾ ਅਰੰਭ ਸ਼ਾਮ ਸਿੰਘ ਵਲੋਂ



ਧਾਰਮਿਕ ਗੀਤ ਗਾਇਨ ਕਰ ਕੇ ਕੀਤਾ ਗਿਆ। ਪਰਿਸ਼ਦ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਗੁਸੀਲ ਨੇ ਸਮਾਗਮ ਵਿੱਚ ਪੁੱਜੇ ਸਮੂਹ ਸਾਹਿਤਕਾਰਾਂ ਨੂੰ ਜੀ ਆਇਆਂ ਕਿਹਾ ਅਤੇ ਅਪਣੇ ਵਿਚਾਰ ਸਾਂਝੇ ਕੀਤੇ। ਮੰਚ ਸੰਚਾਲਕ ਦੇ ਸੱਦੇ ਤੇ ਇਸ ਸਮਾਗਮ ਦੇ ਕਵੀ ਦਰਬਾਰ ਵਿਚ ਜੱਗਾ ਰੰਗੂਵਾਲ, ਦਲੀਪ ਸਿੰਘ ਨਿਰਮਾਣ, ਚਰਨਜੀਤ ਜੋਤ, ਕਿਰਪਾਲ ਸਿੰਘ ਮੂਨਕ,ਹਰਦੀਪ ਕੌਰ ਜੱਸੋਵਾਲ, ਸਤੀਸ਼ ਵਿਦਰੋਹੀ, ਰਾਮ ਸਿੰਘ ਬੰਗ, ਜਗਜੀਤ ਸਿੰਘ ਸਾਹਨੀ, ਕੁਲਵੰਤ ਸਿੰਘ ਸੈਦੋਕੇ, ਬਲਬੀਰ ਸਿੰਘ ਦਿਲਦਾਰ, ਸ਼ਾਮ ਸਿੰਘ, ਬਲਦੇਵ ਸਿੰਘ ਬਿੰਦਰਾ, ਗੁਰਿੰਦਰ ਪੰਜਾਬੀ, ਕੁਲਜੀਤ ਕੌਰ, ਬਲਵਿੰਦਰ ਸਿੰਘ ਭੱਟੀ, ਅਨੀਤਾ ਪਟਿਆਲਵੀ, ਚਮਕੌਰ ਸਿੰਘ ਚਹਿਲ, ਅੰਜੂ ਬਾਲਾ ਤਬੱਸੁਮ, ਕ੍ਰਿਸ਼ਨ ਲਾਲ ਧੀਮਾਨ, ਕੁਲਦੀਪ ਕੌਰ ਧੰਜੂ, ਅਨੀਤਾ ਅਰੋੜਾ, ਅਮਰਜੀਤ ਕੌਰ ਆਸ਼ਟਾ, ਤਿਰਲੋਕ ਸਿੰਘ ਢਿਲੋਂ, ਸ਼ਹਿਬਾਜ਼ ਸੈਫ਼ੀ ਮਾਲੇਰਕੋਟਲਾ, ਸੁਰਿੰਦਰ ਕੌਰ ਬਾੜਾ, ਆਸ਼ਾ ਸ਼ਰਮਾ, ਅਨੀਤਾ ਪਟਿਆਲਵੀ, ਸੁਖਵਿੰਦਰ ਕੌਰ, ਕੁਲਜੀਤ ਕੌਰ, ਹਰੀ ਸਿੰਘ ਚਮਕ ਅਤੇ ਡਾ: ਗੁਰਬਖ਼ਸ਼ ਸਿੰਘ ਅਨੰਦ ਨੇ ਅਪਣੀਆਂ ਰਚਨਾਵਾਂ ਪੜ੍ਹੀਆਂ। ਕਾਵਿ ਗੋਸ਼ਟੀ ਵਿੱਚ ਸ਼ਾਮਿਲ ਹੋਏ ਕਵੀਆਂ ਨੇ ਵੱਖ ਵੱਖ ਵਿਸ਼ਿਆਂ ਤੇ ਰਚਨਾਂਵਾਂ ਪੇਸ਼ ਕੀਤੀਆਂ। ਹੜ੍ਹਾਂ ਤੋਂ ਹੋਏ ਜਾਨੀ ਤੇ ਮਾਲੀ ਨੁਕਸਾਨ ਅਤੇ ਔਰਤਾਂ ਦੇ ਅਪਮਾਨ ਦੀਆਂ ਘਟਨਾਵਾਂ ਤੇ ਦੁੱਖ ਪਰਗਟ ਕੀਤਾ ਅਤੇ ਜਾਗਰੂਕ ਹੋਣ ਦਾ ਸੁਨੇਹਾ ਦਿੱਤਾ। ਗੁਰਦੀਪ ਸਿੰਘ ਸੱਗੂ ਜੀ ਨੇ ਸਮਾਗਮ ਬਾਰੇ ਅਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ। ਇਸ ਸਮਾਗਮ ਵਿੱਚ ਰਾਜੇਸ਼ ਕੋਟੀਆ, ਮਨੋਹਰ ਲਾਲ, ਬਲਵਿੰਦਰ ਸਿੰਘ, ਦਿਨੇਸ਼ ਕੁਮਾਰ ਰਾਜਪੁਰਾ, ਗੁਰਨਾਮ ਸਿੰਘ ਅਤੇ ਜੋਗਾ ਸਿੰਘ ਧਨੌਲਾ ਨੇ ਬਤੌਰ ਸਰੋਤਾ ਆਪਣੀ ਹਾਜ਼ਰੀ ਲਗਵਾਈ । ਅੰਤ ਵਿਚ ਤ੍ਰਿਵੇਣੀ ਸਾਹਿਤ ਪਰਿਸ਼ਦ ਦੇ ਪ੍ਰਧਾਨ ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ ਵੱਲੋਂ ਮੰਚ ਤੋਂ ਆਪਣੀ ਰਚਨਾ ਸਾਂਝੀ ਕੀਤੀ ਅਤੇ ਆਏ ਹੋਏ ਸਭ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਗਿਆ। ਮੰਗਤ ਖ਼ਾਨ ਨੇ ਮੰਚ ਸੰਚਾਲਨ ਦੀ ਜਿੰਮੇਵਾਰੀ ਬਾਖ਼ੂਬੀ ਨਿਭਾਈ। ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।

# ਬਾਬਾ ਬੂਝਾ ਸਿੰਘ ਯਾਦਗਾਰੀ ਸਮਾਗਮ 'ਚ ਲੋਕ ਸੰਗਰਾਮ ਜਾਰੀ ਰੱਖਣ ਦਾ ਅਹਿਦ

**ਜਲੰਧਰ-** ਗ਼ਦਰ ਪਾਰਟੀ, ਕਿਰਤੀ ਲਹਿਰ, ਕਮਿਊਨਿਸਟ ਇਨਕਲਾਬੀ (ਨਕਸਲਬਾੜੀ) ਲਹਿਰ ਅਤੇ ਦੇਸ਼ ਭਗਤ ਯਾਦਗਾਰ ਹਾਲ ਦੇ ਸੰਸਥਾਪਕਾਂ 'ਚ ਮੋਢੀ ਕਤਾਰ ਦੇ ਘੁਲਾਟੀਏ ਬਾਬਾ ਬੂਝਾ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਇਤਿਹਾਸ, ਸਾਡੇ ਸਮਿਆਂ ਦੇ ਭਖ਼ਦੇ ਸੁਆਲਾਂ ਬਾਰੇ ਗਹਿਰ-ਗੰਭੀਰ ਵਿਚਾਰਾਂ ਹੋਈਆਂ।



ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਇਸ ਨਾਲ ਜੁੜੇ ਕਾਮਿਆਂ ਨੇ ਬਾਬਾ ਬੂਝਾ ਸਿੰਘ ਦੀ ਤਸਵੀਰ ਨੂੰ ਫੁੱਲਾਂ ਨਾਲ ਸਿਜਦਾ ਕਰਦਿਆਂ ਖੜ੍ਹੇ ਹੋ ਕੇ ਅਹਿਦ ਲਿਆ ਕਿ ਬਾਬਾ ਬੂਝਾ ਸਿੰਘ ਜੋ ਜ਼ਿੰਦਗੀ ਸਫ਼ਰ ਦੇ ਅੱਠ ਦਹਾਕੇ ਤੋਂ ਵੀ ਵੱਧ ਪਾਰ ਕਰ ਚੁੱਕੇ ਸਨ, ਉਹਨਾਂ ਨੂੰ ਫੜਕੇ, ਵਹਿਸ਼ੀਆਨਾ ਤਸ਼ੱਦਦ ਢਾਅ ਕੇ, ਝੂਠੇ ਪੁਲਸ ਮੁਕਾਬਲੇ 'ਚ ਸੱਤਰਵੇਂ ਦੇ ਦੌਰ 'ਚ ਮਾਰ ਮੁਕਾਉਣ ਨਾਲ ਲੋਕ-ਮੁਕਤੀ ਸੰਗਰਾਮ ਦਾ ਸਫ਼ਰ ਨਹੀਂ ਰੁਕਿਆ। ਇਹ ਲੋਕ-ਸੰਘਰਸ਼, ਸਾਂਝੀਵਾਲਤਾ ਭਰੇ ਦੇਸੀ ਬਦੇਸੀ ਲੁੱਟ, ਦਾਬੇ ਅਤੇ ਜ਼ਬਰ ਤੋਂ ਮੁਕਤ ਨਿਜ਼ਾਮ ਤੱਕ ਜਾਰੀ ਰਹੇਗਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਨੇ ਗੁਰੂ ਨਾਨਕ ਇੰਜੀਨੀਅਰ ਕਾਲਜ ਲੁਧਿਆਣਾ ਵਿਖੇ ਪੜ੍ਹਦੇ ਸਮੇਂ ਬਾਬਾ ਬੂਝਾ ਸਿੰਘ ਤੋਂ ਮਿਲੀਆਂ ਸਿੱਖਿਆਵਾਂ ਦਾ ਜ਼ਿਕਰ ਕਰਦਿਆਂ ਅਮੁੱਲੇ ਸਬਕ ਅਜੋਕੀ ਪੀੜ੍ਹੀ ਲਈ ਵਰਦਾਨ ਕਰਾਰਾ ਦਿੱਤਾ।

ਕਮੇਟੀ ਦੇ ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਜਿਹਨਾਂ ਨੇ ਬਚਪਨ ਤੋਂ ਲੈ ਕੇ ਬਾਬਾ ਬੂਝਾ ਸਿੰਘ ਨਾਲ ਇਨਕਲਾਬੀ ਲਹਿਰ 'ਚ ਗੁਜ਼ਾਰਿਆਂ ਅਤੇ ਆਪ ਵੀ ਨੂਰਮਹਿਲ ਬਾਗ਼ ਵਿੱਚ ਗੁਪਤ ਪ੍ਰੈਸ ਤੇ 'ਲੋਕ ਯੁੱਧ' ਪਰਚਾ ਛਾਪਦੇ ਅਤੇ 12 ਸਾਲ ਗੁਪਤਵਾਸ ਰਹੇ ਉਹਨਾਂ ਨੇ ਬਾਬਾ ਬੂਝਾ ਸਿੰਘ ਦੀਆਂ ਸੰਗਰਾਮੀ ਯਾਦਾਂ ਸਾਂਝੀਆਂ ਕੀਤੀਆਂ।

ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਬਾਬਾ ਬੂਝਾ ਸਿੰਘ, 'ਕਲਮ ਅਤੇ ਇਨਕਲਾਬੀ ਸੰਘਰਸ਼ ਦੇ ਸੁਮੇਲ' ਦਾ ਦੂਜਾ ਨਾਮ ਹੈ। ਉਹਨਾਂ ਕਿਹਾ ਕਿ ਮਨੀਪੁਰ, ਪਹਿਲਵਾਨ ਕੁੜੀਆਂ, ਆਦਿਵਾਸੀਆਂ ਦੇ ਉਜਾੜੇ ਲਈ ਵਿਆਪਕ ਹੱਲੇ ਦੀਆਂ ਗੋਂਦਾ ਗੁੰਦਣ, ਜੰਗਲ, ਜਲ, ਜ਼ਮੀਨ, ਸਿੱਖਿਆ, ਸਿਹਤ, ਰੁਜ਼ਗਾਰ, ਇਤਿਹਾਸ, ਸਾਹਿਤ ਅਤੇ ਲੋਕ ਕਲਾ ਆਦਿ ਤੋਂ ਲੋਕਾਂ ਨੂੰ ਵਿਰਵੇ ਕਰਨ ਵਾਲੇ ਲੋਕ ਦੋਖੀ ਨਿਜ਼ਾਮ ਨੂੰ ਮੂਲੋਂ ਬਦਲਕੇ ਲੋਕਾਂ ਦੇ ਸਵੈ-ਮਾਣ ਭਰਿਆ ਰਾਜ ਅਤੇ ਸਮਾਜ ਸਿਰਜਣ ਦਾ ਉਦੇਸ਼ ਸੀ; ਬਾਬਾ ਬੂਝਾ ਸਿੰਘ ਦਾ। ਉਹਨਾਂ ਕਿਹਾ ਕਿ ਇਸ ਉਦੇਸ਼ ਦੀ ਪੂਰਤੀ ਲਈ ਕਾਫ਼ਲਾ ਚੱਲਦਾ ਰਹੇਗਾ। ਕਮੇਟੀ ਮੈਂਬਰ ਡਾ. ਸੈਲੇਸ਼ ਨੇ ਇਤਿਹਾਸ, ਸਾਹਿਤ, ਕਲਾ, ਸਭਿਆਚਾਰ ਦੀ ਮਹੱਤਵਪੂਰਨ ਭੂਮਿਕਾ ਨੂੰ ਸਮਝਕੇ ਬਾਬਾ ਬੂਝਾ ਸਿੰਘ ਦੇ ਸੁਪਨੇ ਸਾਕਾਰ ਕਰਨ ਦਾ ਸੁਨੇਹਾ ਦਿੱਤਾ। ਤਰਕਸ਼ੀਲ ਆਗੂ ਪਰਮਜੀਤ ਸਿੰਘ ਨੇ ਜੋਗਿੰਦਰ ਆਜ਼ਾਦ ਦੀ ਕਵਿਤਾ 'ਖ਼ਤਰਨਾਕ ਕੁੜੀਆਂ' ਸੁਣਾਉਂਦੇ ਹੋਏ ਬਾਬਾ ਬੂਝਾ ਸਿੰਘ ਦੀ ਔਰਤ ਵਰਗ ਦੀ ਮੁਕਤੀ ਲਈ ਕਰਨੀ ਨੂੰ ਸਲਾਮ ਕੀਤਾ।

# 'ਪੰਜਾਬੀਆਂ ਦੀ ਮਰਨ-ਮਿੱਟੀ' 'ਤੇ ਵਿਚਾਰ-ਚਰਚਾ ਦੀਆਂ ਤਿਆਰੀਆਂ ਮੁਕੰਮਲ

**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਤਿਹਾਸ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ ਦੀ ਪੁਸਤਕ 'ਪੰਜਾਬੀਆਂ ਦੀ ਮਰਨ-ਮਿੱਟੀ' 'ਤੇ 30 ਜੁਲਾਈ 2023 ਦਿਨ ਐਤਵਾਰ ਸ਼ਾਮ ਠੀਕ 3:00 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਹੋ ਰਹੀ ਵਿਚਾਰ-ਚਰਚਾ ਦੀਆਂ ਤਿਆਰੀਆਂ ਨੂੰ ਅੱਜ ਅੰਤਿਮ ਛੋਹਾਂ ਦਿੱਤੀਆਂ ਗਈਆਂ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਡਾ. ਸੇਵਾ ਸਿੰਘ, ਡਾ. ਪਰਮਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਣ ਵਾਲੀ ਵਿਚਾਰ-ਚਰਚਾ 'ਚ ਪ੍ਰੋ. ਸੁਖਜਿੰਦਰ ਸਿੰਘ (ਫਰੀਦਕੋਟ) ਪਰਚਾ ਪੜ੍ਹਨਗੇ। ਵਿਚਾਰ-ਚਰਚਾ 'ਚ ਪ੍ਰੋ. ਕੁਲਵੰਤ ਸਿੰਘ ਔਜਲਾ, ਪ੍ਰੋ. ਸੁਰਜੀਤ ਜੱਜ, ਸ਼ਬਦੀਸ਼, ਡਾ. ਜਗਵਿੰਦਰ ਜੋਧਾ, ਪ੍ਰੋ. ਕੁਲਵੰਤ ਸਿੰਘ ਸੰਧੂ, ਤਸਕੀਨ, ਦੇਸ ਰਾਜ ਕਾਲੀ, ਮਨਦੀਪ ਸਨੇਹੀ, ਦੀਪ ਨਿਰਮੋਹੀ, ਹਰਮੀਤ ਵਿਦਿਆਰਥੀ, ਜਰਮਨਜੀਤ ਸਿੰਘ, ਡਾ. ਚਰਨਦੀਪ, ਡਾ. ਸੈਲੇਸ਼ ਅਤੇ ਹਰਮੇਸ਼ ਮਾਲੜੀ ਆਪਣੇ ਵਿਚਾਰ ਪੇਸ਼ ਕਰਨਗੇ।

ਉਨ੍ਹਾਂ ਦੱਸਿਆ ਕਿ ਵਿਚਾਰ-ਚਰਚਾ ਦਾ ਆਗਾਜ਼ ਸ਼ਹੀਦ ਊਧਮ ਸਿੰਘ ਅਤੇ ਕਾਲ਼ਿਆਂ ਵਾਲਾ ਖੂਹ ਦੇ ਸ਼ਹੀਦਾਂ ਤੋਂ ਇਲਾਵਾ ਜੁਲਾਈ ਮਹੀਨੇ ਦੇ ਸਮੂਹ ਸ਼ਹੀਦਾਂ ਅਤੇ ਆਜ਼ਾਦੀ ਸੰਗਰਾਮ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਸਿਜਦਾ ਕਰਨ ਨਾਲ ਹੋਏਗਾ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਰਾਹੁਲ ਗਾਂਧੀ ਨੇ ਭਾਰਤ ਦੀ ਸਭ ਤੋਂ ਵੱਡੀ ਸਬਜੀ ਮੰਡੀ ਆਜ਼ਾਦਪੁਰ ਮੰਡੀ ਦਿੱਲੀ ਵਿਖੇ ਵਿਕਰੇਤਾਵਾਂ ਤੇ ਵਪਾਰੀਆਂ ਨਾਲ ਕੀਤੀ ਮੁਲਾਕਾਤ



**ਜਲੰਧਰ (ਜੱਸੀ)–** ਕਾਂਗਰਸ ਦੇ ਪ੍ਰਮੁੱਖ ਆਗੂ ਸ੍ਰੀ ਰਾਹੁਲ ਗਾਂਧੀ ਅੱਜ ਭਾਰਤ ਦੀ ਸਭ ਤੋਂ ਵੱਡੀ ਸਬਜ਼ੀ ਮੰਡੀ ਆਜ਼ਾਦਪੁਰ ਮੰਡੀ, ਦਿੱਲੀ ਵਿਖੇ ਪੁੱਜੇ ਅਤੇ ਉਥੋਂ ਦੇ ਵਿਕਰੇਤਾਵਾਂ ਅਤੇ ਵਪਾਰੀਆਂ ਨਾਲ ਮੁਲਾਕਾਤ ਕੀਤੀ । ਸ੍ਰੀ ਰਾਹੁਲ ਗਾਂਧੀ ਨੇ ਸਾਰਿਆਂ ਨੂੰ ਮਿਲਕੇ ਅਤੇ ਉਨ੍ਹਾਂ ਦੇ ਕੰਮ, ਸਮੱਸਿਆਵਾਂ, ਵਧਦੀਆਂ ਕੀਮਤਾਂ ਅਤੇ ਉਨ੍ਹਾਂ ਦੀਆਂ ਭਵਿੱਖ ਦੀਆਂ ਇੱਛਾਵਾਂ ਬਾਰੇ ਚਰਚਾ ਕੀਤੀ।

ਸ੍ਰੀ ਰਾਹੁਲ ਗਾਂਧੀ ਭਾਰਤ ਜੋੜੋ ਯਾਤਰਾ ਤੋਂ ਬਾਅਦ ਦੇਸ਼ ਭਰ ਵਿੱਚ ਆਮ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਂਵਾਂ ਬਾਰੇ ਜਾਣਦੇ ਹਨ।

# ਵਿਧਾਇਕ ਨਰਿੰਦਰ ਕੌਰ ਭਰਾਜ ਨੇ ਹਲਕਾ ਸੰਗਰੂਰ ਦੇ ਰੈਗੂਲਰ ਹੋਏ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ

**ਸੰਗਰੂਰ, (ਦਲਜੀਤ ਕੌਰ)–** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਨਵੀਂ ਕ੍ਰਾਂਤੀ ਲਿਆਉਣ ਲਈ ਅਣਥੱਕ ਮਿਹਨਤ ਕੀਤੀ ਜਾ ਰਹੀ ਹੈ ਅਤੇ ਹਾਲ ਹੀ ਵਿੱਚ ਪੰਜਾਬ ਸਰਕਾਰ ਵੱਲੋਂ ਸਿੱਖਿਆ ਵਿਭਾਗ ਵਿੱਚ ਕੰਮ ਕਰ ਰਹੇ 12 ਹਜ਼ਾਰ 710 ਠੇਕਾ ਅਧਾਰਿਤ ਅਧਿਆਪਕਾਂ ਨੂੰ ਰੈਗੂਲਰ ਨਿਯੁਕਤੀ ਪੱਤਰ ਸੌਂਪ ਕੇ ਸ਼ਾਨਦਾਰ ਉਪਰਾਲਾ ਕੀਤਾ ਗਿਆ ਹੈ।




ਇਹ ਪ੍ਰਗਟਾਵਾ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਸੰਗਰੂਰ ਬਲਾਕ-1 ਅਤੇ ਬਲਾਕ-2 ਦੇ ਕੁਝ ਰੈਗੂਲਰ ਹੋਏ ਅਧਿਆਪਕਾਂ ਨੂੰ ਮੁਬਾਰਕਬਾਦ ਭੇਟ ਕਰਦਿਆਂ ਕੀਤਾ। ਉਨ੍ਹਾਂ ਅਧਿਆਪਕਾਂ ਨੂੰ ਹੋਰ ਵੀ ਤਨਦੇਹੀ ਨਾਲ ਅਧਿਆਪਨ ਸੇਵਾਵਾਂ ਨਿਭਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਬਣਾਉਣ ਲਈ ਅਧਿਆਪਕ ਵੱਡੀ ਭੂਮਿਕਾ ਨਿਭਾਅ ਸਕਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਧਿਆਪਕ ਵਰਗ ਨਾਲ ਕੀਤੇ ਵੱਡੇ ਵਾਅਦੇ ਨੂੰ ਪੂਰਾ ਕੀਤਾ ਗਿਆ ਹੈ ਜਿਸ ਲਈ ਉਹ ਖੁਦ ਵੀ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਦੇ ਧੰਨਵਾਦੀ ਹਨ। ਵਿਧਾਇਕ ਨੇ ਦੱਸਿਆ ਕਿ ਹਲਕਾ ਸੰਗਰੂਰ ਤੋਂ ਕਰੀਬ 120 ਅਧਿਆਪਕਾਂ ਨੂੰ ਸਰਕਾਰ ਵੱਲੋਂ ਰੈਗੂਲਰ ਕੀਤਾ ਗਿਆ ਹੈ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸ਼ਿਵਰਾਜ ਕਪੂਰ, ਬੀ।ਪੀ।ਈ।ਓ ਸੰਗਰੂਰ-1 ਗੁਰਮੀਤ ਸਿੰਘ, ਏਪੀਸੀ ਜਨਰਲ ਗੀਤਿਕਾ ਵੀ ਹਾਜ਼ਰ ਸਨ।

# ਤਿੰਨ ਸਾਲਾਂ 'ਚ ਲਾਪਤਾ ਹੋਈਆਂ 13.13 ਲੱਖ ਤੋਂ ਵੱਧ ਕੁੜੀਆਂ ਤੇ ਮਹਿਲਾਵਾਂ

**ਨਵੀਂ ਦਿੱਲੀ–** ਭਾਰਤ ਦੇ ਕਈ ਸੂਬਿਆਂ 'ਚੋਂ ਤਿੰਨ ਸਾਲਾਂ 'ਚ 13.13 ਲੱਖ ਤੋਂ ਵੱਧ ਕੁੜੀਆਂ ਤੇ ਮਹਿਲਾਵਾਂ ਲਾਪਤਾ ਹੋਈਆਂ। ਪਿਛਲੇ ਹਫ਼ਤੇ ਸੰਸਦ 'ਚ ਪੇਸ਼ ਕੀਤੇ ਗਏ ਕੇਂਦਰੀ ਗ੍ਰਿਹ ਮੰਤਰਾਲੇ ਦੇ ਅੰਕੜਿਆਂ ਮੁਤਾਬਕ 2019 ਤੋਂ 2021 ਦੌਰਾਨ 18 ਸਾਲ ਤੋਂ ਵੱਧ ਉਮਰ ਦੀਆਂ 10, 61,648 ਮਹਿਲਾਵਾਂ ਤੇ ਉਸ ਤੋਂ ਘੱਟ ਉਮਰ ਦੀਆਂ 2,51,430 ਕੁੜੀਆਂ ਲਾਪਤਾ ਹੋਈਆਂ। ਸੰਸਦ ਨੂੰ ਮੁਹਈਆ ਕਰਵਾਏ ਗਏ ਅੰਕੜਿਆਂ ਮੁਤਾਬਕ ਸਭ ਤੋਂ ਵੱਧ ਮੱਧ ਪ੍ਰਦੇਸ਼ ਤੋਂ, ਉਸ ਤੋਂ ਬਾਅਦ ਬੰਗਾਲ 'ਚੋਂ ਮਹਿਲਾਵਾਂ ਤੇ ਕੁੜੀਆਂ ਗਾਇਬ ਹੋਈਆਂ। ਇਹ ਡਾਟਾ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਸੀਆਰਬੀ) ਵੱਲੋਂ ਇਕੱਠਾ ਕੀਤਾ ਗਿਆ ਸੀ।

ਕੇਂਦਰ ਸ਼ਾਸਤ ਸੂਬਿਆਂ 'ਚੋਂ ਦਿੱਲੀ 'ਚ ਕੁੜੀਆਂ ਤੇ ਮਹਿਲਾਵਾਂ ਦੇ ਲਾਪਤਾ ਹੋਣ ਦੀ ਗਿਣਤੀ ਸਭ ਤੋਂ ਵੱਧ ਰਹੀ। ਰਾਸ਼ਟਰੀ ਰਾਜਧਾਨੀ 'ਚ 2019 ਤੇ 2021 ਦੌਰਾਨ 61,054 ਮਹਿਲਾਵਾਂ ਤੇ 22,919 ਕੁੜੀਆਂ ਲਾਪਤਾ ਹੋ ਗਈਆਂ। ਜੰਮੂ ਤੇ ਕਸ਼ਮੀਰ 'ਚ ਉਕਤ ਮਿਆਦ ਦੌਰਾਨ 8,617 ਮਹਿਲਾਵਾਂ ਤੇ 1148 ਕੁੜੀਆਂ ਲਾਪਤਾ ਹੋ ਗਈਆਂ।



ਮੱਧ ਪ੍ਰਦੇਸ਼
ਮਹਿਲਾਵਾਂ 1,60,180
ਕੁੜੀਆਂ 38,606
ਮਹਾਰਾਸ਼ਟਰ
ਮਹਿਲਾਵਾਂ 1,56,905
ਕੁੜੀਆਂ 36,606
ਮਹਾਰਾਸ਼ਟਰ
ਮਹਿਲਾਵਾਂ 1,78,400
ਕੁੜੀਆਂ 13,033
ਓਡੀਸ਼ਾ
ਮਹਿਲਾਵਾਂ 70,222
ਕੁੜੀਆਂ 16,649
ਛੱਤੀਸਗੜ੍ਹ
ਮਹਿਲਾਵਾਂ 49,116
ਕੁੜੀਆਂ 10,817

## ਦੇਸ਼ 'ਚ ਮਹਿਲਾਵਾਂ ਨੂੰ ਸੁਰੱਖਿਆ ਲਈ ਸਰਕਾਰ ਨੇ ਕੀਤੀਆਂ ਹਨ ਕਈ ਪਹਿਲਾਂ

ਸਰਕਾਰ ਨੇ ਸੰਸਦ ਨੂੰ ਇਹ ਵੀ ਦੱਸਿਆ ਹੈ ਕਿ ਉਸ ਨੇ ਦੇਸ਼ 'ਚ ਮਹਿਲਾਵਾਂ ਦੀ ਸੁਰੱਖਿਆ ਲਈ ਕਈ ਪਹਿਲਾਂ ਕੀਤੀਆਂ ਹਨ। ਇਨ੍ਹਾਂ 'ਚ ਜਿਨਸੀ ਅਪਰਾਧਾਂ ਦੀ ਅਸਰਦਾਰ ਰੋਕਥਾਮ ਲਈ ਕਾਨੂੰਨ ਲਾਗੂ ਕਰਨਾ ਸ਼ਾਮਿਲ ਹੈ। ਅਪਰਾਧਿਕ ਕਾਨੂੰਨ ਸੋਧ ਐਕਟ 2018 'ਚ 12 ਸਾਲ ਤੋਂ ਘੱਟ ਉਮਰ ਦੀਆਂ ਕੁੜੀਆਂ ਨਾਲ ਜਬਰ ਜਨਾਹ ਲਈ ਮੌਤ ਦੀ ਸਜ਼ਾ ਸਮੇਤ ਸਖ਼ਤ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਕਾਨੂੰਨ 'ਚ ਜਬਰ ਜਨਾਹ ਦੇ ਮਾਮਲਿਆਂ 'ਚ ਦੋ ਮਹੀਨਿਆਂ 'ਚ ਜਾਂਚ ਪੂਰੀ ਕਰਨ ਤੇ ਚਾਰਜਸ਼ੀਟ ਦਾਖ਼ਲ ਕਰਨ ਤੇ ਅਗਲੇ ਦੋ ਮਹੀਨਿਆਂ 'ਚ ਸੁਣਵਾਈ ਪੂਰੀ ਕਰਨ ਦੀ ਵੀ ਮੱਦ ਕੀਤੀ ਗਈ ਹੈ। ਸਰਕਾਰ ਨੇ ਐਮਰਜੈਂਸੀ ਸਹਾਇਤਾ ਪ੍ਰਣਾਲੀ ਸ਼ੁਰੂ ਕੀਤੀ ਹੈ। ਐਮਰਜੈਂਸੀ ਹਾਲਾਤ 'ਚ ਪੂਰੇ ਦੇਸ਼ 'ਚ ਕਿਤਿਓਂ ਵੀ 112 ਨੰਬਰ 'ਤੇ ਕਾਲ ਕੀਤੀ ਜਾ ਸਕਦੀ ਹੈ। ਸਮਾਰਟ ਪੁਲਿਸਿੰਗ ਤੇ ਸੁਰੱਖਿਆ ਪ੍ਰਬੰਧਨ 'ਚ ਸਹਾਇਤਾ ਲਈ ਤਕਨੀਕ ਦਾ ਇਸਤੇਮਾਲ ਕਰਦਿਆਂ ਪਹਿਲੇ ਪੜਾਅ 'ਚ ਅੱਠ ਸ਼ਹਿਰਾਂ– ਅਹਿਮਦਾਬਾਦ, ਬੈਂਗਲੁਰੂ, ਚੇਨਈ, ਦਿੱਲੀ, ਹੈਦਰਾਬਾਦ, ਕੋਲਕਾਤਾ, ਲਖਨਊ ਤੇ ਮੁੰਬਈ 'ਚ ਸੇਫ ਸਿਟੀ ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਗ੍ਰਹਿ ਮੰਤਰਾਲੇ ਨੇ ਨਾਗਰਿਕਾਂ ਲਈ ਅਸ਼ਲੀਲ ਸਮੱਗਰੀ ਦੀ ਰਿਪੋਰਟ ਕਰਨ ਲੀ 20 ਸਤੰਬਰ, 2018 ਨੂੰ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ ਲਾਂਚ ਕੀਤਾ ਸੀ। ਗ੍ਰਹਿ ਮੰਤਰਾਲੇ ਨੇ ਦੇਸ਼ ਭਰ 'ਚ ਜਿਨਸੀ ਅਪਰਾਧੀਆ 'ਤੇ ਰਾਸ਼ਟਰੀ ਡਾਟਾਬੇਸ ਵੀ ਲਾਂਚ ਕੀਤਾ ਹੈ।







# ਬਹੁਤ ਪੁਰਾਣਾ ਹੈ ਹਾਕੀ ਦਾ ਇਤਿਹਾਸ

ਬਚਪਨ ਵਿਚ ਜਦੋਂ ਸਕੂਲ 'ਚ ਇਤਿਹਾਸ ਦੇ ਮਾਸਟਰ ਕਲਾਸ 'ਚ ਪੁੱਛਦੇ ਸੀ ਕਿ 'ਬੱਚੋ ਦੱਸੋ ਭਾਰਤ ਦੀ ਰਾਸ਼ਟਰੀ ਖੇਡ ਕਿਹੜੀ ਹੈ'? ਫਿਰ ਅਸੀਂ ਸਾਰੇ ਬੜੇ ਜੋਸ਼ ਨਾਲ ਕਹਿੰਦੇ ਸੀ - 'ਸਰ ਹਾਕੀ'। ਮਾਸਟਰ ਜੀ ਸ਼ਾਬਾਸ਼ ਕਹਿੰਦੇ ਤੇ ਪਾਠ ਪੜ੍ਹਾਉਣ ਲੱਗ ਜਾਂਦੇ। ਉਸ ਸਮੇਂ ਸਾਨੂੰ ਸਿਰਫ ਇਹ ਪਤਾ ਸੀ ਕਿ ਇਸ ਨੂੰ ਭਾਰਤ ਦੀ ਰਾਸ਼ਟਰੀ ਖੇਡ ਕਿਹਾ ਜਾਂਦਾ ਹੈ ਅਤੇ ਅਸੀਂ ਵੀ ਕ੍ਰਿਕਟ ਦੀ ਮਸਤੀ 'ਚ ਗੁਆਚ ਜਾਂਦੇ।

ਹੌਲੀ-ਹੌਲੀ ਜਦੋਂ ਅਸੀਂ ਵੱਡੇ ਹੋਏ ਤਾਂ ਥੋੜ੍ਹਾ-ਥੋੜ੍ਹਾ ਇਸ ਬਾਰੇ ਜਾਣਨਾ ਸ਼ੁਰੂ ਕਰ ਦਿੱਤਾ। 'ਚੱਕ ਦੇ ਇੰਡੀਆ' ਗੀਤ 'ਤੇ ਖੂਬ ਡਾਂਸ ਕੀਤਾ। ਉਂਜ ਤਾਂ ਉਸ ਸਮੇਂ ਵੀ ਅਧੂਰਾ ਗਿਆਨ ਹੀ ਸੀ, ਫਿਰ ਜਦੋਂ ਗਿਆਨ ਨੇਤਰ ਖੁੱਲ੍ਹੇ ਤਾਂ ਪਤਾ ਲੱਗਾ ਕਿ ਇਹ ਸਿਰਫ਼ ਭਾਰਤ ਵਿਚ ਹੀ ਨਹੀਂ ਹੋਰਨਾਂ ਮੁਲਕਾਂ 'ਚ ਵੀ ਖੇਡੀ ਜਾਂਦੀ ਹੈ। ਅਖ਼ਬਾਰਾਂ ਤੇ ਰੇਡੀਓ 'ਤੇ ਪ੍ਰਸਾਰਿਤ ਖ਼ਬਰਾਂ 'ਚ ਹਾਕੀ ਮੈਚਾਂ ਬਾਰੇ ਸੁਣਨਾ ਤੇ ਪੜ੍ਹਨਾ ਸ਼ੁਰੂ ਕੀਤਾ।

ਕੁਝ ਕੁ ਖਿਡਾਰੀਆਂ ਦੇ ਨਾਂ ਯਾਦ ਹੋਣ ਲੱਗੇ। ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦਾ ਨਾਂ ਮੇਰੇ ਦਿਮਾਗ 'ਚ ਛਪ ਗਿਆ। ਫਿਰ ਵੀ ਹਾਕੀ ਬਾਰੇ ਪੂਰੀ ਜਾਣਕਾਰੀ ਨਹੀਂ ਮਿਲੀ। ਜਦੋਂ ਉਤਸੁਕਤਾ ਨੇ ਮੋੜ ਲਿਆ ਤਾਂ ਇਸ ਦੇ ਇਤਿਹਾਸ ਬਾਰੇ ਜਾਣਨ ਦੀ ਇੱਛਾ ਪੈਦਾ ਹੋਈ। ਇਸੇ ਉਤਸੁਕਤਾ ਕਾਰਨ ਅਸੀਂ ਇਸ ਲੇਖ ਰਾਹੀਂ ਹਾਕੀ ਦੇ ਇਤਿਹਾਸ ਬਾਰੇ ਜਾਣਨ ਦੀ ਕੋਸ਼ਿਸ਼ ਕਰਾਂਗੇ।

ਹਾਕੀ ਦੀਆਂ ਜੜ੍ਹਾਂ ਪੁਰਾਤਨਤਾ ਦੀ ਡੂੰਘਾਈ ਤਕ ਜਾਂਦੀਆਂ ਹਨ। ਕਰਵਡ ਸਟਿਕਸ ਤੇ ਗੇਂਦ ਨਾਲ ਖੇਡੀ ਜਾਣ ਵਾਲੀ ਇਹ ਖੇਡ ਬਹੁਤ ਸਾਰੀਆਂ ਸਭਿਅਤਾਵਾਂ ਦੇ ਇਤਿਹਾਸ 'ਚ ਪਾਈ ਜਾਂਦੀ ਹੈ। ਪੁਰਾਤੱਤਵ-ਵਿਗਿਆਨੀਆਂ ਨੂੰ ਮਿਸਰ ਦੇ ਇਕ ਪ੍ਰਾਚੀਨ ਬੇਨੀ ਹਸਨ ਦੇ ਮਕਬਰੇ 'ਚ ਲਗਪਗ 4,000 ਸਾਲ ਪੁਰਾਣੀ ਨੱਕਾਸ਼ੀ 'ਚ ਸਟਿਕਸ ਤੇ ਇਕ ਗੇਂਦ ਨਾਲ ਖੇਡਦੇ ਲੋਕਾਂ ਦੀਆਂ ਤਸਵੀਰਾਂ ਮਿਲੀਆਂ ਹਨ। ਇਹ ਅੰਦਾਜ਼ਾ ਲਗਾਇਆ ਗਿਆ ਸੀ ਕਿ ਇਹ ਮਿਸਰ 'ਚ ਖੇਡਿਆ ਜਾਂਦਾ ਰਿਹਾ ਹੋਵੇਗਾ।

ਜਦੋਂ ਪੁਰਾਤੱਤਵ ਵਿਗਿਆਨੀਆਂ ਨੇ ਹੋਰ ਅੱਗੇ ਜਾ ਕੇ ਦੇਖਿਆ ਤਾਂ ਪਤਾ ਲੱਗਾ ਕਿ ਇਸ ਖੇਡ ਦੇ ਸਬੂਤ 1,000 ਈਸਾ ਪੂਰਵ ਪਹਿਲਾਂ ਇਥੋਪੀਆ 'ਚ ਮਿਲੇ ਸਨ। ਦੰਤਕਥਾ ਹੈ ਕਿ "ਗੇਨਾ" ਵਜੋਂ ਜਾਣੀ ਜਾਂਦੀ ਇਕ ਖੇਡ ਅਫਰੀਕੀ ਦੇਸ਼ਾਂ ਵਿਚ ਖੇਡੀ ਜਾਂਦੀ ਸੀ, ਜੋ ਕਿ ਫੀਲਡ ਹਾਕੀ ਨਾਲ ਮੇਲ ਖਾਂਦੀ ਹੈ। ਇਹ ਕ੍ਰਿਸਮਸ ਦੇ ਮੌਕੇ 'ਤੇ ਖੇਡੀ ਗਈ ਸੀ। ਜਦੋਂਕਿ ਖੇਡ ਦਾ ਇੱਕ ਪ੍ਰਾਚੀਨ ਰੂਪ ਈਰਾਨ 'ਚ ਲਗਪਗ 2,000 ਈਸਾ ਪੂਰਵ 'ਚ ਖੇਡਿਆ ਜਾਂਦਾ ਸੀ। ਮੰਗੋਲੀਆ 'ਚ 'ਬੀਕੋਊ' ਨਾਂ ਦੀ ਇਕ ਖੇਡ ਹੁੰਦੀ ਸੀ ਜੋ ਹਾਕੀ ਵਰਗੀ ਹੀ ਸੀ।

### ਗੱਲਾਂ ਮੱਧ ਕਾਲ ਦੀਆਂ

ਇਹ ਖੇਡ 5ਵੀਂ ਸਦੀ ਈਸਾ ਪੂਰਵ 'ਚ ਗ੍ਰੀਸ 'ਚ ਖੇਡੀ ਗਈ ਸੀ। ਖੁਦਾਈ ਦੌਰਾਨ, ਪੁਰਾਤੱਤਵ-ਵਿਗਿਆਨੀਆਂ ਨੂੰ ਇਕ ਸੰਗਮਰਮਰ ਦੇ ਪੱਥਰ 'ਤੇ ਇਕ ਨੱਕਾਸ਼ੀ ਮਿਲੀ, ਜਿਸ ਵਿਚ ਕਈ ਆਦਮੀਆਂ ਨੂੰ ਇਕ ਖੇਡ ਖੇਡਦੇ ਦਿਖਾਇਆ ਗਿਆ ਹੈ। ਜੋ ਕਿ ਫੀਲਡ ਹਾਕੀ ਦੇ ਸਮਾਨ ਸੀ। ਚੀਨ ਵਿਚ "ਬੂ ਦਾ ਕਿਊ" ਨਾਂ ਦੀ ਇਕ ਖੇਡ ਪ੍ਰਚਲਿਤ ਸੀ, ਜੋ ਹਾਕੀ ਵਰਗੀ ਹੀ ਸੀ। 5ਵੀਂ ਸਦੀ ਈਸਵੀ ਦੇ ਸ਼ੁਰੂ 'ਚ ਆਇਰਲੈਂਡ 'ਚ 'ਹਰਲਿੰਗ' ਨਾਂ ਦੀ ਖੇਡ ਖੇਡੀ ਜਾਂਦੀ ਸੀ, ਇਹ ਪੂਰੀ ਤਰ੍ਹਾਂ ਹਾਕੀ ਨਹੀਂ ਸੀ, ਪਰ ਇਸ ਦੇ ਸਮਾਨ ਸੀ। 1200 ਬੀਸੀ ਤਕ ਸਕਾਟਲੈਂਡ 'ਚ "ਗੇਲਿਕ ਜਾਂ ਸ਼ਿੰਟੀ ਗੇਮ" ਨਾਂ ਨਾਲ ਪ੍ਰਚੱਲਿਤ ਹੋਈ।

### ਬੇਹੱਦ ਦਿਲਚਸਪ ਹੈ ਆਧੁਨਿਕ ਕਹਾਣੀ

ਇਹ ਯੂਰਪ, ਗ੍ਰੀਸ, ਅਫਰੀਕਾ ਤੇ ਏਸ਼ੀਆਈ ਦੇਸ਼ਾਂ ਵਿਚ ਵੱਖ-ਵੱਖ ਨਾਵਾਂ ਨਾਲ ਖੇਡੀ ਜਾਂਦੀ ਰਹੀ। ਫਰਾਂਸ ਵਿਚ 13ਵੀਂ ਸਦੀ 'ਚ ਲਾ ਸੋਲ ਨਾਮ ਨਾਲ। ਕੋਲੰਬਸ ਵੱਲੋਂ ਨਿਊ ਵਰਲਡ (ਅਮਰੀਕਾ) ਦੀ ਖੋਜ ਕਰਨ ਤੋਂ ਬਾਅਦ ਖੇਡ ਦਾ ਜ਼ਿਕਰ 15ਵੀਂ ਤੇ 16ਵੀਂ ਏਜਟੈਕ ਸਭਿਅਤਾ 'ਚ ਇਸ ਖੇਡ ਦਾ ਜ਼ਿਕਰ ਮਿਲਦਾ ਹੈ, ਪਰ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਖੇਡਾਂ 'ਚੋਂ ਇਕ ਹਾਕੀ ਦੀ ਸ਼ੁਰੂਆਤ ਸਕਾਟਲੈਂਡ 'ਚ 1527 ਵਿੱਚ ਹੋਈ ਮੰਨੀ ਜਾਂਦੀ ਹੈ। ਫਿਰ ਇਸਨੂੰ ਅੰਗਰੇਜ਼ੀ 'ਚ ਹੋਕੀ (ੁਕਿਏ) ਦੇ ਨਾਂ ਨਾਲ ਜਾਣਿਆ ਜਾਂਦਾ ਸੀ।

ਅਜੋਕੇ ਸਮੇਂ ਹਾਕੀ ਨੂੰ 18ਵੀਂ ਸਦੀ ਦੇ ਅੰਤ ਤੇ 19ਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ਾਂ ਵੱਲੋਂ ਪੇਸ਼ ਕੀਤਾ ਗਿਆ ਸੀ। ਫਿਰ ਇਹ ਸਕੂਲ 'ਚ ਇੱਕ ਪ੍ਰਸਿੱਧ ਖੇਡ ਹੋਇਆ ਕਰਦਾ ਸੀ ਤੇ ਫਿਰ ਇਸਨੂੰ ਬ੍ਰਿਟਿਸ਼ ਸਾਮਰਾਜ 'ਚ 1850 ਵਿਚ ਭਾਰਤੀ ਫੌਜ 'ਚ ਵੀ ਸ਼ਾਮਲ ਕੀਤਾ ਗਿਆ ਸੀ। ਹਾਕੀ ਦੀ ਖੇਡ ਉਨ੍ਹਾਂ ਦੇਸ਼ਾਂ ਵਿਚ ਫੈਲੀ ਜਿੱਥੇ ਅੰਗਰੇਜ਼ਾਂ ਦਾ ਰਾਜ ਸੀ।

### ਹੁਣ ਆਉਂਦੀ ਹੈ ਨਾਮਕਰਨ ਦੀ ਵਾਰੀ

ਇਹ ਮੰਨਿਆ ਜਾਂਦਾ ਹੈ ਕਿ "ਹਾਕੀ" ਨਾਮ ਫ੍ਰੈਂਚ ਸ਼ਬਦ ਹੌਕੇਟ ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ "ਚਰਵਾਹੇ ਦਾ ਡੰਡਾ"। ਫਿਰ ਵੀ ਇਹ ਸਿਰਫ ਇਕ ਧਾਰਨਾ ਹੀ ਹੈ। ਇਸ ਸਬੰਧੀ ਕੋਈ ਠੋਸ ਸਬੂਤ ਨਹੀਂ ਹੈ। ਹਾਲਾਂਕਿ, ਹਾਕੀ ਦੀ ਸ਼ੁ-ਰੂਆਤ ਅਜੇ ਵੀ ਅਸਪਸ਼ਟ ਹੈ। ਇਸੇ ਤਰ੍ਹਾਂ ਉਹ ਨਾਮਕਰਨ ਨੂੰ ਲੈ ਕੇ ਵੀ ਹਨੇਰੇ ਵਿੱਚ ਹਨ।

### ਮਹਿਲਾ ਹਾਕੀ ਬਾਰੇ ਵੀ ਜਾਣੋ

ਪਹਿਲਾਂ-ਪਹਿਲਾਂ ਔਰਤਾਂ ਦੇ ਹਾਕੀ ਖੇਡਣ 'ਤੇ ਪਾ-ਬੰਦੀ ਸੀ ਪਰ ਇਸ ਪਾਬੰਦੀ ਤੋਂ ਦੇ ਬਾਵਜੂਦ ਔਰਤਾਂ ਹਾਕੀ ਖੇਡਣ 'ਚ ਰੁਚੀ ਰੱਖਦੀਆਂ ਹਨ। 1927 'ਚ ਮਹਿਲਾ ਹਾਕੀ ਟੀਮ ਲਈ ਇਕ ਸੰਸਥਾ ਬਣਾਈ ਗਈ, ਜਿਸ ਦਾ ਨਾਂ 'ਇੰਟਰਨੈਸ਼ਨਲ ਫੈਡਰੇਸ਼ਨ ਆਫ ਵੂਮੈਨ ਹਾਕੀ ਐਸੋਸੀਏਸ਼ਨ' (ਿੁੱੳ) ਰੱਖਿਆ ਗਿਆ। ਹੌਲੀ-ਹੌਲੀ ਇਸ ਸੰਸਥਾ ਤੋਂ ਔਰਤਾਂ ਦੀ ਟੀਮ ਬਣਾਈ ਜਾਣ ਲੱਗੀ। ਇਸ ਨਾਲ ਹਾਕੀ ਵਿਚ ਔਰਤਾਂ ਦੀ ਰੁਚੀ ਵਧੀ। ਹਾਕੀ ਦਾ ਪਹਿਲਾ ਮਹਿਲਾ ਵਿਸ਼ਵ ਕੱਪ 1974 ਵਿਚ ਕਰਵਾਇਆ ਗਿਆ ਸੀ। ਮਹਿਲਾ ਹਾਕੀ ਨੂੰ 1980 ਵਿੱਚ ਓਲੰਪਿਕ ਵਿੱਚ ਸ਼ਾਮਲ ਕੀਤਾ ਗਿਆ ਸੀ।

### ਭਾਰਤ 'ਚ ਹਾਕੀ

ਭਾਰਤ ਵਿਚ ਹਾਕੀ ਦੀ ਗੱਲ ਕਰੀਏ ਤਾਂ ਇਸਨੂੰ ਪਹਿਲੀ ਵਾਰ ਬ੍ਰਿਟਿਸ਼ ਆਰਮੀ ਦੀ ਰੈਜੀਮੈਂਟ 'ਚ ਸ਼ਾਮਿਲ ਕੀਤਾ ਗਿਆ ਸੀ। ਇਹ ਖੇਡ ਭਾਰਤ ਵਿਚ ਸਭ ਤੋਂ ਪਹਿਲਾਂ ਛਾਉਣੀਆਂ ਤੇ ਫ਼ੌਜੀਆਂ ਵੱਲੋਂ ਖੇਡੀ ਗਈ। ਹਾਕੀ ਭਾਰਤ ਵਿੱਚ ਮੁੱਖ ਤੌਰ 'ਤੇ ਝਾਂਸੀ, ਜਬਲਪੁਰ, ਜਲੰਧਰ, ਲਖਨਊ, ਲਾਹੌਰ ਆਦਿ ਖੇਤਰਾਂ ਵਿੱਚ ਖੇਡੀ ਜਾਂਦੀ ਸੀ। ਵਧਦੀ ਪ੍ਰਸਿੱਧੀ ਨੇ ਭਾਰਤ 'ਚ ਪਹਿਲਾ ਹਾਕੀ ਕਲੱਬ ਬਣਾਇਆ ਅਤੇ 1855 ਵਿੱਚ ਕੋਲਕਾਤਾ ਵਿੱਚ ਗਠਨ ਕੀਤਾ ਗਿਆ ਸੀ।




ਇਸ ਤੋਂ ਬਾਅਦ ਮੁੰਬਈ ਤੇ ਪੰਜਾਬ ਟਚ ਵੀ ਹਾਕੀ ਕਲੱਬ ਬਣਾਏ ਗਏ। 1928 ਤੋਂ 1956 ਤਕ ਦਾ ਸਮਾਂ ਭਾਰਤ ਲਈ ਸੁਨਹਿਰੀ ਦੌਰ ਰਿਹਾ ਹੈ। ਭਾਰਤੀ ਹਾਕੀ ਫੈਡਰੇਸ਼ਨ (IHF) ਦੀ ਸਥਾਪਨਾ 1925 ਵਿਚ ਹੋਈ ਸੀ। ਿਾਂ ਦਾ ਪਹਿਲਾ ਅੰਤਰਰਾਸ਼ਟਰੀ ਦੌਰਾ 1926 'ਚ ਸੀ, ਜਦੋਂ ਟੀਮ ਨੇ ਨਿਊਜ਼ੀ-ਲੈਂਡ ਦਾ ਦੌਰਾ ਕੀਤਾ ਸੀ। ਭਾਰਤੀ ਹਾਕੀ ਟੀਮ ਨੇ 21 ਮੈਚ ਖੇਡੇ ਤੇ 18 ਜਿੱਤੇ। ਇਸ ਟੂਰਨਾਮੈਂਟ 'ਚ ਦੁਨੀਆ ਨੇ ਪਹਿਲੀ ਵਾਰ ਧਿਆਨਚੰਦ ਵਰਗੇ ਦਿੱਗਜ ਨੂੰ ਦੇਖਿਆ, ਜੋ ਬਿਹਤਰੀਨ ਖਿਡਾਰੀਆਂ 'ਚੋਂ ਇਕ ਬਣ ਗਏ।

ਭਾਰਤੀ ਹਾਕੀ ਟੀਮ ਨੇ ਓਲੰਪਿਕ 'ਚ 1928 'ਚ ਕਦਮ ਰੱਖਿਆ। ਭਾਰਤ ਨੂੰ 1928 ਦੀਆਂ ਓਲੰਪਿਕ ਖੇਡਾਂ ਦੇ ਗਰੁੱਪ ਏ ਵਿੱਚ ਰੱਖਿਆ ਗਿਆ ਸੀ, ਜਿਸ ਵਿਚ ਬੈਲਜੀਅਮ, ਡੈਨਮਾਰਕ, ਸਵਿਟਜ਼ਰਲੈਂਡ ਅਤੇ ਆਸਟਰੀਆ ਦੀਆਂ ਟੀਮਾਂ ਸਨ। ਭਾਰਤ ਨੇ ਇੱਥੇ ਸੋਨ ਤਮਗਾ ਜਿੱਤਿਆ। ਇੱਥੋਂ ਹੀ ਭਾਰਤੀ ਹਾਕੀ ਟੀਮ ਦਾ ਸੁਨਹਿਰੀ ਅਤੀਤ ਸ਼ੁਰੂ ਹੋਇਆ ਤੇ ਫਿਰ ਭਾਰਤ ਹੁਣ ਤਕ ਰਿਕਾਰਡ 8 ਓਲੰਪਿਕ ਸੋਨ ਤਗਮੇ ਜਿੱਤ ਚੁੱਕਾ ਹੈ।

### ਹਾਕੀ ਖੇਡ ਦੇ ਬਾਰੇ

ਹਰ ਖੇਡ ਵਾਂਗ ਇਸ ਖੇਡ ਵਿਚ ਵੀ ਦੋ ਟੀਮਾਂ ਹਨ। ਟਾਸ ਹੁੰਦਾ ਹੈ ਤੇ ਜੇਤੂ ਟੀਮ ਸਟਰਾਈਕ ਲੈਂਦੀ ਹੈ। ਹਰੇਕ ਟੀਮ 'ਚ 11-11 ਖਿਡਾਰੀ ਹੁੰਦੇ ਹਨ, ਜਿਸ ਵਿਚ ਇਕ ਗੋਲਕੀਪਰ, ਚਾਰ ਡਿਫੈਂਡਰ, ਤਿੰਨ ਮਿਡਫੀਲਡਰ ਤੇ ਤਿੰਨ ਹਮਲਾਵਰ ਹੁੰਦੇ ਹਨ। ਇਸ ਨਾਲ ਪੰਜ ਖਿਡਾਰੀ ਬਦਲ ਵਜੋਂ ਬਾਹਰ ਹੁੰਦੇ ਹਨ। ਹਾਕੀ ਮੈਦਾਨ ਦੀ ਲੰਬਾਈ 91.4 ਮੀਟਰ ਤੇ ਚੌੜਾਈ 55 ਮੀਟਰ ਹੈ। ਗੋਲਪੋਸਟ ਦੀ ਚੌੜਾਈ 3.66 ਮੀਟਰ ਅਤੇ ਉਚਾਈ 2.14 ਮੀਟਰ ਹੈ। ਇਸ ਜ਼ਮੀਨ ਦੀ ਸ਼ਕਲ ਆਇਤਾਕਾਰ ਹੁੰਦੀ ਹੈ। ਖੇਡ ਦਾ ਮੈਦਾਨ ਇਕ ਵਿਸ਼ੇਸ਼ ਘਾਹ ਨਾਲ ਢਕਿਆ ਰਹਿੰਦਾ ਹੈ। ਇਸ ਘਾਹ ਨੂੰ ਸਿੰਥੈਟਿਕ ਘਾਹ ਕਹਿੰਦੇ ਹੈ। ਖੇਤ ਦੇ ਮੱਧ ਵਿਚ ਇਕ ਮੱਧ ਲਾਈਨ ਮਿਲਦੀ ਹੈ। ਇਹ ਲਾਈਨ ਖੇਤਰ ਨੂੰ ਦੋ ਹਿੱਸਿਆਂ 'ਚ ਵੰਡਦੀ ਹੈ।

ਹਾਕੀ ਸਟਿੱਕ ਦੀ ਲੰਬਾਈ ਆਮ ਤੌਰ 'ਤੇ 105 ਸੈਂਟੀਮੀਟਰ ਹੁੰਦੀ ਹੈ। ਇਸ ਦਾ ਭਾਰ 737 ਗ੍ਰਾਮ ਤੋਂ ਵੱਧ ਨਹੀਂ ਹੋ ਸਕਦਾ। ਫੀਲਡ ਹਾਕੀ ਮੈਚ ਖੇਡਣ ਦੀ ਮਿਆਦ 60 ਮਿੰਟ ਹੁੰਦੀ ਹੈ। ਹਾਕੀ ਗੇਂਦ ਦੀ ਗੱਲ ਕਰੀਏ ਤਾਂ ਇਸ ਦਾ ਰੰਗ ਚਿੱਟਾ ਹੁੰਦਾ ਹੈ। ਇਸ ਦਾ ਭਾਰ 156 ਗ੍ਰਾਮ ਤੋਂ 163 ਗ੍ਰਾਮ ਤੱਕ ਅਤੇ ਇਸ ਦਾ ਘੇਰਾ 22.4 ਤੋਂ 23.5 ਸੈਂਟੀਮੀਟਰ ਤੱਕ ਹੋ ਸਕਦਾ ਹੈ। ਹਾਕੀ 'ਚ ਪੈਨਲਟੀ ਕਾਰਨਰ, ਪੈਨਲਟੀ ਸਟਰੋਕ, ਫਰੀ ਹਿੱਟ ਤੇ ਲਾਂਗ ਕਾਰਨਰ ਵਰਗੇ ਸ਼ਬਦ ਵਰਤੇ ਜਾਂਦੇ ਹਨ।

*(ਵੱਖ ਵੱਖ ਸੂਤਰਾਂ 'ਤੇ ਆਧਾਰਿਤ)*

# ਸੀਵਰੇਜ ਗੈਸ ਹਾਦਸੇ ਦੇ ਸਫ਼ਾਈ ਪੀੜਤਾਂ ਨੂੰ ਇਨਸਾਫ਼ ਲਈ ਪ੍ਰਸ਼ਾਸ਼ਨ ਅਤੇ ਜਥੇਬੰਦੀਆਂ ਵਿਚਾਕਾਰ ਸਮਝੌਤਾ

**ਲਹਿਰਾਗਾਗਾ, (ਦਲਜੀਤ ਕੌਰ)**- ਬੀਤੀ 27 ਜੁਲਾਈ ਨੂੰ ਲਹਿਰਾਗਾਗਾ ਵਿੱਚ ਵਾਪਰੇ ਸੀਵਰੇਜ਼ ਗੈਸ ਹਾਦਸੇ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਅਤੇ ਦੋਸ਼ੀ ਅਧਿਕਾਰੀਆਂ ਖਿਲਾਫ਼ ਕੇਸ ਦਰਜ ਕਰਨ ਲਈ ਚੱਲ ਰਹੇ ਸੰਘਰਸ਼ ਦੇ ਪੰਜਵੇਂ ਦਿਨ ਅੱਜ ਸਫ਼ਾਈ ਸੇਵਕਾਂ ਤੇ ਭਰਾਤਰੀ ਜਥੇਬੰਦੀਆਂ ਦੇ ਸੰਘਰਸ਼ ਦੌਰਾਨ ਅੱਜ ਜਥੇਬੰਦੀਆਂ ਅਤੇ ਪ੍ਰਸ਼ਾਸ਼ਨ ਨੂੰ ਵਿਚਕਾਰ ਸਮਝੌਤਾ ਹੋ ਗਿਆ।



ਪ੍ਰਸ਼ਾਸ਼ਨ ਅਤੇ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਨੁਮਾਇੰਦਿਆਂ ਵਿਚਕਾਰ ਹੋਈ ਲੰਮੀ ਸਮਝੌਤਾ ਵਾਰਤਾ ਵਿੱਚ ਇਹ ਤਹਿ ਹੋਇਆ ਕਿ ਮ੍ਰਿਤਕ ਕਰਮੀ ਦੇ ਵਾਰਸਾਂ ਅਤੇ ਦੂਜੇ ਤਿੰਨ ਪੀੜਤਾਂ ਨੂੰ ਕੁੱਲ 18 ਲੱਖ ਰੁਪਏ ਮੁਆਵਜਾ, ਮ੍ਰਿਤਕ ਦੀ ਭੈਣ ਨੂੰ ਨਗਰ ਕੌਂਸਲ ਵਿੱਚ ਨੌਕਰੀ ਦਿੱਤੀ ਜਾਵੇਗੀ, ਠੇਕੇਦਾਰ ਅਧੀਨ ਕੰਮ ਕਰਦੇ ਕੱਚੇ ਸਫ਼ਾਈ ਕਰਮਚਾਰੀਆਂ ਨੂੰ 31 ਅਗਸਤ ਤੱਕ ਨਗਰ ਕੌਂਸਲ ਵਿੱਚ ਸਿੱਧਾ ਠੇਕੇ ਅਧੀਨ ਲਿਆਂਦਾ ਜਾਵੇਗਾ। ਹਾਦਸੇ ਦੀ ਪੜਤਾਲ ਅਤੇ ਦੋਸ਼ੀਆਂ ਦੀ ਜੁੰਮੇਵਾਰੀ ਤਹਿ ਕਰਨ ਲਈ ਪਹਿਲਾਂ ਕਾਇਮ ਕੀਤੀ ਸਿੱਟ ਜਾਂਚ ਕਰੇਗੀ। ਇਸ ਤੋਂ ਪਹਿਲਾਂ ਅਣਮਿਥੇ ਸਮੇਂ ਲਈ ਚੱਲ ਰਹੇ ਧਰਨੇ ਨੂੰ ਸੰਬੋਧਨ ਕਰਦਿਆਂ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਲਹਿਰਾਗਾਗਾ ਦੇ ਨੇੜਲੇ ਸ਼ਹਿਰ ਸੁਨਾਮ ਵਿੱਚ ਸ਼ਹੀਦ ਉਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਅੱਜ ਮੁੱਖ ਮੰਤਰੀ ਵੱਡੇ-ਵੱਡੇ ਦਾਅਵੇ ਕਰਦੇ ਰਹੇ ਪਰ ਆਪਣੇ ਜਿਲ੍ਹੇ 'ਚ ਵਾਪਰੇ ਦੁਖਾਂਤ ਦਾ ਨਾਂ ਉਨ੍ਹਾਂ ਦੀ ਜ਼ੁਬਾਨ 'ਤੇ ਨਹੀਂ ਆਇਆ। ਆਗੂਆਂ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਤਕਨੀਕ ਦੇ ਖੇਤਰ ਵਿੱਚ ਬੇਤਾਬ ਵਿਕਾਸ ਹੋਣ ਦੇ ਬਾਵਜੂਦ ਅੱਜ ਵੀ ਕੱਚੇ ਸਫ਼ਾਈ ਕਾਮਿਆਂ ਨੂੰ ਬਿਨਾਂ ਸੁਰੱਖਿਆ ਕਿੱਟਾਂ ਦੇ ਧੱਕੇ ਨਾਲ ਸੀਵਰ ਦੇ ਜ਼ੋਖਿਮ ਵਾਲੇ ਕੰਮਾਂ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜਦੋਂ ਭਿਆਨਕ ਹਾਦਸਾ ਵਾਪਰ ਜਾਂਦਾ ਹੈ ਤਾਂ ਸਾਰਾ ਸ਼ਾਸ਼ਨ ਪ੍ਰਸ਼ਾਸ਼ਨ ਗਾਇਬ ਹਾਦਸਿਆਂ ਦੇ ਕਾਰਨਾਂ 'ਤੇ ਪਰਦਾ ਪਾਉਣ ਅਤੇ ਦੋਸ਼ੀਆਂ ਨੂੰ ਬਚਾਉਣ ਵਿੱਚ ਜੁਟ ਜਾਂਦਾ ਹੈ। ਪੀੜਤਾਂ ਨੂੰ ਇਨਸਾਫ਼ ਦੇ ਨਾਂ 'ਤੇ ਚੰਦ ਰੁਪਏ ਦੇ ਕੇ ਵਰਾ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮਨੁੱਖੀ ਸਿਹਤ ਲਈ ਬੁਨਿਆਦ ਲੋੜ ਸਾਫ-ਸਫ਼ਾਈ ਦੇ ਵਿਭਾਗ ਵਿੱਚ ਕਦੇ ਵੀ ਲੋੜੀਂਦੀ ਸੰਖਿਆ ਵਿੱਚ ਸਫ਼ਾਈ ਸੇਵਕ ਤੇ ਸੀਵਰਮੈਨ ਭਰਤੀ ਨਹੀਂ ਕੀਤੇ ਜਾਂਦੇ, ਜਿਹੜੇ ਭਰਤੀ ਕੀਤੇ ਜਾਂਦੇ ਹਨ ਉਨ੍ਹਾਂ ਨੂੰ ਸਾਲਾਂਬੱਧੀ ਕੱਚੇ ਰੱਖ ਕੇ ਉਨ੍ਹਾਂ ਦਾ ਆਰਥਕ ਤੇ ਮਾਨਸਕ ਸ਼ੋਸ਼ਣ ਕੀਤਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਸੀਵਰ ਦੇ ਮੇਨਹੋਲ ਦੀ ਸਫ਼ਾਈ ਦੌਰਾਨ ਵਾਪਰੇ ਹਾਦਸੇ ਵਿੱਚ ਜ਼ਹਿਰੀਲੀ ਗੈਸ ਚੜ੍ਹਨ ਕਰਕੇ ਫੌਤ ਹੋਏ ਸਫ਼ਾਈ ਕਰਮੀ ਸੁਖਵਿੰਦਰ ਹੈਪੀ ਦੀ ਲਾਸ਼ ਦਾ ਅੱਜ ਵੀ ਨਾ ਪੋਸਟਮਾਰਟਮ ਹੋ ਸਕਿਆ ਤੇ ਦਾਹ-ਸਸਕਾਰ ਵੀ ਨਹੀਂ ਹੋ ਸਕਿਆ, ਜਦੋਂ ਕਿ ਦੋ ਸਫ਼ਾਈ ਕਾਮੇ ਅਜੇ ਵੀ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਹਨ। ਅਜਿਹੀ ਹਾਲਤ ਵਿੱਚ ਸ਼ਹਿਰ ਦੇ ਸਫ਼ਾਈ ਕਰਮਚਾਰੀਆਂ, ਆਮ ਲੋਕਾਂ ਅਤੇ ਜਨਤਕ ਜਥੇਬੰਦੀਆਂ ਵਿੱਚ ਰੋਸ ਬਹੁਤ ਵੱਧ ਰਿਹਾ ਸੀ।



# ਕੇਂਦਰ ਸਰਕਾਰ ਪੰਜਾਬ ਦੇ ਹਰ ਪਿੰਡ ਹਰ ਸ਼ਹਿਰ ਨਸ਼ਿਆਂ ਪ੍ਰਤੀ ਜਾਗਰੂਕ ਕਰਨ ਦੀ ਮੁਹਿਮ ਅਰੰਭੇਗੀ- ਸੋਮ ਪ੍ਰਕਾਸ਼ ਕੈਂਥ

**ਫਗਵਾੜਾ (ਬੀ.ਕੇ. ਰੱਤੂ)–** ਸਰਬ ਨੌਜਵਾਨ ਸਭਾ ਅਤੇ ਨਹਿਰੂ ਯੁਵਾ ਕੇਂਦਰ ਕਪੂਰਥਲਾ ਵਲੋਂ ਸਾਂਝਾ ਉਪਰਾਲਾ ਕਰਦੇ ਹੋਏ ਯੁਵਾ ਸੰਵਾਦ-ਭਾਰਤ 02047 ਤਹਿਤ ਇਕ ਸੈਮੀਨਾਰ ਦਾ ਆਯੋਜਨ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੁਰਾਣਾ ਡਾਕਖਾਨਾ ਰੋਡ ਵਿਖੇ ਕਰਵਾਇਆ ਗਿਆ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਤੇ ਨਹਿਰੂ ਯੁਵਾ ਕੇਂਦਰ ਦੀ ਜਿਲ੍ਹਾ ਯੂਥ ਅਫਸਰ ਗਗਨਦੀਪ ਕੌਰ ਦੀ ਸਾਂਝੀ ਅਗਵਾਈ ਹੇਠ ਆਯੋਜਿਤ ਸੈਮੀਨਾਰ ਦਾ ਵਿਸ਼ਾ 'ਨਾਗਰਿਕਾਂ ਵਿਚ ਫਰਜ਼ ਦੀ ਭਾਵਨਾ' ਅਤੇ 'ਨਸ਼ਿਆਂ ਨੂੰ ਨਾਂਹ, ਜ਼ਿੰਦਗੀ ਨੂੰ ਹਾਂ' ਸੀ। ਸੈਮੀਨਾਰ ਸਮਾਗਮ 'ਚ ਬਤੌਰ ਮੁੱਖ ਮਹਿਮਾਨ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਨੇ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਬੁਲਾਰਿਆਂ ਵਜੋਂ ਪ੍ਰਸਿੱਧ ਪੱਤਰਕਾਰ ਦੀਦਾਰ ਸਿੰਘ ਸ਼ੇਤਰਾ, ਰਿਟਾ. ਡੀ.ਐਸ.ਪੀ ਦਲਜੀਤ ਸਿੰਘ ਐਡਵੋਕੇਟ, ਡਾ. ਸੰਜੀਵ ਲੋਚਨ, ਪ੍ਰਿੰਸੀਪਲ ਗੁਰਮੀਤ ਪਲਾਹੀ ਅਤੇ ਆਪ ਆਗੂ ਸੰਤੋਸ਼ ਕੁਮਾਰ ਗੋਗੀ ਨੇ ਸ਼ਿਰਕਤ ਕੀਤੀ। ਹਾਜਰੀਨ ਨੂੰ ਸੰਬੋਧਨ ਕਰਦਿਆਂ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਮੋਦੀ ਸਰਕਾਰ ਵਲੋਂ ਨਸ਼ਿਆਂ ਦੇ ਵਾਧੇ ਨੂੰ ਰੋਕਣ ਲਈ ਇੱਕ ਵੱਡੀ ਮੁਹਿੰਮ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਆਰੰਭੀ ਜਾਏਗੀ। ਜਿਹੜੀ ਪਿੰਡ-ਪਿੰਡ ਤੇ ਸ਼ਹਿਰ-ਸ਼ਹਿਰ ਨਸ਼ਿਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਹੋਕਾ ਦੇਵੇਗੀ। ਉਹਨਾਂ ਸਭਾ ਦੇ ਸਮਾਜ ਸੇਵੀ ਕਾਰਜਾਂ ਦੀ ਖਾਸ ਤੌਰ ਤੇ ਸ਼ਲਾਘਾ ਕੀਤੀ ਅਤੇ ਪੂਰੀ ਟੀਮ ਨੂੰ ਨਸ਼ਿਆਂ ਵਿਰੋਧੀ ਕੇਂਦਰ ਦੀ ਮੁਹਿਮ 'ਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਇਸ ਵੇਲੇ ਨਸ਼ਿਆਂ ਦੇ ਕਹਿਰ ਹੇਠ ਹੈ ਅਤੇ ਪੰਜਾਬ ਦੀ ਜਵਾਨੀ ਖ਼ਾਸ ਤੌਰ 'ਤੇ ਇਸ ਕਹਿਰ ਦਾ ਸ਼ਿਕਾਰ ਹੋ ਰਹੀ ਹੈ। ਉਹਨਾ ਇਹ ਵੀ ਕਿਹਾ ਕਿ ਨਸ਼ਿਆਂ ਨੇ ਪੰਜਾਬ ਨੂੰ ਤਬਾਹ ਕਰ ਦਿੱਤਾ ਹੈ ਅਤੇ ਪੰਜਾਬੀਆਂ ਨੂੰ ਇੱਕ-ਜੁੱਟ ਹੋਕੇ ਇਸ ਬੀਮਾਰੀ ਵਿਰੁੱਧ ਖੜਨ ਦੀ ਲੋੜ ਹੈ। ਇਸ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਪ੍ਰਸਿੱਧ ਪੱਤਰਕਾਰ ਦੀਦਾਰ ਸਿੰਘ ਸ਼ੇਤਰਾ ਨੇ ਕਿਹਾ ਕਿ ਨਸ਼ਾ ਮਾਨਸਿਕ ਬੀਮਾਰੀ ਹੈ। ਇਸ ਬੀਮਾਰੀ ਤੋਂ ਰਾਹਤ ਪਾਉਣ ਲਈ ਸਾਹਿਤ



ਨਾਲ ਜੁੜਨਾ ਜ਼ਰੂਰੀ ਹੈ। ਐਡਵੋਕੇਟ ਦਲਜੀਤ ਸਿੰਘ ਰਿਟਾਇਰਡ ਡੀਐਸਪੀ ਨੇ ਕਿਹਾ ਕਿ ਨਸ਼ੇ ਪੰਜਾਬ ਉਤੇ ਕਲੰਕ ਹਨ ਅਤੇ ਵੱਡੀ ਗਿਣਤੀ ਨੌਜਵਾਨ ਇਸ ਦੀ ਚਪੇਟ ਵਿੱਚ ਆ ਚੁੱਕੇ ਹਨ। ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਪੰਜਾਬ ਨੂੰ ਦਰਪੇਸ਼ ਪ੍ਰਵਾਸ ਅਤੇ ਨਸ਼ਿਆਂ ਦੇ ਸਬੰਧ 'ਚ ਆਪਣੇ ਵਿਚਾਰ ਰੱਖੇ ਅਤੇ ਕਿਹਾ ਕਿ ਨਸ਼ਾ ਤਸਕਰਾਂ ਨੇ ਪੰਜਾਬ ਨੂੰ ਖ਼ਾਸ ਤੌਰ 'ਤੇ ਨਿਸ਼ਾਨੇ ਹੇਠ ਲਿਆ ਹੈ ਅਤੇ ਨਸ਼ਿਆਂ ਦੇ ਵਿਸ਼ਵ ਪੱਧਰੀ ਵਪਾਰ, ਪੰਜਾਬ ਦੀਆਂ ਸਰਹੱਦਾਂ ਰਾਹੀਂ ਕਰਨ ਦਾ ਯਤਨ ਹੋ ਰਿਹਾ ਹੈ ਅਤੇ ਪੰਜਾਬੀ ਨਸ਼ਿਆਂ ਦੀ ਮਾਰ ਹੇਠ ਆ ਰਹੇ ਹਨ। ਸੰਤੋਸ਼ ਕੁਮਾਰ ਗੋਗੀ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਮਾਪਿਅ ਨੂੰ ਆਪਣੇ ਬੱਚਿਆਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਦਿਮਾਗੀ ਰੋਗਾਂ ਦੇ ਮਾਹਿਰ ਡਾ: ਸੰਜੀਵ ਲੋਚਨ ਨੇ ਕਿਹਾ ਕਿ ਨਸ਼ਾ ਕਰਨਾ ਇੱਕ ਬੀਮਾਰੀ ਹੈ ਅਤੇ ਇਸ ਦਾ ਇਲਾਜ ਸੰਭਵ ਹੈ। ਨਹਿਰੂ ਯੁਵਾ ਕੇਂਦਰ ਦੀ ਯੂਥ ਅਫਸਰ ਗਗਨਦੀਪ ਕੌਰ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਮਾਜ ਨੂੰ ਨਸ਼ਿਆਂ ਦੇ ਵਿਰੋਧ ਵਿੱਚ ਖੜਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਰਬ ਨੌਜਵਾਨ ਸਭਾ ਨਾਲ ਮਿਲ ਕੇ ਇਸ ਤਰ੍ਹਾਂ ਦੇ ਹੋਰ ਜਾਗਰੁਕਤਾ ਸੈਮੀਨਾਰ ਵੀ ਕਰਵਾਏ ਜਾਣਗੇ। ਸੈਮੀਨਾਰ ਦੌਰਾਨ ਨਸ਼ਿਆਂ ਦੀ ਬੁਰਾਈ ਪ੍ਰਤੀ ਜਾਗਰੁਕ ਕਰਦੀ ਕੋਰੀਓਗ੍ਰਾਫੀ ਵਿਸ਼ੇਸ਼ ਖਿੱਚ ਦਾ ਕੇਂਦਰ ਸੀ। ਪੰਜਾਬੀ ਗਾਇਕ ਨਿਰਮਲਜੀਤ ਨੇ ਆਪਣੀ ਗੀਤ ਰਾਹੀਂ ਨਸ਼ਿਆਂ ਨੂੰ ਤਿਆਗਣ ਦਾ ਸੁਨੇਹਾ ਦਿੱਤਾ। ਸਭਾ ਵਲੋਂ ਕੇਂਦਰੀ ਮੰਤਰੀ ਸੋਮਪ੍ਰਕਾਸ਼ ਸਮੇਤ ਪਤਵੰਤਿਆਂ ਨੂੰ ਦੋਸ਼ਾਲਾ ਅਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ।

ਸਟੇਜ ਦੀ ਸੇਵਾ ਲੈਕਚਰਾਰ ਹਰਜਿੰਦਰ ਗੋਗਨਾ ਵਲੋਂ ਨਿਭਾਈ ਗਈ। ਇਸ ਮੌਕੇ ਡਾ: ਵਿਜੇ ਕੁਮਾਰ ਜਨਰਲ ਸਕੱਤਰ, ਸਤਨਾਮ ਸਿੰਘ ਜੱਸੀ, ਅਰੁਣ ਖੋਸਲਾ ਸਾਬਕਾ ਮੇਅਰ, ਹੁਸਨ ਲਾਲ ਜਨਰਲ ਮੈਨੇਜਰ ਜੈਸੀਟੀ ਮਿੱਲ, ਮਨੋਹਰ ਸਿੰਘ ਤਲਵਾੜ ਕੋਚ, ਰਮਨ ਨਹਿਰਾ, ਗੁਰਦੀਪ ਕੰਗ, ਬਲਜਿੰਦਰ ਸਿੰਘ ਸਰਪੰਚ, ਵਿਪਨ ਬੇਦੀ, ਚੰਦਰੇਸ਼ ਕੌਲ ਬੀ-ਜੇਪੀ ਆਗੂ, ਰਵਿੰਦਰ ਸਿੰਘ ਰਾਏ ਉਪ ਪ੍ਰਧਾਨ, ਕਵੀ ਸੁਖਦੇਵ ਗੰਡਮ, ਕਵੀ ਹਰਚਰਨ ਭਾਰਤੀ, ਕਵੀ ਮਨੋਜ ਫਗਵਾੜਵੀ, ਗਾਇਕ ਨਿਰਮਲਜੀਤ, ਡਾ: ਅਸ਼ੋਕ ਭਾਟੀਆ, ਸੁਖਵੰਤ ਰਾਏ ਥਿਏਟਰ ਕਲਾਕਾਰ, ਅਵਤਾਰ ਚੰਦ ਥਿਏਟਰ ਕਲਾਕਾਰ, ਨੀਤੂ ਗੁਡਿੰਗ, ਗੁਰਵਿੰਦਰ ਕੌਰ ਥਿਏਟਰ ਕਲਾਕਾਰ, ਖੁਸ਼ਪ੍ਰੀਤ ਕੌਰ ਥਿਏਟਰ ਕਲਾਕਾਰ, ਹਰਪ੍ਰੀਤ ਕੌਰ ਥਿਏਟਰ ਕਲਾਕਾਰ, ਮੈਡਮ ਪੂਜਾ ਸੈਣੀ, ਮੈਡਮ ਤਨੂੰ, ਮੈਡਮ ਸਪਨਾ ਸ਼ਾਰਧਾ, ਮੈਨੇਜਰ ਜਗਜੀਤ ਸੇਠ, ਸਤਪ੍ਰਕਾਸ਼ ਸਿੰਘ ਸੱਗੂ, ਸਾਹਿਬਜੀਤ ਸਾਬੀ, ਅਨੂਪ ਦੁੱਗਲ, ਮਨਦੀਪ ਬੱਸੀ, ਜਸ਼ਨ ਮਹਿਰਾ, ਮਹਿਲਾ ਆਗੂ ਪ੍ਰਿਤਪਾਲ ਕੌਰ ਤੁੱਲੀ, ਗੁਰਦੀਪ ਤੁੱਲੀ, ਰਾਜ ਬਸਰਾ, ਰਕੇਸ਼ ਕੋਛੜ, ਨਰਿੰਦਰ ਸੈਣੀ, ਕੁਲਦੀਪ ਜਸਵਾਲ, ਅਸ਼ੋਕ ਸ਼ਰਮਾ, ਪਰਮਜੀਤ ਰਾਏ, ਪ੍ਰਿੰ: ਰਣਜੀਤ ਗੋਗਨਾ, ਮੈਡਮ ਸੁਧਾ ਬੇਦੀ, ਅਮਨਜੋਤ ਕੌਰ, ਨਿਧੀ, ਮਾਲਾ ਮਨਪ੍ਰੀਤ, ਸੁਧਾ, ਪੂਜਾ ਆਦਿ ਹਾਜ਼ਰ ਸਨ।

# 'ਸੈਨਿਕ ਇੰਸਟੀਚਿਊਟ ਦੇ ਮਾਸਟਰ ਡਿਗਰੀ (ਐਲ.ਈ) ਦੇ ਚੌਥੇ ਸਮੈਸਟਰ ਦਾ ਨਤੀਜਾ 100 ਫੀਸਦੀ ਰਿਹਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ ਵੱਲੋ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਦੇ ਅੰਦਰ ਚੱਲ ਰਹੇ ਸਰਕਾਰੀ ਕਾਲਜ 'ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ , ਹੁਸ਼ਿਆਰਪੁਰ ਕੈਂਪਸ' ਜੋ ਕੇ ਵਿਭਾਗ ਵਲੋਂ ਹੋਰ ਕਈ ਜ਼ਿਲ੍ਹਿਆਂ ਵਿੱਚ ਚਲਾਏ ਜਾ ਰਹੇ ਕਈ ਹੋਰ ਸੈਨਿਕ ਇੰਸਟੀਚਿਊਟਸ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ ਦਾ ਨੋਡਲ ਆਫਿਸ ਵੀ ਹੈ ਤੇ ਆਈ. ਕੇ . ਜੀ . ਪੰਜਾਬ ਟੈਕਨੀਕਲ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ, ਵਿਖੇ ਚੱਲ ਰਹੇ ਮਾਸਟਰ ਆਫ ਸਾਇੰਸ ਇਨ ਆਈ.ਟੀ (ਐਲ.ਈ) ਦੇ ਚੌਥੇ ਸਮੈਸਟਰ ਦਾ ਨਤੀਜਾ 100 ਫੀਸਦੀ ਰਿਹਾ। ਕੈਂਪਸ ਡਾਇਰੈਕਟਰ—ਕਮ—ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਕਮਾਂਡਰ ਬਲਜਿੰਦਰ ਵਿਰਕ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐਮ.ਐਸ.ਸੀ—ਆਈ.ਟੀ (ਐਲ.ਈ) ਦੇ ਚੌਥੇ ਸਮੈਸਟਰ ਵਿੱਚ ਸਾਕਸ਼ੀ ਸ਼ਰਮਾ ਨੇ 8.33



ਫੀਸਦੀ ਅੰਕ ਲੈ ਕੇ ਪਹਿਲਾ , ਆਂਚਲ ਰਾਣੀ ਅਤੇ ਗਗਨਦੀਪ ਕੌਰ ਨੇ 8.17 ਫੀਸਦੀ ਅੰਕ ਲੈ ਕੇ ਦੂਜਾ ਅਤੇ ਤਾਨੀਆ ਨੇ 7.83 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾ ਸ਼ਾਨਦਾਰ ਨਤੀਜਿਆਂ ਲਈ ਸੈਨਿਕ ਇੰਸਟੀਚਿਊਟ ਕੈਂਪਸ ਡਾਇਰੈਕਟਰ-ਕਮ-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਕਮਾਂਡਰ ਬਲਜਿੰਦਰ ਵਿਰਕ ਨੇ ਪ੍ਰਿੰਸੀਪਲ ਡਾ: ਪਰਮਿੰਦਰ ਕੌਰ ਸੈਣੀ, ਪ੍ਰੋ. ਰੀਤੂ ਤਿਵਾਰੀ, ਪ੍ਰੋ. ਸੁਖਵਿੰਦਰ ਸਿੰਘ, ਪ੍ਰੋ. ਜਸਵੀਰ ਸਿੰਘ, ਪ੍ਰੋ. ਚਾਂਦਨੀ ਸ਼ਰਮਾ, ਪ੍ਰੋ. ਸੰਦੀਪ ਕੌਰ, ਪ੍ਰੋ. ਸਿਮਰਨਜੋਤ ਸਿੰਘ ਅਤੇ ਪ੍ਰੋ. ਜਸਪ੍ਰੀਤ ਸਿੰਘ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਰੋਸ਼ਨ ਭਵਿੱਖ ਦੀ ਕਾਮਨਾ ਕੀਤੀ। ਪ੍ਰਿੰਸੀਪਲ, ਡਾ: ਪਰਮਿੰਦਰ ਕੌਰ ਸੈਣੀ ਨੇ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ ਹੁਸ਼ਿਆਰਪੁਰ ਕੈਂਪਸ ਦੇ ਅਕੈਡਮਿਕ ਸਟਾਫ ਵੱਲੋ ਦਿਲ ਲਗਾ ਕੇ ਕਰਵਾਈ ਗਈ ਮਿਹਨਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਆਉਣ ਵਾਲੇ ਸਮੇ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰ ਕੇ ਅੱਗੇ ਵਧਣ ਲਈ ਪ੍ਰੇਰਣਾ ਦਿੱਤੀ।


# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਲੋਂ ਮਾਸਟਰ ਰਕੇਸ਼ ਕੁਮਾਰ ਦੀ ਬੇਵਕਤੀ ਮੌਤ ਤੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ

**ਜਲੰਧਰ (ਜੱਸੀ)–** ਪਿਛਲੇ ਦਿਨੀ ਇੱਕ ਭਿਆਨਕ ਸੜਕ ਐਕਸੀਡੈਂਟ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ (ਕੁੜੀਆਂ) ਬੜਾ ਪਿੰਡ ਦੇ ਹੈਡ ਟੀਚਰ ਤੇ ਕਾਰਜਕਾਰੀ ਸੈਂਟਰ ਹੈਡ ਟੀਚਰ ਰਾਕੇਸ਼ ਕੁਮਾਰ ਦੀ ਅਤਿ ਦਰਦਨਾਕ ਤੇ ਬੇਵਕਤੀ ਮੌਤ ਹੋ ਗਈ ਸੀ। ਪਰਿਵਾਰ ਨੂੰ ਪਏ ਅਸਹਿ ਅਤੇ ਨਾ ਪੂਰਾ ਹੋਣ ਯੋਗ ਪਏ ਘਾਟੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਗੌਰਮਿੰਟ ਟੀਚਰਜ਼ ਯੂਨੀਅਨ ਜਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ, ਐਕਟਿੰਗ ਸਕੱਤਰ ਸੁਖਵਿੰਦਰ ਸਿੰਘ ਮੱਕੜ, ਵਿੱਤ ਸਕੱਤਰ ਹਰਮਨਜੋਤ ਸਿੰਘ ਆਹਲੂਵਾਲੀਆ, ਪ੍ਰੈਸ ਸਕੱਤਰ ਰਗਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ, ਤੀਰਥ ਸਿੰਘ ਬਾਸੀ, ਗੁਰਿੰਦਰ ਸਿੰਘ ਆਦਮਪੁਰ, ਸੁਖਵਿੰਦਰ ਰਾਮ, ਧਰਮਿੰਦਰਜੀਤ, ਰਣਜੀਤ ਕੁਮਾਰ,



ਪਰੇਮ ਕੁਮਾਰ, ਬੂਟਾ ਰਾਮ ਅਕਲਪੁਰ ਆਦਿ ਨੇ ਕਿਹਾ ਕਿ ਰਾਕੇਸ਼ ਕੁਮਾਰ ਦੀ ਮੌਤ ਨਾਲ ਜਿੱਥੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਉੱਥੇ ਸਿੱਖਿਆ ਵਿਭਾਗ ਤੇ ਗੌਰਮਿੰਟ ਟੀਚਰਜ਼ ਯੂਨੀਅਨ ਨੂੰ ਤੇ ਅਧਿਆਪਕ ਵਰਗ ਨੂੰ ਵੀ ਉਨ੍ਹਾਂ ਦੀ ਘਾਟ ਮਹਿਸੂਸ ਹੁੰਦੀਂ ਰਹੇਗੀ। ਇਸ ਸਮੇਂ ਨਿਰਮੋਲਕ ਸਿੰਘ ਹੀਰਾ, ਕੁਲਦੀਪ ਵਾਲੀਆ, ਮੰਗਤ ਰਾਮ ਸਮਰਾ, ਸੁਖਵਿੰਦਰ ਰਾਮ, ਸਰਬਜੀਤ ਸਿੰਘ ਢੇਸੀ, ਬੂਟਾ ਰਾਮ ਅਕਲਪੁਰ, ਬਲਵੀਰ ਭਗਤ,ਰਾਜੀਵ ਭਗਤ, ਅਰੁਨ ਕੁਮਾਰ, ਰਣਜੀਤ ਠਾਕਰ, ਜਤਿੰਦਰ ਸਿੰਘ, ਵਿਨੋਦ ਭੱਟੀ, ਰਾਜਿੰਦਰ ਸਿੰਘ ਭੋਗਪੁਰ, ਰਾਜਿੰਦਰ ਸਿੰਘ ਸ਼ਾਹਕੋਟ, ਕਮਲਦੇਵ ਸਿੰਘ, ਸੰਦੀਪ ਰਾਜੋਵਾਲ, ਕੁਲਵੰਤ ਰਾਮ ਰੁੜਕਾ, ਪਰਨਾਮ ਸਿੰਘ ਸੈਣੀ, ਪਿਆਰਾ ਸਿੰਘ ਨਕੋਦਰ, ਮੁਲਖ਼ ਰਾਜ, ਪਰੇਮ ਖਲਵਾੜਾ, ਅਮਰਜੀਤ ਭਗਤ, ਗੁਰਿੰਦਰ ਸਿੰਘ, ਸ਼ਿਵ ਰਾਜ ਕੁਮਾਰ, ਮਨੋਜ ਕੁਮਾਰ ਸਰੋਏ ਆਦਿ ਹਾਜ਼ਰ ਸਨ।

# ਲੇਖਕ ਤੇ ਸ਼ਾਇਰ ਮਹਿੰਦਰ ਸੂਦ ਵਿਰਕ ਦਾ ਪਹਿਲਾ ਕਾਵਿ ਸੰਗ੍ਰਹਿ "ਸੱਚ ਦਾ ਹੋਕਾ" ਲੋਕ ਅਰਪਣ




**ਜਲੰਧਰ (ਜੱਸੀ)–** ਇਲਾਕੇ ਦੇ ਪ੍ਰਸਿੱਧ ਲੇਖਕ ਤੇ ਸ਼ਾਇਰ ਮਹਿੰਦਰ ਸੂਦ ਵਿਰਕ ਨੇ ਆਪਣੇ ਪਹਿਲੇ ਕਾਵਿ ਸੰਗ੍ਰਹਿ "ਸੱਚ ਦਾ ਹੋਕਾ" ਦੀ ਈ-ਕਿਤਾਬ ਲੋਕ ਅਰਪਣ ਕੀਤੀ ਹੈ। ਲੇਖਕ ਤੇ ਸ਼ਾਇਰ ਮਹਿੰਦਰ ਸੂਦ ਵਿਰਕ ਨੇ ਦੱਸਿਆ ਕਿ ਇਸ ਕਾਵਿ ਸੰਗ੍ਰਹਿ ਵਿੱਚ ਜ਼ਿੰਦਗੀ ਤੇ ਸਮਾਜ ਦੇ ਹਰ ਇੱਕ ਪੱਖ ਨੂੰ ਕਵਿਤਾ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਉਹਨਾਂ ਇਹ ਵੀ ਦੱਸਿਆ ਕਿ ਇਸ ਕਾਵਿ ਸੰਗ੍ਰਹਿ ਦੇ ਸੰਪਾਦਕ ਅਮਨਦੀਪ ਬੱਧਣ ਨੇ ਅਣਥੱਕ ਮਿਹਨਤ ਦੇ ਨਾਲ ਇਸ ਕਾਵਿ ਸੰਗ੍ਰਹਿ ਨੂੰ ਈ-ਕਿਤਾਬ ਦੇ ਰੂਪ ਦਿੱਤਾ ਹੈ। ਉਹਨਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਪਹਿਲਾ ਕਾਵਿ ਸੰਗ੍ਰਹਿ ਲੋਕਾਂ ਦੇ ਦਿਲਾਂ ਵਿੱਚ ਵਸ ਜਾਵੇਗਾ।



# ਪੰਜਾਬੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ 4 ਅਗਸਤ ਨੂੰ

**ਪਠਾਨਕੋਟ, ਅਗਸਤ (ਰਾਜਿੰਦਰ ਸਿੰਘ ਰਾਜਨ)** ਭਾਸ਼ਾ ਵਿਭਾਗ ਪੰਜਾਬ ਵਿਦਿਆਰਥੀਆਂ ਅੰਦਰ ਰਚਨਾਤਮਿਕਤਾ ਪੈਦਾ ਕਰਨ ਅਤੇ ਸਾਹਿਤਕ ਰੁਚੀਆਂ ਦੇ ਉਭਾਰ ਲਈ, ਹਰ ਸਾਲ ਸਾਹਿਤ ਸਿਰਜਣ ਦੇ ਮੁਕਾਬਲੇ ਕਰਵਾਉਂਦਾ ਹੈ। ਭਾਸ਼ਾ ਵਿਭਾਗ ਪੰਜਾਬ ਦੀ ਅਗਵਾਈ ਅਤੇ ਰਹਿਨੁਮਾਈ ਅਧੀਨ ਜ਼ਿਲ੍ਹਾ ਪਠਾਨਕੋਟ ਵਿੱਚ ਜ਼ਿਲ੍ਹਾ ਭਾਸ਼ਾ ਦਫ਼ਤਰ, ਪਠਾਨਕੋਟ ਵੱਲੋਂ ਜ਼ਿਲ੍ਹਾ ਪੱਧਰੀ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ 4 ਅਗਸਤ ਵਾਲੇ ਦਿਨ ਸ਼ਹੀਦ ਮੱਖਣ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਪਠਾਨਕੋਟ ਵਿਖੇ ਕਰਵਾਏ ਜਾ ਰਹੇ ਹਨ। ਇਹਨਾਂ ਮੁਕਾਬਲਿਆਂ ਵਿੱਚ ਜ਼ਿਲ੍ਹਾ ਭਰ ਦੇ ਸਰਕਾਰੀ, ਏਡਿਡ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਭਾਗ ਲੈ ਰਹੇ ਹਨ। ਇਹਨਾਂ ਮੁਕਾਬਲਿਆਂ ਵਿੱਚ ਕਵਿਤਾ ਰਚਨਾ, ਲੇਖ ਰਚਨਾ, ਕਹਾਣੀ ਰਚਨਾ ਤੇ ਕਵਿਤਾ ਗਾਇਨ ਵਿੱਚ ਵਿਦਿਆਰਥੀਆਂ ਦੇ ਮੁਕਾਬਲੇ ਹੋਣਗੇ। ਜ਼ਿਲ੍ਹਾ ਪੱਧਰ 'ਤੇ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਰਾਜ ਪੱਧਰੀ ਮੁਕਾਬਲਿਆਂ ਵਿੱਚ ਭਾਗ ਲੈਣਗੇ। ਜ਼ਿਲ੍ਹੇ ਦੀ ਕੋਈ ਸੰਸਥਾ ਇੱਕ ਵਿਧਾ ਵਿੱਚ ਦੋ ਵਿਦਿਆਰਥੀ ਭੇਜ ਸਕਦੀ ਹੈ ਜਿਨ੍ਹਾਂ ਦੀ ਉਮਰ 17 ਸਾਲ ਤੋਂ ਵੱਧ ਨਾ ਹੋਵੇ ਤੇ ਮੈਟ੍ਰਿਕ ਸ਼੍ਰੇਣੀ ਤੱਕ ਦੇ ਵਿਦਿਆਰਥੀ ਹੋਣ।



ਇਹ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰੇਸ਼ ਮਹਿਤਾ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਲਈ ਐਂਟਰੀ ਫਾਰਮ ਭੇਜਣ ਦੀ ਆਖਰੀ ਮਿਤੀ 28 ਜੁਲਾਈ ਸੀ ਤੇ ਉਹ ਹੀ ਵਿਦਿਆਰਥੀ ਇਹਨਾਂ ਮੁਕਾਬਲਿਆਂ ਲਈ ਯੋਗ ਹਨ ਜਿਨ੍ਹਾਂ ਦੇ ਐਂਟਰੀ ਫਾਰਮ ਜ਼ਿਲ੍ਹਾ ਭਾਸ਼ਾ ਦਫ਼ਤਰ ਨੂੰ ਭੇਜੇ ਹੋਏ ਹਨ। ਉਹਨਾਂ ਦੱਸਿਆ ਕਿ ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਨਕਦ ਇਨਾਮ ਜਾਂ ਪੁਸਤਕਾਂ ਤੇ ਪ੍ਰਮਾਣ ਪੱਤਰ ਦਿੱਤਾ ਜਾਵੇਗਾ। ਇਹਨਾਂ ਮੁਕਾਬਲਿਆਂ ਦੇ ਲਈ ਨਿਰਣਾਇਕ ਮੰਡਲ ਵਿੱਚ ਨਾਮਵਰ ਸਾਹਿਤਕਾਰਾਂ ਤੇ ਵਿਦਵਾਨਾਂ ਨੂੰ ਚੁਣਿਆ ਗਿਆ ਜੋ ਵਿਦਿਆਰਥੀਆਂ ਦੀ ਪ੍ਰਤਿਭਾ ਦਾ ਮੁਲਾਂਕਣ ਕਰਨਗੇ। ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰੇਸ਼ ਮਹਿਤਾ ਨੇ ਕਿਹਾ ਕਿ ਜੇ ਕਿਸੇ ਵੀ ਕਿਸਮ ਦੀ ਜਾਣਕਾਰੀ ਇਹਨਾਂ ਸਾਹਿਤ ਸਿਰਜਣ ਮੁਕਾਬਲਿਆਂ ਨਾਲ ਸੰਬੰਧਿਤ ਲੋੜੀਂਦੀ ਹੋਵੇ ਤਾਂ ਜ਼ਿਲ੍ਹਾ ਭਾਸ਼ਾ ਦਫ਼ਤਰ ਤੋਂ ਲਈ ਜਾ ਸਕਦੀ ਹੈ।

# ਸਰਵਹਿੱਤਕਾਰੀ ਵਿਦਿਆ ਮੰਦਰ ਛੋਕਰਾਂ ਵਲੋਂ ਨਵੇਂ ਤੀਜੇ "ਸੰਸਕਾਰ ਕੇਂਦਰ" ਦਾ ਆਰੰਭ

**ਜਲੰਧਰ (ਜੱਸੀ)–** ਇਲਮ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਿਰ ਹਾਈ ਸਕੂਲ ਛੋਕਰਾਂ ਵਲੋਂ ਸ਼ਹੀਦ ਭਗਤ ਸਿੰਘ ਬਾਲ ਸੰਸਕਾਰ ਕੇਂਦਰ ਦੀ ਸ਼ੁਰੂਆਤ ਕੀਤੀ ਗਈ ਤੇ ਸਭ ਨੂੰ ਲੱਡੂ ਵੰਡੇ ਗਏ। ਸਕੂਲ ਮੁੱਖੀ ਵੱਲੋਂ ਸਭ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਸਮਾਜ ਹਿੱਤ ਲਈ ਸਰਵ ਹਿੱਤਕਾਰੀ ਸਿੱਖਿਆ ਸਮਿਤੀ ਪੰਜਾਬ ਹਮੇਸ਼ਾ ਤਿਆਰ ਹੈ।




ਇਹਨਾਂ ਵਿੱਚੋਂ ਹੀ ਇੱਕ ਉਪਰਾਲਾ ਹੈ ਬਾਲ ਸੰਸਕਾਰ ਕੇਂਦਰ ਜਿੱਥੇ ਲੋੜਵੰਦ ਬੱਚਿਆਂ ਨੂੰ ਸਿੱਖਿਆ ਬਿਲਕੁੱਲ ਮੁਫ਼ਤ ਦਿੱਤੀ ਜਾਂਦੀ ਹੈ, ਅਤੇ ਸਿੱਖਿਆ ਦੇ ਨਾਲ ਨਾਲ ਬੱਚਿਆਂ ਨੂੰ ਸੰਸਕਾਰ ਵੀ ਦਿੱਤੇ ਜਾਂਦੇ ਹਨ । ਸਕੂਲ ਮੁਖੀ ਵਲੋਂ ਮੌਕੇ ਤੇ ਮੌਜੂਦ ਬੱਚਿਆਂ ਨੂੰ ਕਿਹਾ ਕਿ ਸਾਨੂੰ ਸਭ ਨੂੰ ਮਹਾਂਪੁਰਖਾਂ ਦੇ ਜੀਵਨ ਤੋਂ ਪ੍ਰੇਰਨਾ ਲੇ ਕੇ ਸਮਾਜ ਦੀ ਭਲਾਈ ਲਈ ਹਮੇਸ਼ਾਂ ਤਿਆਰ ਰਹਿਣਾ ਚਾਹੀਦਾ ਹੈ।

# 'ਪੰਜਾਬੀਆਂ ਦੀ ਮਰਨ-ਮਿੱਟੀ' ਪੁਸਤਕ 'ਤੇ ਵਿਚਾਰ-ਚਰਚਾ ਨੇ ਕੱਢੇ ਤੱਤ ਚਿੰਤਨ ਅਤੇ ਨਾਬਰੀ ਦੀ ਪਰੰਪਰਾ ਨੂੰ ਸੰਭਾਲਣਾ ਸਮੇਂ ਦੀ ਲੋੜ ਹੈ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਦੇਸ਼ ਭਗਤ ਯਾਦਗਾਰ ਕਮੇਟੀ ਦੀ ਇਤਿਹਾਸ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ ਦੀ ਪੁਸਤਕ 'ਪੰਜਾਬੀਆਂ ਦੀ ਮਰਨ-ਮਿੱਟੀ' ਉਪਰ ਹੋਈ ਵਿਚਾਰ-ਚਰਚਾ ਨੇ ਇਤਿਹਾਸ, ਸਾਹਿਤ, ਪੰਜਾਬੀ, ਜਨ-ਜੀਵਨ, ਪੰਜਾਬੀ ਸਭਿਆਚਾਰ ਅਤੇ ਮਨੋਵਿਗਿਆਨ ਦੀਆਂ ਅਨੇਕਾਂ ਸੂਖ਼ਮ ਪਰਤਾਂ ਫਰੋਲਦਿਆਂ ਪੰਜਾਬੀ ਸਮਾਜ ਲਈ ਚਿੰਤਨ, ਦ੍ਰਿਸ਼ਟੀ ਅਤੇ ਉਦੇਸ਼ ਦੀ ਸਪੱਸ਼ਟਤਾ ਹੋਣ ਦੀ ਹਾਕਾਂ ਮਾਰਦੀ ਲੋੜ ਨੂੰ ਉਭਾਰਕੇ ਰੌਸ਼ਨੀ 'ਚ ਲਿਆਂਦਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਕਮੇਟੀ ਮੈਂਬਰ ਡਾ. ਪਰਮਿੰਦਰ ਸਿੰਘ ਅਤੇ ਉੱਘੇ ਵਿਦਵਾਨ ਡਾ. ਸੇਵਾ ਸਿੰਘ ਦੀ ਪ੍ਰਧਾਨਗੀ 'ਚ ਹੋਈ ਇਸ ਵਿਚਾਰ-ਚਰਚਾ ਦਾ ਆਗਾਜ਼ ਸ਼ਹੀਦ ਊਧਮ ਸਿੰਘ, ਕਾਲਿਆਂ ਵਾਲਾ ਖ਼ੂਹ ਅਤੇ ਜੁਲਾਈ ਮਹੀਨੇ ਦੇ ਸਮੂਹ ਆਜ਼ਾਦੀ ਸੰਗਰਾਮੀਏ ਸ਼ਹੀਦਾਂ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਭੇਂਟ ਕਰਨ ਨਾਲ ਹੋਇਆ। ਇਸ ਮੌਕੇ ਕਮੇਟੀ ਪ੍ਰਧਾਨ ਅਜਮੇਰ ਸਿੰਘ ਨੇ ਸ਼ਹੀਦਾਂ ਨੂੰ ਸਿਜਦਾ ਕਰਦਿਆਂ ਕਿਹਾ ਕਿ ਊਧਮ ਸਿੰਘ ਜਲ੍ਹਿਆਂਵਾਲਾ ਬਾਗ਼ ਦਾ ਬਦਲਾ ਲੈਣ ਦਾ ਨਾਮ ਨਹੀਂ ਸਗੋਂ ਇਸ ਤੋਂ ਕਿਤੇ ਉਚੇਰੇ ਉਦੇਸ਼ ਸਮਾਜਕ ਬਦਲਾਅ ਨੂੰ ਪ੍ਰਨਾਇਆ ਰੌਸ਼ਨ ਚਿਰਾਗ਼ ਹੈ।

ਵਿਚਾਰ-ਚਰਚਾ ਦੇ ਮੁੱਖ ਵਕਤਾ ਸੁਖਜਿੰਦਰ ਨੇ ਕਿਹਾ ਕਿ ਇਤਿਹਾਸ ਦੀ ਗੱਲ ਕਰਦਿਆਂ ਇੱਕ ਅੱਖ ਗੁਆਉਣੀ ਪੈਂਦੀ ਹੈ, ਜੇਕਰ ਇਤਿਹਾਸ ਦੀ ਗੱਲ ਨਹੀਂ ਕਰਾਂਗੇ ਤਾਂ ਦੋਵੇਂ ਅੱਖਾਂ ਗੁਆ ਬਹਿੰਦੇ ਹਾਂ। ਉਹਨਾਂ ਕਿਹਾ ਕਿ 'ਪੰਜਾਬੀਆਂ ਦੀ ਮਰਨ ਮਿੱਟੀ' ਪੰਜਾਬੀ ਮਾਨਸਿਕਤਾ ਦੀਆਂ ਜੜ੍ਹਾਂ ਵਿੱਚ ਕਾਰਜਸ਼ੀਲ ਕਾਰਨਾਂ ਦੀ ਘੋਖ ਕਰਨ ਦੇ ਫ਼ਿਕਰ ਜਗਾਉਂਦੀ ਹੈ।

ਸੁਖਜਿੰਦਰ ਨੇ ਕਿਹਾ ਕਿ ਪੈਰਾਸ਼ੂਟ ਰਾਹੀਂ ਉੱਤਰੀ ਨਵੇਂ ਸਮਾਜ ਦੀ ਵਿਚਾਰਧਾਰਾ ਦੀ ਮਿੱਟੀ ਵਿੱਚ ਗਹਿਰੀ ਜੜ੍ਹ ਕਿਉਂ ਨਹੀਂ ਲੱਗ ਸਕੀ। ਇਹ ਹਰਿਆ ਭਰਿਆ ਮਹਿਕਾਂ ਵੰਡਦਾ ਬਾਗ਼ ਕਿਉਂ ਨਹੀਂ ਬਣ ਸਕੀ। ਇਹ ਉਲਾਂਭਾ ਨਹੀਂ ਇਹ ਸਮਾਜੀ ਸਰੋਕਾਰਾਂ ਦੀ ਫ਼ਿਕਰਮੰਦੀ ਨਾਲ ਬਾਂਹ ਫੜਨ ਦਾ ਸੁਆਲ ਹੈ।

ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਕਿਹਾ ਕਿ ਹਰਵਿੰਦਰ ਭੰਡਾਲ ਦੀ ਕਿਤਾਬ ਚੇਤਨਾ ਅਤੇ ਚਿੰਤਨ ਨੂੰ ਜਗਾਉਂਦੀ ਹੈ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਸਾਨੂੰ ਸਿਰਜਣਾਤਮਕਤਾ ਵੱਲ ਧਿਆਨ ਕੇਂਦਰਤ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਭਵਿੱਖ਼ਮੁਖੀ ਦਿਸ਼ਾ ਕੀ ਹੋਵੇ, ਇਸ ਪਾਸੇ ਹੋਰ ਵੀ ਵਧੇਰੇ ਸੰਵੇਦਨਾ ਅਤੇ ਮਿਹਨਤ ਨਾਲ ਸਿਰਜਣਾ ਕਰਨ ਦੀ ਲੋੜ ਹੈ।

ਪ੍ਰੋ. ਸੁਰਜੀਤ ਜੱਜ ਨੇ ਕਿਹਾ ਕਿ ਪੰਜਾਬੀਆਂ ਦੀ ਮਰਨ ਮਿੱਟੀ ਦੀ ਮਾਨਸਿਕਤਾ ਬਸਤੀਵਾਦੀ ਦਾਬੇ ਤੋਂ ਬਾਅਦ ਹੀ ਨਹੀਂ ਬਣੀ ਸਗੋਂ ਇਸਦੀ ਪਿੱਠ ਭੂਮੀ ਦੀ ਮਿੱਟੀ ਵੀ ਫਰੋਲਣ, ਛਾਨਣ ਦੀ ਲੋੜ ਹੈ। ਤਰਕ ਦੇ ਨਾਂਅ ਹੇਠ ਮਿਥਿਹਾਸ ਦੀ ਬੇਬਾਕੀ ਨਾਲ ਉਦਾਹਰਨ ਪੇਸ਼ ਕਰਦਿਆਂ ਕਿਹਾ ਕਿ ਗੰਗੂ ਨੂੰ 'ਮੁਜ਼ਰਿਮ' ਬਣਾ ਧਰਨ ਪਿੱਛੇ ਸਥਾਪਤੀ ਦੀਆਂ ਕਾਰਸਤਾਨੀ ਭਰੀਆਂ ਮਿੱਥਾਂ ਦੀ ਭੂਮਿਕਾ ਹੈ। ਉਹਨਾਂ ਕਿਹਾ ਕਿ ਅਤੀਤ ਉਪਰ ਟਿੱਪਣੀ ਕਰਦੇ ਰਹਿਣ ਤੋਂ ਅੱਗੇ ਤੁਰਨ ਦੀ ਲੋੜ ਹੈ ਕਿ ਅੱਜ ਕੀ ਕਰਨਾ ਲੋੜੀਏ, ਨਵਾਂ ਇਤਿਹਾਸ ਕਿਵੇਂ ਸਿਰਜੀਏ ਵਰਗੇ ਨੁਕਤਿਆਂ ਉਪਰ ਵਧੇਰੇ ਗੱਲ ਹੋਣੀ ਚਾਹੀਦੀ ਹੈ।

ਡਾ. ਸੈਲੇਸ਼ ਨੇ ਪੁਸਤਕ 'ਤੇ ਬੋਲਦਿਆਂ ਕਿਹਾ ਕਿ ਹਰਵਿੰਦਰ ਭੰਡਾਲ ਦੀ ਨਿਖੇਆਤਮਕ ਦ੍ਰਿਸ਼ਟੀ ਵੱਲ ਉਲਰਦਾ ਹੈ, ਜਦੋਂ ਕਿ ਬੱਬਰ ਅਕਾਲੀ ਲਹਿਰ ਦੀ ਪੱਤਰਕਾਰਤਾ, ਸਾਮਰਾਜੀ ਦਾਬੇ ਖਿਲਾਫ਼ ਵਿਦਰੋਹ ਨੂੰ ਬੱਬਰ ਅਕਾਲੀ ਲਹਿਰ ਦੀਆਂ ਕਮਜੋਰੀਆਂ ਦੀ ਬਾਵਜੂਦ ਛੁਟਿਆਇਆ ਨਹੀਂ ਜਾ ਸਕਦਾ।

ਸ਼ਬਦੀਸ਼ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ 5000 ਸਾਲ ਪੁਰਾਣੇ ਇਤਿਹਾਸ ਨੂੰ ਸਤਾਰਵੀਂ ਸਦੀ ਤੋਂ ਸ਼ੁਰੂ ਕਰਕੇ ਪੁਸਤਕ ਪੰਜਾਬੀਆਂ ਦੀ ਮਰਨ ਮਿੱਟੀ ਦੇ ਗਹਿਰੇ ਰੁਝਾਨਾਂ ਨੂੰ ਸ਼ਾਇਦ ਫੜਨ 'ਚ ਸੰਪੂਰਨਤਾ ਦੀ ਦਾਅਵੇਦਾਰੀ ਨਹੀਂ ਕਰ ਸਕਦੀ। ਉਹਨਾਂ ਕਿਹਾ ਕਿ ਬੱਬਰ ਅਕਾਲੀ ਲਹਿਰ ਬਰਤਾਨਵੀ ਸਾਮਰਾਜ ਦਾ ਬੋਰੀਆ ਬਿਸਤਰਾ ਗੋਲ ਕਰਨ ਲਈ ਦ੍ਰਿੜ੍ਹ ਸੰਕਲਪ ਹੋਣ ਦੇ ਬਾਵਜੂਦ ਅਰਾਜਕਤਾ ਦੇ ਚੱਕਰਵਿਊ 'ਚ ਘਿਰ ਗਈ। ਇਸ ਤੋਂ ਗੰਭੀਰ ਸਬਕ ਲੈਣ ਦੀ ਲੋੜ ਹੈ। ਡਾ. ਪਰਮਿੰਦਰ ਨੇ ਕਿਹਾ ਕਿ ਇਹ ਪੁਸਤਕ ਖੱਬੀ ਲਹਿਰ ਪ੍ਰਤੀ ਨਕਾਰਮਾਤਮਕ ਪਹੁੰਚ ਨਹੀਂ ਰੱਖਦੀ ਨਾ ਹੀ ਇਸ ਦਾ ਅੰਨ੍ਹਾ ਗੁਣਗਾਨ ਕਰਦੀ ਹੈ, ਇਹ ਸਗੋਂ ਲੋਕਾਂ ਦੀ ਗੱਲ ਕਰਨ ਵਾਲੀ ਇਸ ਲਹਿਰ ਨਾਲ ਗੰਭੀਰ ਅਤੇ ਸਿਰਜਣਾਤਮਕ ਸੰਵਾਦ ਛੇੜਦੀ ਹੈ। ਉਹਨਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਜੇਲ੍ਹ ਡਾਇਰੀ ਅਤੇ ਹੋਰ ਲਿਖਤਾਂ ਉਪਰ ਪੜਚੋਲਵੀਂ ਦ੍ਰਿਸ਼ਟੀ ਤੋਂ ਗੰਭੀਰ ਕੰਮ ਹੋਣ ਦੀ ਲੋੜ ਹੈ।

ਉੱਘੇ ਵਿਦਵਾਨ ਡਾ. ਸੇਵਾ ਸਿੰਘ ਨੇ ਕਿਹਾ ਕਿ ਪੰਜਾਬ ਦੀ ਭੋਇ ਪ੍ਰਤੀਰੋਧ ਦੀ ਭੋਇੰ ਰਹੀ ਹੈ। ਬਸਤੀਵਾਦ ਨੇ ਸੁਚੇਤ ਪੱਧਰ 'ਤੇ ਪੰਜਾਬੀ ਮਿੱਟੀ ਦੀ ਨਾਬਰੀ ਅਤੇ ਪ੍ਰਤੀਰੋਧ ਦੀ ਅਮੁੱਲੀ ਵਿਰਾਸਤ ਨੂੰ ਚੋਣਵੇਂ ਨਿਸ਼ਾਨੇ 'ਤੇ ਲਿਆਂਦਾ। ਇਸ ਨੁਕਤੇ ਵੱਲ ਸਾਡਾ ਧਿਆਨ ਖਿੱਚਦੀ ਹੈ ਭੰਡਾਲ ਦੀ ਪੁਸਤਕ। 'ਪੰਜਾਬੀਆਂ ਦੀ ਮਰਨ ਮਿੱਟੀ' ਦਾ ਸਰੋਤ ਬਸਤੀਵਾਦੀਆਂ ਦੀ ਗਿਣੀ ਮਿਥੀ ਯੋਜਨਾ ਦਾ ਹਿੱਸਾ ਹੈ। ਡਾ. ਸੇਵਾ ਸਿੰਘ ਨੇ ਕਿਹਾ ਕਿ ਬਸਤੀਵਾਦੀਆਂ ਨੇ ਬਾਬਾ ਨਾਨਕ, ਬੁੱਲੇ ਸ਼ਾਹ ਦਾ ਚਿੰਤਨ ਅਤੇ ਸੰਵਾਦ ਦਾ ਸਤਿਆਨਾਸ਼ ਕੀਤਾ ਤਾਂ ਜੋ ਉਹ ਲੋਕਾਂ ਨੂੰ ਗ਼ੁਲਾਮੀ ਦੀ ਚੋਭ ਰੜਕਣ ਤੋਂ ਬੇਖ਼ਬਰ ਰੱਖ ਸਕਣ।

ਪੁਸਤਕ ਦੇ ਰਚਨਾਕਾਰ ਹਰਵਿੰਦਰ ਭੰਡਾਲ ਨੇ ਕਿਹਾ ਕਿ ਪੁਸਤਕ ਉੱਪਰ ਹੋਈ ਗੰਭੀਰ ਚਰਚਾ ਸਾਡੇ ਸਾਰਿਆਂ ਲਈ ਮੁੱਲਵਾਨ ਹੈ ਅਤੇ ਇਹ ਮੇਰੇ ਉਪਰ ਭਵਿੱਖ 'ਚ ਹੋਰ ਗੰਭੀਰ ਅਤੇ ਵਡੇਰੀ ਜ਼ਿੰਮੇਵਾਰੀ ਆਇਦ ਕਰਦੀ ਹੈ। ਉਹਨਾਂ ਕਿਹਾ ਕਿ ਸਾਨੂੰ ਉਸਾਰੂ ਅਤੇ ਸਿਰਜਣਾਤਮਕ ਆਲੋਚਨਾ ਦਾ ਪੱਲਾ ਕਦੇ ਨਹੀਂ ਛੱਡਣਾ ਚਾਹੀਦਾ।

ਇਸ ਮੌਕੇ ਨਾਮਵਰ ਕਵੀ ਹਰਮੀਤ ਵਿਦਿਆਰਥੀ, ਹਰਮੇਸ਼ ਮਾਲੜੀ ਨੇ ਸਮੇਂ ਦਾ ਧਿਆਨ ਰੱਖਦਿਆਂ ਕਿਤਾਬ ਦੀ ਆਮਦ ਨੂੰ ਜੀ ਆਇਆਂ ਕਿਹਾ। ਵਿਚਾਰ-ਚਰਚਾ 'ਚ ਮੰਚ ਸੰਚਾਲਨ ਦੀ ਭੂਮਿਕਾ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਅਦਾ ਕੀਤੀ।






# ਹੈਬੋਵਾਲ ਬੀਤ ਵਿਖੇ ਲਗਾਏ ਮੁਫਤ ਮੈਡੀਕਲ ਚੈੱਕਅਪ ਦੌਰਾਨ 150 ਦੇ ਕਰੀਬ ਮਰੀਜ਼ਾਂ ਨੇ ਲਿਆ ਲਾਭ





**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਗੁਰੂ ਕਿਰਪਾ ਮੈਟਰਨਿਟੀ ਹੋਮ ਹਸਪਤਾਲ ਪੋਜੇਵਾਲ ਦੀ ਟੀਮ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੈਬੋਵਾਲ ਬੀਤ ਵਿਖੇ ਬੱਚਿਆਂ ਤੇ ਔਰਤਾਂ ਦੇ ਰੋਗਾਂ ਦੀਆਂ ਬਿਮਾਰੀਆਂ ਦਾ ਅਤੇ ਅੱਖਾਂ ਦਾ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ।ਕੈਪ ਵਿੱਚ 150 ਦੇ ਕਰੀਬ ਮਰੀਜ਼ਾਂ ਦਾ ਮੁਫ਼ਤ ਚੈਕਅੱਪ ਕੀਤਾ ਗਿਆ ਤੇ ਅੱਖਾਂ ਵਾਲੇ ਮਰੀਜ਼ਾਂ ਨੂੰ ਮੁਫਤ ਐਨਕਾਂ ਵੀ ਦਿੱਤੀਆਂ ਗਈਆਂ। ਇਹ ਜਾਣਕਾਰੀ ਗੁਰੂ ਕ੍ਰਿਪਾ ਮੈਟਰਨਿਟੀ ਹੋਮ ਹਸਪਤਾਲ ਪੋਜੇਵਾਲ ਦੇ ਡਾਕਟਰ ਬੇਬੀ ਰਾਜ ਨੇ ਦਿੱਤੀ। ਉਹਨਾਂ ਨੇ ਦੱਸਿਆ ਕਿ ਕੈਂਪ ਦੇ ਵਿੱਚ ਬੱਚਿਆਂ ਦੇ ਮਾਹਿਰ ਡਾਕਟਰ ਮਮਤਾ ਚੌਧਰੀ ਤੇ ਔਰਤਾਂ ਦੇ ਜਨਰਲ ਰੋਗਾਂ ਦੇ ਮਾਹਿਰ ਡਾਕਟਰ ਬੇਬੀ ਰਾਜ ਤੇ ਅੱਖਾਂ ਦੇ ਮਾਹਿਰ ਡਾ ਉਮੇਸ਼ ਵੱਲੋਂ ਮਰੀਜ਼ਾਂ ਦਾ ਮੁਫ਼ਤ ਚੈਕਅੱਪ ਕੀਤਾ ਗਿਆ ਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਮੌਕੇ ਤੇ ਪਿੰਡ ਨਿਵਾਸੀ ਸੋਹਣ ਲਾਲ, ਸਰਪੰਚ ਸੁਮਨਾ ਵੱਲੋਂ ਡਾਕਟਰਾਂ ਦੀ ਪੂਰੀ ਟੀਮ ਦਾ ਧੰਨਵਾਦ ਤੇ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਜੋ ਕਿ ਪਿੰਡ ਪਿੰਡ ਜਾ ਕਿ ਕੈਂਪ ਲਗਾਕੇ ਇਲਾਕੇ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਛੁਟਕਾਰਾ ਦੁਆ ਰਹੇ ਹਨ। ਇਸ ਮੌਕੇ ਤੇ ਕਮਲਜੀਤ ਸਿੰਘ, ਅਸ਼ਵਨੀ ਸਹਿਜਪਾਲ, ਰਾਜ ਕੁਮਾਰ ਰਾਜੂ, ਮਨਜਿੰਦਰ ਸਿੰਘ ਤੇ ਗੁਰੀ ਹਾਜਿਰ ਸਨ।

# ਕਨੇਡਾ ਵੱਸਦੇ ਪੁੱਤਰ ਦੀ ਮੌਤ ਦੀ ਖਬਰ ਨੇ ਲਈ ਪਿੰਡ ਐਮਾਂ ਚਾਹਲ ਰਹਿੰਦੀ ਮਾਂ ਦੀ ਵੀ ਜਾਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਬਲਾਚੌਰ ਦੇ ਬੇਟ ਇਲਾਕੇ ਦੇ ਪਿੰਡ ਐਮਾਂ ਚਾਹਲ ਦੇ ਵਾਸੀ ਚੌਧਰੀ ਕ੍ਰਿਸ਼ਨ ਦੇਵ ਦੇ ਪਰਿਵਾਰ ਤੇ ਉਦੋਂ ਦੁੱਖਾਂ ਦਾ ਪਹਾੜ ਡਿੱਗ ਪਿਆ ਜਦੋਂ ਪੁੱਤਰ ਦੀ ਮੌਤ ਦੀ ਖਬਰ ਨੇ ਕ੍ਰਿਸ਼ਨ ਦੇਵ ਦੀ ਪਤਨੀ ਦੀ ਵੀ ਜਾਨ ਲੈ ਲਈ। ਪ੍ਰਾਪਤ ਜਾਣਕਾਰੀ ਅਨੁਸਾਰ ਚੌਧਰੀ ਕ੍ਰਿਸ਼ਨ ਦੇਵ ਦੇ ਨੌਜਵਾਨ ਪੁੱਤਰ ਗੁਰਵਿੰਦਰ ਨਾਥ ਗਨੀ (ਉਮਰ 24-ਸਾਲ) ਦੀ ਪਿਛਲੇ ਦਿਨੀਂ ਕਨੇਡਾ ਵਿੱਚ ਮੌਤ ਹੋ ਗਈ ਸੀ। ਕਨੇਡਾ ਵਿੱਚ ਅਣਪਛਾਤੇ ਵਿਅਕਤੀਆਂ ਦੁਆਰਾ ਗਨੀ ਦੀ ਗੱਡੀ ਖੋਹਣ ਦੀ ਨੀਅਤ ਨਾਲ ਉਸਦੇ ਸਿਰ ਵਿੱਚ ਜੋਰਦਾਰ ਸੱਟ ਮਾਰ ਕੇ ਗੰਭੀਰ ਜਖਮੀ ਕਰ ਦਿੱਤਾ। ਜੋ 14 ਜੁਲਾਈ ਨੂੰ ਜਖਮਾਂ ਦੀ ਮਾਰ ਨਾ ਸਹਿੰਦਾ ਹੋਇਆ ਪ੍ਰਲੋਕ ਗਮਨ ਕਰ ਗਿਆ। ਪਹਿਲਾਂ ਇਹ ਖਬਰ ਪਰਿਵਾਰ ਦੇ ਮਰਦਾਂ ਵਿੱਚ ਹੀ ਸੀ ਪਰ ਜਦੋਂ ਹੀ ਇਹ ਅਣਹੋਣੀ ਦੀ ਖਬਰ ਗਨੀ ਦੀ ਮਾਂ ਦੇ ਕੰਨਾਂ ਵਿੱਚ ਪਈ ਤਾਂ ਮਾਂ ਪੁੱਤਰ ਦਾ ਪਹਿਲਾਂ ਵਿਦੇਸ਼ ਦਾ ਵਿਛੋੜਾ ਫਿਰ ਦੁਨੀਆਂ ਤੋਂ ਉਸ ਨੂੰ ਬਿਨ ਮਿਲੇ ਚਲੇ ਜਾਣਾ ਦਾ ਵਿਛੋੜਾ ਬਰਦਾਸ਼ਤ ਨਾ ਕਰ ਸਕੀ। ਉਹ ਵੀ ਪੁੱਤਰ ਦੇ ਪਿਛੇ ਪਿਛੇ ਪਰਿਵਾਰ ਦੀਆਂ ਨੂੰ ਦੂਹਰੀ ਮਾਰ ਦੇ ਕੇ ਪੁੱਤਰ ਦੇ ਨਾਲ ਹੀ ਚਲੀ ਗਈ।

ਪਰਿਵਾਰ ਦੇ ਮੈਂਬਰਾਂ ਨੇ ਜਾਣਕਾਰੀ ਦਿੰਦਿਆ ਕਿਹਾ ਕਿ ਗਨੀ ਦੀ ਮੌਤ ਦੀ ਖਬਰ ਸੁਣ ਕੇ ਉਸ ਦੀ ਮਾਤਾ ਨਰਿੰਦਰ ਕੌਰ (ਉਮਰ 52-ਸਾਲ) ਨੂੰ ਦਿਲ ਦਾ ਦੌਰਾ ਪੈ ਗਿਆ ਤਾਂ ਉਸ ਨੂੰ ਤੁਰੰਤ ਰੋਪੜ ਦੇ ਇਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਡਾਕਟਰਾਂ ਨੇ ਉਸ ਦੀ ਗੰਭੀਰ ਹਾਲਤ ਨੂੰ ਧਿਆਨ 'ਚ ਰੱਖਦਿਆਂ ਡੀ ਐਮ ਸੀ ਲੁਧਿਆਣਾ ਰੈਫਰ ਕਰ ਦਿੱਤਾ, ਜਿੱਥੇ ਨਰਿੰਦਰ ਕੌਰ ਦੀ ਮੌਤ ਹੋ ਗਈ। ਗੁਰਵਿੰਦਰ ਨਾਥ ਗਨੀ ਦੋ ਸਾਲ ਪਹਿਲਾਂ ਹੀ 27 ਜੁਲਾਈ 2021 ਨੂੰ ਕਨੇਡਾ ਪੜ੍ਹਨ ਲਈ ਗਿਆ ਸੀ। ਅੱਜ ਮਿਰਤਕ ਗਨੀ ਦੀ ਦੇਹ ਨੂੰ ਪਿੰਡ ਮੰਗੂਪੁਰ ਦੇ ਬਲਰਾਮ ਚੌਧਰੀ ਲੈ ਕੇ ਪਹੁੰਚੇ। ਜੋ ਪਿਛਲੇ ਜਿਆਦਾ ਸਮੇਂ ਤੋਂ ਕਨੇਡਾ ਰਹਿ ਰਿਹਾ ਸੀ ਤੇ ਗੁਰਵਿੰਦਰ ਨਾਥ ਗਨੀ ਦਾ ਵਧੀਆ ਮਿੱਤਰ ਵੀ ਸੀ। ਬਲਰਾਮ ਚੌਧਰੀ ਨੇ ਦੱਸਿਆ ਕਿ ਗਨੀ ਦੀ ਮੌਤ ਦਾ ਵਿਦੇਸ਼ ਵਿੱਚ ਵੀ ਬਹੁਤ ਦੁੱਖ ਮਨਾਇਆ ਤੇ ਸਾਰੇ ਪੰਜਾਬੀਆਂ ਮਿੱਤਰਾਂ-ਸੱਜਣਾਂ ਨੇ ਮਿਲ ਕੇ ਮ੍ਰਿਤਕ ਸ਼ਰੀਰ ਨੂੰ ਗਨੀ ਦੇ ਪਿੰਡ ਪਹੁੰਚਾਣ ਵਿੱਚ ਬਹੁਤ ਮੱਦਦ ਕੀਤੀ। ਅੱਜ ਦਲੋਂ ਪਿੰਡ ਐਮਾਂ ਚਾਹਲ ਵਿਖੇ ਚੌਧਰੀ ਕ੍ਰਿਸ਼ਨ ਦੇਵ ਦੇ ਘਰੋਂ ਮਾਂ - ਪੁੱਤ ਦੀਆਂ ਅਰਥੀਆਂ ਇਕੱਠੀਆਂ ਨਿੱਕਲੀਆਂ ਤਾਂ ਲੋਕ ਧਾਹਾਂ ਮਾਰਨ ਲੱਗ ਪਏ। ਇਲਾਕਾ ਵਾਸੀ ਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ ਮ੍ਰਿਤਕਾਂ ਦੇ ਅੰਤਿਮ ਸੰਸਕਾਰ ਕਰ ਦਿੱਤੇ ਗਏ। ਇਸ ਦੁੱਖ ਦੀ ਘੜੀ ਵਿੱਚ ਸਾਬਕਾ ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ, ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ, ਭਾਜਪਾ ਆਗੂ ਅਸ਼ੋਕ ਬਾਂਠ, ਬ੍ਰਿਗੇਡੀਅਰ ਰਾਜ ਕੁਮਾਰ, ਠੇਕੇਦਾਰ ਮਦਨ ਲਾਲ ਖੰਨਾ, ਸਰਪੰਚ ਅਸ਼ੋਕ ਹੰਸ ਰਾਜ, ਦੀਵਾਨ ਚੰਦ, ਇੰਸਪੈਕਟਰ ਇਕਬਾਲ ਸਿੰਘ, ਸਰਪੰਚ ਪ੍ਰੇਮ ਚੰਦ ਚੌਹਾਨ, ਪ੍ਰੇਮ ਚੰਦ ਭੀਮਾ, ਗੁਰਬਖਸ਼ ਰਾਮ ਰਾਏਪੁਰ, ਹਿੰਮਤ ਸਿੰਘ ਸਾਹਨੇਵਾਲ, ਬਾਬਾ ਮੋਹਣ ਸਿੰਘ ਮੰਡ, ਸੁਰਜੀਤ ਕੋਹਲੀ, ਸ਼ਿਵ ਵਰਮਾ, ਰਾਮਪਾਲ ਕਿਸਾਣਾ, ਸਰਪੰਚ ਕੇਵਲ, ਜਸਵਿੰਦਰ ਵਿੱਕੀ ਕਾਠਗੜ੍ਹ, ਧਰਮਪਾਲ ਚੇਚੀ, ਚਮਨ ਲਾਲ ਸ਼ੋਭੂਵਾਲ, ਰਾਮ ਸ਼ਾਹ ਉਧਨਵਾਲ, ਪਟਵਾਰੀ ਮਨੋਹਰ ਲਾਲ,ਹਿੰਮਤ ਸਿੰਘ ਰਾਜਾ ਤੇ ਅਸ਼ੋਕ ਨੰਬਰਦਾਰ ਸਮੇਤ ਵੱਡੀ ਗਿਣਤੀ 'ਚ ਰਿਸ਼ਤੇਦਾਰ ਹਾਜ਼ਰ ਸਨ।

# ਗਰਭਵਤੀ ਔਰਤਾਂ ਨੂੰ ਹੈਪੇਟਾਇਟਸ ਸੰਬੰਧੀ ਜਾਂਚ ਕਰਵਾਉਣੀ ਹੈ ਜ਼ਰੂਰੀ: ਸਿਵਲ ਸਰਜਨ ਡਾ: ਪਰਮਿੰਦਰ ਕੌਰ

**ਸੰਗਰੂਰ (ਦਲਜੀਤ ਕੌਰ) –** ਸਿਵਲ ਸਰਜਨ ਸੰਗਰੂਰ ਡਾ. ਪਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸਿਹਤ ਅਫ਼ਸਰ ਡਾ. ਬਲਜੀਤ ਸਿੰਘ ਦੀ ਅਗਵਾਈ ਵਿੱਚ ਸਿਵਲ ਹਸਪਤਾਲ ਸੰਗਰੂਰ ਵਿਖੇ ਵਿਸ਼ਵ ਹੈਪੇਟਾਈਟਸ ਦਿਵਸ "ਇੱਕ ਜਿੰਦਗੀ, ਇੱਕ ਜਿਗ਼ਰ" ਥੀਮ ਤਹਿਤ ਜਾਗਰੁਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸਿਵਲ ਸਰਜਨ ਸੰਗਰੂਰ ਡਾ. ਪਰਮਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਮ ਲੋਕਾਂ ਨੂੰ ਹੈਪੇਟਾਇਟਸ ਬਿਮਾਰੀ ਬਾਰੇ ਜਾਗਰੁਕ ਕਰਨ ਲਈ 24 ਤੋਂ 29 ਜੁਲਾਈ ਤੱਕ ਜਾਗਰੁਕਤਾ ਹਫਤਾ ਮਨਾਇਆ ਜਾ ਰਿਹਾ ਹੈ।



ਇਸ ਮੌਕੇ ਡਾ. ਹਰਅਸ਼ੀਸ਼ ਜਿੰਦਲ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਹੈਪੇਟਾਇਟਸ ਇੱਕ ਜਿਗ਼ਰ ਦੀ ਬਿਮਾਰੀ ਹੈ ਜੋ ਕਿ ਹੈਪੇਟਾਇਟਸ ਵਾਇਰਸ ਦੀ ਇਨਫੈਕਸ਼ਨ ਨਾਲ ਫੈਲਦੀ ਹੈ। ਹੈਪੇਟਾਇਟਸ ਬੀ ਪੌਜ਼ਟਿਵ ਮਾਂ ਤੋਂ ਬੱਚੇ ਨੂੰ ਹੋ ਸਕਦਾ ਹੈ ਇਸ ਲਈ ਹੈਪੇਟਾਇਟਸ ਬੀ ਪੌਜ਼ਿਟਿਵ ਮਾਂ ਤੋਂ ਨਵ ਜੰਮੇ ਬੱਚੇ ਨੂੰ ਜੇਕਰ 12 ਘੰਟੇ ਦੇ ਵਿਚ ਏਮਿਓਨੋ ਗਲੋਬੁਲਿਨ ਟੀਕਾ ਦੇ ਦਿੱਤਾ ਜਾਵੇ ਤਾਂ ਬੱਚੇ ਨੂੰ ਇਸ ਬਿਮਾਰੀ ਤੋਂ ਬਚਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਨਵਜੰਮੇ ਬੱਚੇ ਨੂੰ 24 ਘੰਟੇ ਦੇ ਅੰਦਰ ਅੰਦਰ ਪਹਿਲ ਦੇ ਆਧਾਰ ਤੇ ਹੈਪੇਟਾਇਟਸ ਬੀ ਦੀ ਜ਼ੀਰੋ ਡੋਜ਼ ਦਿੱਤੀ ਜਾਵੇ ਤਾਂ ਕਿ ਬੱਚੇ ਨੂੰ ਬਿਮਾਰੀ ਤੋਂ ਬਚਾਇਆ ਜਾ ਸਕੇ ਇਹ ਟੀਕਾਕਰਨ ਹਰ ਸਰਕਾਰੀ ਹਸਪਤਾਲ ਵਿਖੇ ਮੁਫ਼ਤ ਮੁੱਹਈਆ ਕਰਾਇਆ ਜਾਂਦਾ ਹੈ।

ਸੈਮੀਨਾਰ ਦੌਰਾਨ ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਿਕਾਸ ਧੀਰ ਨੇ ਦੱਸਿਆ ਕਿ ਇਸ ਬਿਮਾਰੀ ਤੋਂ ਬਚਾਅ ਲਈ ਸੂਈਆਂ ਦਾ ਸਾਂਝਾ ਇਸਤੇਮਾਲ ਨਾ ਕਰੋ,ਟੈਟੂ ਨਾ ਬਣਵਾਏ ਜਾਣ, ਰੇਜ਼ਰ ਅਤੇ ਬੁਰਸ਼ ਸਾਂਝੇ ਨਾ ਕੀਤੇ ਜਾਣ, ਮਰੀਜ਼ ਨੂੰ ਸਰਕਾਰ ਵੱਲੋਂ ਮੰਜ਼ੂਰਸ਼ੁਦਾ ਬਲੱਡ ਬੈਂਕ ਤੋਂ ਟੈਸਟ ਕੀਤਾ ਖ਼ੂਨ ਹੀ ਚੜ੍ਹਾਇਆ ਜਾਵੇ। ਜ਼ਿਲ੍ਹਾ ਸਿਹਤ ਅਫ਼ਸਰ ਡਾਕਟਰ ਬਲਜੀਤ ਸਿੰਘ ਨੇ ਕਿਹਾ ਕਿ ਸਰਜਰੀ, ਦੰਦਾ ਦਾ ਇਲਾਜ਼, ਖ਼ੂਨਦਾਨ, ਹੇਮੋਡੁਲਿਸਿਸ, ਸੂਈ ਲਗਾਉਂਣ ਵੇਲੇ, ਗਰਭਵਤੀ ਔਰਤਾਂ ਅਤੇ ਹੈਲਥ ਕੇਅਰ ਵਰਕਰ ਨੂੰ ਇਸਦਾ ਟੈਸਟ ਸਮੇਂ ਸਮੇਂ ਤੇ ਕਰਵਾਉਣਾ ਜਰੂਰੀ ਹੈ। ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਕਰਨੈਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨੈਸ਼ਨਲ ਵਾਈਰਲ ਹੈਪੀਟਾਈਟਸ ਕੰਟਰੋਲ ਪ੍ਰੋਗਰਾਮ ਤਹਿਤ ਹੈਪੇਟਾਇਟਸ ਬੀ ਅਤੇ ਸੀ ਦਾ ਟੈਸਟ, ਦਵਾਈਆਂ ਅਤੇ ਇਲਾਜ ਰਾਜ ਦੇ 142 ਸਰਕਾਰੀ ਸਿਹਤ ਕੇਂਦਰਾਂ ਵਿੱਚ ਮੁਫ਼ਤ ਉਪਲੱਬਧ ਹੈ। ਇਸ ਮੌਕੇ ਨਰਸਿੰਗ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਇਸ ਮੌਕੇ ਡਿਪਟੀ ਮਾਸ ਮੀਡੀਆ ਅਫ਼ਸਰ ਮੈਡਮ ਸਰੋਜ ਰਾਣੀ, ਐਸ ਆਈ ਸਤੀਸ਼ ਕੁਮਾਰ, ਬੀ ਈ ਈ ਹਰਪ੍ਰੀਤ ਕੌਰ, ਮਲਟੀ ਪਰਪਜ਼ ਹੈਲਥ ਵਰਕਰ ਯਾਦਵਿੰਦਰ ਸਿੰਘ, ਮਲਟੀ ਪਰਪਜ਼ ਹੈਲਥ ਵਰਕਰ ਅਕਰਮ, ਨਰਸਿੰਗ ਟਿਊਟਰ ਸੁਖਵਿੰਦਰ ਕੌਰ ਅਤੇ ਨਰਸਿੰਗ ਟਿਊਟਰ ਹਰਪ੍ਰੀਤ ਕੌਰ, ਅਮਰਜੀਤ ਕੌਰ,ਆਸ਼ਾ ਵਰਕਰ , ਐਂਟੀ ਲਾਰਵਾ ਦਾ ਸਮੂਹ ਸਟਾਫ਼ ਅਤੇ ਆਮ ਲੋਕ ਹਾਜ਼ਿਰ ਰਹੇ।

# ਸਾਊਥਾਲ, ਯੂਕੇ ਵਿੱਚ ਐਲ.ਆਰ ਬਾਲੀ ਨੂੰ ਸ਼ਰਧਾਂਜਲੀ







**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਜਾਰੀ ਪ੍ਰੈਸ ਬਿਆਨ ਵਿੱਚ ਦੱਸਿਆ ਕਿ 29 ਜੁਲਾਈ ਨੂੰ ਸ਼ਾਮ 7 ਵਜੇ ਵੈਸਟ ਲੰਡਨ ਬੁੱਧ ਵਿਹਾਰ, ਸਾਊਥਾਲ, ਯੂ.ਕੇ. ਵਿਖੇ ਪੱਕੇ ਅੰ-ਬੇਡਕਰਵਾਦੀ ਅਤੇ ਬੋਧੀ, ਮਹਾਨ ਚਿੰਤਕ, ਉੱਘੇ ਲੇਖਕ, ਨਿਡਰ ਬੁਲਾਰੇ, ਅੰਬੇਡਕਰ ਭਵਨ ਜਲੰਧਰ ਦੇ ਸੰਸਥਾਪਕ ਟਰੱਸਟੀ, ਭੀਮ ਪੱਤਰਿਕਾ ਦੇ ਸੰਪਾਦਕ, ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਦੇ ਪੁਨਰ ਸੁਰਜੀਤਕਾਰ , ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਇਕਾਈ ਦੇ ਸੰਸਥਾਪਕ ਸ਼੍ਰੀ ਲਾਹੌਰੀ ਰਾਮ ਬਾਲੀ ਲਈ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ। ਬਰਤਾਨੀਆ ਦੇ ਸੋਫੀ ਪਿੰਡ ਦੇ ਮਰਹੂਮ ਚਾਨਣ ਰਾਮ ਸਾਂਪਲਾ ਦਾ ਪਰਿਵਾਰ ਬਾਲੀ ਜੀ ਦੇ ਪਰਿਵਾਰ ਦੇ ਬਹੁਤ ਨੇੜੇ ਸੀ। ਉਨ੍ਹਾਂ ਦੇ ਵਿਚਕਾਰਲੇ ਪੁੱਤਰ ਕਪੂਰ ਚੰਦ ਸਾਂਪਲਾ ਅਤੇ ਉਨ੍ਹਾਂ ਦੀ ਪਤਨੀ ਅਮਰਜੀਤ ਸਾਂਪਲਾ, ਫੈਬੋ ਦੇ ਪ੍ਰਧਾਨ ਸੰਤੋਸ਼ ਦਾਸ, ਫੈਬੋ ਦੇ ਟਰੱਸਟੀ ਸੀ. ਗੌਤਮ, ਫੈਬੋ ਇੰਟਰਨੈਸ਼ਨਲ ਕੋਆਰਡੀਨੇਟਰ ਹਰਬੰਸ ਵਿਰਦੀ, ਸਾਬਕਾ ਮੇਅਰ ਸ਼੍ਰੀਮਤੀ ਮਹਿੰਦਰ ਮਿੱਢਾ ਅਤੇ ਉਨ੍ਹਾਂ ਦੇ ਪਤੀ ਹਰਬੰਸ ਮਿੱਢਾ, ਸ਼੍ਰੀਕਾਂਤ ਬੋਰਕਰ, ਰਾਣਾ ਭਾਣੋਕੀ, ਬਲਰਾਮ ਸਿੱਧੂ, ਹਰਬੰਸ ਬਾਲੀ ਅਤੇ ਹੋਰ ਕਈ ਪਤਵੰਤਿਆਂ ਨੇ ਸ਼੍ਰੀ ਐਲ.ਆਰ. ਬਾਲੀ ਜੀ ਨੂੰ ਸ਼ਰਧ-ਾਂਜਲੀ ਅਰਪਿਤ ਕੀਤੀ । ਉਨ੍ਹਾਂ ਵਿਚੋਂ ਬਹੁਤਿਆਂ ਨੂੰ ਬਾਲੀ ਜੀ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਸੀ । ਸ਼ਰਧਾਂਜਲੀ ਭੇਟ ਕਰਦਿਆਂ ਹਰਬੰਸ ਵਿਰਦੀ ਨੇ ਕਿਹਾ ਕਿ 'ਬਾਲੀ ਜੀ ਮੇਰੇ ਗੁਰੂ ਸਨ ਅਤੇ ਮੈਂ ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ'। ਸ਼ਰਧਾਂਜਲੀ ਸਭਾ ਵਿੱਚ ਅੰਬੇਡਕਰ ਸੈਂਟਰ ਵਿੱਚ ਰਹਿ ਰਹੇ ਸਮੂਹ ਵਿਦਿਆਰਥੀ ਅਤੇ ਹੋਰ ਬਹੁਤ ਸਾਰੇ ਲੋਕ ਹਾਜ਼ਰ ਸਨ। ਨਾਸ਼ਤਾ ਸੋਫੀ ਪਿੰਡ ਦੇ ਅਮਰਜੀਤ ਵਿਰਦੀ ਵੱਲੋਂ ਦਿੱਤਾ ਗਿਆ। ਨਿਵਾਸ ਦੇ ਵਿਦਿਆਰਥੀਆਂ ਵੱਲੋਂ ਚਾਹ ਦਾ ਪ੍ਰਬੰਧ ਕੀਤਾ ਗਿਆ।

# ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ,150 ਲਾਭਪਾਤਰੀਆਂ ਨੂੰ ਵੰਡੇ ਲੇਬਰ ਕਾਰਡ

## ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਕੈਂਪ ਲਗਾ ਕੇ ਲਾਭਪਾਤਰੀਆਂ ਨੂੰ ਦਿੱਤਾ ਜਾਵੇਗਾ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ-ਲਾਲ ਚੰਦ ਕਟਾਰੂਚੱਕ



**ਪਠਾਨਕੋਟ, ਜੁਲਾਈ (ਰਾਜਿੰਦਰ ਸਿੰਘ ਰਾਜਨ)** ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਇੱਕ ਹੀ ਉਪਰਾਲਾ ਹੈ ਕਿ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਸਿੱਧੇ ਤੋਰ ਤੇ ਲੋਕਾਂ ਤੱਕ ਪਹੁੰਚੇ ਅਤੇ ਇਸ ਉਦੇਸ਼ ਦੇ ਨਾਲ ਸਰਕਾਰ ਵੱਲੋਂ ਇਸ ਤਰ੍ਹਾਂ ਦੀ ਕਾਰਜ ਪ੍ਰਣਾਲੀ ਅਪਣਾਈ ਜਾ ਰਹੀ ਹੈ ਕਿ ਲੋਕਾਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਲੈਣ ਦੇ ਲਈ ਧੱਕੇ ਨਾ ਖਾਣੇ ਪੈਣ, ਇਸ ਉਦੇਸ਼ ਨਾਲ ਪਿਛਲੇ ਦਿਨ੍ਹਾਂ ਦੋਰਾਨ ਲੇਬਰ ਵਿਭਾਗ ਵੱਲੋਂ ਇੱਕ ਕੈਂਪ ਲਗਾਇਆ ਗਿਆ ਸੀ ਅਤੇ ਲਾਭ ਪਾਤਰੀਆਂ ਦੇ ਲੇਬਰ ਕਾਰਡ ਬਣਾਏ ਗਏ ਸਨ। ਅੱਜ ਕਰੀਬ 150 ਲਾਭਪਾਤਰੀਆਂ ਨੂੰ ਲੇਬਰ ਕਾਰਡ ਵੱਡੇ ਗਏ ਹਨ। ਇਹ ਪ੍ਰਗਟ-ਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਜਸਵਾਲੀ ਰੈਸਟ ਹਾਊਸ ਵਿਖੇ ਆਯੋਜਿਤ ਇੱਕ ਸਮਾਰੋਹ ਦੋਰਾਨ ਸੰਬੋਧਤ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵ ਸ੍ਰੀ ਨਵਦੀਪ ਸਿੰਘ ਲੇਬਰ ਇੰਨਫੋਰਸਮੈਂਟ ਅਫ਼ਸਰ ਅਤੇ ਹੋਰ ਪਾਰਟੀ ਕਾਰਜ ਕਰਤਾ ਵੀ ਹਾਜ਼ਰ ਸਨ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਆਮ ਜਨਤਾ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਮਿਲੇ ਇਸ ਉਦੇਸ ਨਾਲ ਲੇਬਰ ਵਿਭਾਗ ਵੱਲੋਂ ਕਰੀਬ 4-5 ਦਿਨ ਕੈਂਪ ਲਗਾ ਕੇ ਜੋ ਕਮੀਆਂ ਸਨ ਉਸ ਨੂੰ ਸੇਵਾ ਕੇਂਦਰ ਦੀ ਸਹਾਇਤਾ ਦੇ ਨਾਲ ਦੂਰ ਕਰਕੇ ਕਰੀਬ 150 ਲਾਭਪਾਤਰੀਆਂ ਦੇ ਲੇਬਰ ਕਾਰਡ ਬਣਾਏ ਅਤੇ ਅੱਜ ਉਨ੍ਹਾਂ ਲਾਭਪਤਾਰੀਆਂ ਨੂੰ ਕਾਰਡ ਵੰਡੇ ਗਏ ਹਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਲੇਬਰ ਵਿਭਾਗ ਵੱਲੋਂ ਬਲਾਕ ਪੱਧਰ ਤੇ ਇਸ ਤਰ੍ਹਾਂ ਦੇ ਕੈਂਪ ਲਗਾ ਕੇ ਲਾਭਪਾਤਰੀਆਂ ਨੂੰ ਮੋਕੇ ਤੇ ਲੇਬਰ ਕਾਰਡ ਬਣਾ ਕੇ ਦਿੱਤੇ ਜਾਣਗੇ।







# ਭਾਰਤ 2060 ਤੱਕ ਬਣੇਗਾ ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ

**ਨਵੀਂ ਦਿੱਲੀ–** ਭਾਰਤ ਦੀ ਅਰਥਵਿਵਸਥਾ ਨੂੰ ਲੈ ਕੇ ਵੱਡਾ ਬਿਆਨ ਸਾਹਮਣੇ ਆਇਆ ਹੈ। ਆਈ. ਐਮ. ਐਫ. ਅਤੇ ਗੋਲਡਮੈਨ ਸਾਕਸ ਦੇ ਅਨੁਮਾਨਾਂ ਮੁਤਾਬਕ ਸਾਲ 2075 ਤੱਕ ਭਾਰਤ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਵਾਲਾ ਦੇਸ਼ ਹੋਵੇਗਾ ਪਰ ਬ੍ਰਿਟੇਨ ਦੇ ਸੰਸਦ ਮੈਂਬਰ ਲਾਰਡ ਕਰਨ ਬਿਲੀਮੋਰੀਆ ਦਾ ਕਹਿਣਾ ਹੈ ਕਿ ਭਾਰਤ 2060 ਵਿਚ ਹੀ ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਏਗਾ। ਉਨ੍ਹਾਂ ਨੇ ਕਿਹਾ ਕਿ ਭਾਰਤ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਅਤੇ ਛੇਤੀ ਦੁਨੀਆ ਦੀਆਂ 3 ਮਹਾਸ਼ਕਤੀਆਂ 'ਚ ਸ਼ਾਮਲ ਹੋਵੇਗਾ। ਹਾਲੇ ਭਾਰਤ ਦੁਨੀਆ ਦੀ 5ਵੀਂ ਵੱਡੀ ਅਰਥਵਿਵਸਥਾ ਹੈ। ਉਸ ਤੋਂ ਅੱਗੇ ਅਮਰੀਕਾ, ਚੀਨ, ਜਾਪਾਨ ਅਤੇ ਜਰਮਨੀ ਰਹਿ ਗਏ ਹਨ।



ਬਿਲੀਮੋਰੀਆ ਨੇ ਹੈਦਰਾਬਾਦ ਪਬਲਿਕ ਸਕੂਲ ਤੋਂ ਪੜ੍ਹਾਈ ਕੀਤੀ ਹੈ ਅਤੇ ਉਹ ਬ੍ਰਿਟੇਨ ਦੇ ਹਾਊਸ ਆਫ ਲਾਰਡਸ ਦੇ ਮੈਂਬਰ ਹਨ। ਇਕ ਰਿਪੋਰਟ ਮੁਤਾਬਕ ਉਨ੍ਹਾਂ ਨੇ ਹੈਦਰਾਬਾਦ 'ਚ ਪ੍ਰੋਗਰਾਮ ਤੋਂ ਪਹਿਲਾਂ ਕਿਹਾ ਕਿ ਪੂਰੀ ਦੁਨੀਆ ਦੀਆਂ ਨਜ਼ਰਾਂ ਭਾਰਤ 'ਤੇ ਹਨ। ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਛੇਤੀ ਭਾਰਤ ਦੁਨੀਆ ਦੇ ਤਿੰਨ ਸੁਪਰਪਾਵਰ 'ਚ ਹੋਵੇਗਾ। ਮੇਰਾ ਅਨੁਮਾਨ ਹੈ ਕਿ 25 ਸਾਲਾਂ ਦੇ ਅੰਦਰ ਭਾਰਤ ਦੀ ਅਰਥਵਿਵਸਥਾ 32 ਟ੍ਰਿਲੀਅਨ ਡਾਲਰ ਪਹੁੰਚ ਜਾਏਗੀ ਅਤੇ ਇਹ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਹੋਵੇਗਾ। ਇੰਨਾ ਹੀ ਨਹੀਂ, ਮੇਰਾ ਮੰਨਣਾ ਹੈ ਕਿ ਸਾਲ 2020 ਵਿਚ ਭਾਰਤ ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ ਹੋਵੇਗਾ। ਉਨ੍ਹਾਂ ਨੇ ਨਾਲ ਹੀ ਉਮੀਦ ਪ੍ਰਗਟਾਈ ਕਿ ਭਾਰਤ ਅਤੇ ਯੂ. ਕੇ. ਦਰਮਿਆਨ ਛੇਤੀ ਫ੍ਰੀ ਟਰੇਡ ਐਗਰੀਮੈਂਟ ਹੋ ਸਕਦਾ ਹੈ।

ਬ੍ਰਿਟਿਸ਼ ਸੰਸਦ ਮੈਂਬਰ ਨੇ ਕਿਹਾ ਕਿ ਭਾਰਤ ਅਤੇ ਯੂ. ਕੇ. ਦਰਮਿਆਨ ਟਰੇਡ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਇਹ ਸਾਲਾਨਾ 30 ਅਰਬ ਪੌਂਡ ਤੋਂ ਉਪਰ ਪਹੁੰਚ ਗਿਆ ਹੈ ਪਰ ਮੈਨੂੰ ਲਗਦਾ ਹੈ ਕਿ ਇਹ ਬਹੁਤ ਘੱਟ ਹੈ। ਇਸ 'ਚ ਕਈ ਗੁਣਾ ਤੇਜ਼ੀ ਆ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਬ੍ਰਿਟੇਨ 'ਚ ਭਾਰਤੀ ਮੂਲ ਦੇ 17 ਲੱਖ ਲੋਕ ਰਹਿੰਦੇ ਹਨ। ਇਹ ਬ੍ਰਿਟੇਨ ਦੀ ਸਭ ਤੋਂ ਸਫਲ ਮਾਈਨੋਰਿਟੀ ਕਮਿਊਨਿਟੀ ਹੈ। ਉਥੋਂ ਦੇ ਪੀ.ਐਮ. ਰਿਸ਼ੀ ਸੁਨਕ ਭਾਰਤੀ ਮੂਲ ਦੇ ਹਨ। ਨਾਲ ਹੀ ਬਿਜ਼ਨੈੱਸ ਅਤੇ ਕਈ ਦੂਜੇ ਖੇਤਰਾਂ 'ਚ ਵੀ ਭਾਰਤੀ ਮੂਲ ਦੇ ਲੋਕਾਂ ਨੇ ਆਪਣੇ ਝੰਡੇ ਗੱਡੇ ਹਨ। ਕੋਬਰਾ ਬੀਅਰ ਦੇ ਫਾਊਂਡਰ ਬਿਲੀਮੋਰੀਆ ਨੇ ਕਿਹਾ ਕਿ ਉਹ ਛੇਤੀ ਹੀ ਭਾਰਤ 'ਚ ਮੁੜ ਆਪਣੇ ਪ੍ਰੋਡਕਟ ਨੂੰ ਰੀਸਟਾਰਟ ਕਰਨਾ ਚਾਹੁੰਦੇ ਹਨ। ਸਾਂਝੇ ਉਦਮ (ਜੇ. ਵੀ.) ਹਾਲੇ ਚੇਨਈ ਅਤੇ ਮੁੰਬਈ ਦੇ ਪ੍ਰਮੁੱਖ ਸਥਾਨਾਂ 'ਚ ਡਾਟਾ ਸੈਂਟਰ ਵਿਕਸਿਤ ਕਰ ਰਿਹਾ ਹੈ।

# ਯੂਐੱਸਏ 'ਚ ਨਵੀਂ ਬੀਮਾਰੀ ਦੀ ਦਹਿਸ਼ਤ, ਭਾਰਤ ਨੂੰ ਵੀ ਖਤਰਾ!

**ਮੈਕਸੀਕੋ–** ਅਮਰੀਕਾ 'ਚ ਨਵੀਂ ਬੀਮਾਰੀ ਦੀ ਦਹਿਸ਼ਤ ਪਸਰੀ ਹੋਈ ਹੈ। ਡਾਕਟਰਾਂ ਨੇ ਦੱਸਿਆ ਕਿ ਇਹ ਲੋਨ ਸਟਾਰ ਟਿੱਕ ਦੇ ਕੱਟਣ ਨਾਲ ਫੈਲਦਾ ਹੈ ਜੋ ਕਿ ਇੱਕ ਕਿਸਮ ਦਾ ਛੋਟਾ ਕੀੜਾ ਹੈ। ਇਸ ਕੀੜੇ ਦਾ ਵਿਗਿਆਨਕ ਨਾਮ ਐਮਬਲੀਓਮਾ ਅਮੇਰੀਕਾਨੰ ਹੈ। ਡਾਕਟਰਾਂ ਅਨੁਸਾਰ ਜਦੋਂ ਕਿਸੇ ਵਿਅਕਤੀ ਨੂੰ ਇਹ ਕੀੜਾ ਕੱਟਦਾ ਹੈ ਤਾਂ ਉਸ ਨੂੰ ਰੈੱਡ ਮੀਟ ਖਾਣ ਤੋਂ ਐਲਰਜੀ ਹੋਣ ਲੱਗਦੀ ਹੈ। ਇਸ ਬਿਮਾਰੀ ਦੀ ਸ਼ੁਰੂਆਤ ਹੌਲੀ-ਹੌਲੀ ਸ਼ੁਰੂ ਹੁੰਦੀ ਹੈ ਪਰ ਬਾਅਦ ਵਿਚ ਇਹ ਇੰਨੀ ਵੱਧ ਜਾਂਦੀ ਹੈ ਕਿ ਮਰੀਜ਼ ਨੂੰ ਹਸਪਤਾਲ ਵਿਚ ਦਾਖਲ ਕਰਵਾਉਣਾ ਪੈਂਦਾ ਹੈ। ਡਾਕਟਰਾਂ ਨੇ ਦੱਸਿਆ ਕਿ ਲੋਨ ਸਟਾਰ ਟਿੱਕ ਵਿੱਚ ਇੱਕ ਖਾਸ ਕਿਸਮ ਦੀ ਸ਼ੂਗਰ ਹੁੰਦੀ ਹੈ ਜਿਸ ਨੂੰ ਅਲਫ਼ਾ



ਗੈਲ ਕਿਹਾ ਜਾਂਦਾ ਹੈ। ਇਹ ਗੈਲ ਰੈੱਡ ਮੀਟ ਵਿੱਚ ਵੀ ਪਾਇਆ ਜਾਂਦਾ ਹੈ ਕਿਉਂਕਿ ਇਹ ਕੀੜੇ ਕੁਝ ਜਾਨਵਰਾਂ ਨੂੰ ਵੀ ਕੱਟਦੇ ਹਨ। ਅਜਿਹੇ ਮਾਸ ਦਾ ਸੇਵਨ ਕਰਨ ਵਾਲੇ ਮਨੁੱਖਾਂ ਨੂੰ ਵੀ ਐਲਰਜੀ ਹੋਣ ਲੱਗਦੀ ਹੈ। ਜਦੋਂ ਗੈਲ ਸਰੀਰ ਵਿੱਚ ਦਾਖਲ ਹੁੰਦਾ ਹੈ ਤਾਂ ਇਹ ਇੱਕ ਕਿਸਮ ਦੀ ਆਪਣੀ ਐਂਟੀਬਾਡੀ ਪੈਦਾ ਕਰਦੀ ਹੈ ਜੋ ਮੀਟ ਖਾਣ ਵਾਲੇ ਵਿਅਕਤੀ ਨੂੰ ਗੰਭੀਰ ਐਲਰਜੀ ਦਾ ਕਾਰਨ ਬਣਦੀ ਹੈ। ਇਸ ਦੀ ਐਲਰਜੀ ਚਮੜੀ ਤੋਂ ਸ਼ੁਰੂ ਹੋ ਕੇ ਤੇਜ਼ ਬੁਖਾਰ ਤੱਕ ਪਹੁੰਚ ਜਾਂਦੀ ਹੈ।

ਇਸ ਬਿਮਾਰੀ ਦੇ ਮੁੱਖ ਲੱਛਣਾਂ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਚਮੜੀ 'ਤੇ ਖੁਜਲੀ, ਪੇਟ ਵਿਚ ਦਰਦ, ਵਾਰ-ਵਾਰ ਛਿੱਕਾਂ ਆਉਣਾ ਅਤੇ ਨੱਕ ਵਗਣਾ ਆਦਿ ਹੈ। ਸੁਰੱਖਿਆ ਲਈ, ਤੁਹਾਨੂੰ ਘਾਹ ਅਤੇ ਝਾੜੀਆਂ ਵਿਚ ਨੰਗੇ ਪੈਰ ਨਹੀਂ ਤੁਰਨਾ ਚਾਹੀਦਾ, ਘਰਾਂ ਦੇ ਆਲੇ-ਦੁਆਲੇ ਦੀ ਸਫਾਈ ਕਰਨੀ ਚਾਹੀਦੀ ਹੈ ਅਤੇ ਕੀੜੇ ਦੇ ਕੱਟਣ ਲਈ ਡਾਕਟਰਾਂ ਦੀ ਸਲਾਹ ਲੈਣੀ ਚਾਹੀਦੀ ਹੈ।

ਇਸ ਬਿਮਾਰੀ ਦੇ ਮੁੱਖ ਲੱਛਣਾਂ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਚਮੜੀ 'ਤੇ ਖੁਜਲੀ, ਪੇਟ ਵਿਚ ਦਰਦ, ਵਾਰ-ਵਾਰ ਛਿੱਕਾਂ ਆਉਣਾ ਅਤੇ ਨੱਕ ਵਗਣਾ ਆਦਿ ਹੈ। ਸੁਰੱਖਿਆ ਲਈ, ਤੁਹਾਨੂੰ ਘਾਹ ਅਤੇ ਝਾੜੀਆਂ ਵਿਚ ਨੰਗੇ ਪੈਰ ਨਹੀਂ ਤੁਰਨਾ ਚਾਹੀਦਾ, ਘਰਾਂ ਦੇ ਆਲੇ-ਦੁਆਲੇ ਦੀ ਸਫਾਈ ਕਰਨੀ ਚਾਹੀਦੀ ਹੈ ਅਤੇ ਕੀੜੇ ਦੇ ਕੱਟਣ ਲਈ ਡਾਕਟਰਾਂ ਦੀ ਸਲਾਹ ਲੈਣੀ ਚਾਹੀਦੀ ਹੈ। ਅਜਿਹੇ 'ਚ ਸਵਾਲ ਇਹ ਉਠਦਾ ਹੈ ਕਿ ਕੀ ਭਾਰਤ 'ਚ ਇਸ ਬੀਮਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਾਹਿਰ ਡਾਕਟਰ ਜੁਗਲ ਕਿਸ਼ੋਰ ਅਨੁਸਾਰ ਭਾਰਤ ਵਿੱਚ ਅਜਿਹੇ ਕੀੜੇ ਘੱਟ ਹੀ ਪਾਏ ਜਾਂਦੇ ਹਨ। ਇਹ ਜ਼ਿਆਦਾਤਰ ਅਮਰੀਕਾ ਅਤੇ ਮੈਕਸੀਕੋ ਵਿੱਚ ਪਾਏ ਜਾਂਦੇ ਹਨ, ਇਸ ਲਈ ਭਾਰਤ ਨੂੰ ਇਸ ਸਮੇਂ ਬਹੁਤ ਜ਼ਿਆਦਾ ਖ਼ਤਰਾ ਨਹੀਂ ਹੈ। ਫਿਰ ਵੀ, ਸਾਵਧਾਨੀ ਬਹੁਤ ਜ਼ਰੂਰੀ ਹੈ।

# ਭਾਰਤ 'ਚੋਂ 5 ਸਾਲਾਂ ਦੌਰਾਨ 2.75 ਲੱਖ ਬੱਚੇ ਹੋਏ ਗਾਇਬ-ਅੰਕੜੇ

**ਨਵੀਂ ਦਿੱਲੀ–** ਪਿਛਲੇ ਪੰਜ ਸਾਲਾਂ ਵਿੱਚ ਦੇਸ਼ ਭਰ ਵਿੱਚ 2 ਲੱਖ 75 ਹਜ਼ਾਰ ਤੋਂ ਵੱਧ ਬੱਚੇ ਲਾਪਤਾ ਹੋਏ ਹਨ। ਲਾਪਤਾ ਬੱਚਿਆਂ ਵਿੱਚ 2 ਲੱਖ, 12 ਹਜ਼ਾਰ ਲੜਕੀਆਂ ਹਨ। ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਪਿਛਲੇ ਹਫ਼ਤੇ ਲੋਕ ਸਭਾ ਵਿੱਚ ਇਹ ਜਾਣਕਾਰੀ ਦਿੱਤੀ। ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਵੱਲੋਂ ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਮੁਤਾਬਕ 2018 ਤੋਂ ਜੂਨ 2023 ਤੱਕ ਕੁੱਲ 2,75,125 ਬੱਚੇ ਲਾਪਤਾ ਹੋਏ, ਜਿਨ੍ਹਾਂ ਵਿੱਚੋਂ 2,12,825 ਲੜਕੀਆਂ ਹਨ। ਲੋਕ ਸਭਾ ਵਿੱਚ ਦਿੱਤੀ ਜਾਣਕਾਰੀ ਅਨੁਸਾਰ 2 ਲੱਖ, 40 ਹਜ਼ਾਰ (2,40,502) ਬੱਚਿਆਂ ਦਾ ਪਤਾ ਲਗਾਇਆ ਗਿਆ, ਜਿਨ੍ਹਾਂ ਵਿੱਚੋਂ 1,73,786 (1.73 ਲੱਖ) ਲੜਕੀਆਂ ਹਨ। ਸਮ੍ਰਿਤੀ ਇਰਾਨੀ ਨੇ ਇੱਕ ਲਿਖਤੀ ਜਵਾਬ ਵਿੱਚ ਦੱਸਿਆ ਕਿ ਕੇਂਦਰ ਸਰਕਾਰ ਦੀ ਚਾਈਲਡ ਹੈਲਪਲਾਈਨ ਲਾਪਤਾ ਬੱਚਿਆਂ ਨੂੰ ਲੱਭਣ ਲਈ ਦੇਸ਼ ਭਰ ਵਿੱਚ ਕੰਮ ਕਰ ਰਹੀ ਹੈ। ਲਾਪਤਾ ਬੱਚਿਆਂ ਦਾ ਪਤਾ ਲਗਾਉਣ ਲਈ ਇੱਕ ਟ੍ਰੈਕ ਚਾਈਲਡ ਪੋਰਟਲ ਵੀ ਹੈ। ਸਭ ਤੋਂ ਵੱਧ ਬੱਚੇ ਮੱਧ ਪ੍ਰਦੇਸ਼ ਤੋਂ ਲਾਪਤਾ ਹੋਏ ਹਨ।



ਮੱਧ ਪ੍ਰਦੇਸ਼ ਵਿੱਚ ਲਾਪਤਾ ਬੱਚਿਆਂ ਦੀ ਗਿਣਤੀ 61 ਹਜ਼ਾਰ ਤੋਂ ਵੱਧ ਹੈ। ਬੱਚਿਆਂ ਦੇ ਲਾਪਤਾ ਹੋਣ ਦੇ ਮਾਮਲੇ 'ਚ ਪੱਛਮੀ ਬੰਗਾਲ ਦੂਜੇ ਨੰਬਰ 'ਤੇ ਹੈ। ਇਸ ਸੂਬੇ ਦੇ 49 ਹਜ਼ਾਰ ਤੋਂ ਵੱਧ ਬੱਚੇ ਲਾਪਤਾ ਹਨ। ਰਿਪੋਰਟ ਅਨੁਸਾਰ ਸੱਤ ਰਾਜਾਂ ਮੱਧ ਪ੍ਰਦੇਸ਼, ਪੱਛਮੀ ਬੰਗਾਲ, ਉੜੀਸਾ, ਕਰਨਾਟਕ, ਗੁਜਰਾਤ, ਦਿੱਲੀ ਅਤੇ ਛੱਤੀਸਗੜ੍ਹ ਵਿੱਚ ਸਭ ਤੋਂ ਵੱਧ ਬੱਚੇ ਲਾਪਤਾ ਹੁੰਦੇ ਹਨ। ਇਨ੍ਹਾਂ ਰਾਜਾਂ ਵਿੱਚ ਲਾਪਤਾ ਬੱਚਿਆਂ ਦੀ ਕੁੱਲ ਗਿਣਤੀ 2 ਲੱਖ, 14 ਹਜ਼ਾਰ, 664 ਹੈ। ਯਾਨੀ ਕੁੱਲ ਲਾਪਤਾ ਬੱਚਿਆਂ ਵਿੱਚੋਂ 78 ਫ਼ੀਸਦੀ ਇਨ੍ਹਾਂ ਸੱਤ ਰਾਜਾਂ ਦੇ ਹਨ।

# ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਬਾਰੇ ਜਾਗਰੂਕਤਾ ਵੈਨ ਨੂੰ ਹਰੀ ਝੰਡੀ ਦੇਕੇ ਕੀਤਾ ਰਵਾਨਾ

**ਸੰਗਰੂਰ, (ਦਲਜੀਤ ਕੌਰ)–** ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਹਸਪਤਾਲ ਸੰਗਰੂਰ ਵਿਖੇ ਸਿਵਲ ਸਰਜਨ ਡਾ: ਪਰਮਿੰਦਰ ਕੌਰ ਵੱਲੋਂ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਜਾਗਰੂਕਤਾ ਵੈਨ ਨੂੰ ਝੰਡੀ ਦੇ ਕੇ ਰਵਾਨਾ ਕੀਤਾ ਗਿਆ।



ਇਸ ਮੌਕੇ ਜਾਣਕਾਰੀ ਦਿੰਦਿਆ ਸਿਵਲ ਸਰਜਨ ਡਾ: ਪਰਮਿੰਦਰ ਕੌਰ ਨੇ ਦੱਸਿਆ ਕਿ ਇਹ ਸਕੀਮ ਪ੍ਰਤੀ ਪਰਿਵਾਰ ਸਲਾਨਾ ਪੰਜ ਲੱਖ ਰੁਪਏ ਦੀ ਕਵਰੇਜ ਕਰਦੀ ਹੈ ਅਤੇ ਇਸ ਸਕੀਮ ਅਧੀਨ ਸਮਾਰਟ ਰਾਸ਼ਨ ਕਾਰਡ ਧਾਰਕ, ਜੇ-ਫਾਰਮ ਧਾਰਕ ਕਿਸਾਨ, ਰਜਿਸਟਰਡ ਮਜ਼ਦੂਰ, ਛੋਟੇ ਵਪਾਰੀ, ਮਾਨਤਾ ਪ੍ਰਾਪਤ ਪੱਤਰਕਾਰ, ਸਮਾਜਿਕ-ਆਰਥਿਕ ਜਾਤੀ ਜਨਗਣਨਾ-2011 ਅਧੀਨ ਸੂਚੀਬੱਧ ਪਰਿਵਾਰ ਕਵਰ ਕੀਤੇ ਗਏ ਹਨ। ਉਹਨਾਂ ਕਿਹਾ ਕਿ ਇਹ ਵੈਨ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ, ਅਤੇ ਸ਼ਹਿਰਾਂ ਵਿਚ ਜਾ ਕੇ ਇਸ ਸਕੀਮ ਬਾਰੇ ਜਾਗਰੂਕ ਕਰੇਗੀ ਅਤੇ ਯੋਗ ਵਿਅਕਤੀਆਂ ਦੇ ਮੌਕੇ ਤੇ ਕਾਰਡ ਵੀ ਬਣਾਏ ਜਾਣਗੇ। ਉਹਨਾਂ ਇਹ ਵੀ ਦੱਸਿਆ ਕਿ ਇਸ ਸਕੀਮ ਅਧੀਨ 44 ਲੱਖ ਪਰਿਵਾਰ ਆਉਂਦੇ ਹਨ ਅਤੇ ਸੂਬੇ ਦੇ ਨੌ ਸੌ ਤੋਂ ਵੱਧ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲ ਸੂਚੀਬੱਧ ਹਨ, ਜਿਨ੍ਹਾਂ ਵਿੱਚ ਇਸ ਸਕੀਮ ਦੀ ਕਵਰੇਜ ਅਧੀਨ ਇਲਾਜ ਲਈ 1579 ਟ੍ਰੀਟਮੈਂਟ ਪੈਕੇਜ ਉਪਲਬਧ ਹਨ। ਉਹਨਾਂ ਆਮ ਲੋਕਾਂ ਨੂੰ ਇਸ ਸਕੀਮ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ਦੀ ਅਪੀਲ ਕੀਤੀ। ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ:ਵਿਕਾਸ ਧੀਰ, ਸੀਨੀਅਰ ਮੈਡੀਕਲ ਅਫਸਰ ਡਾ:ਕਿਰਪਾਲ ਸਿੰਘ, ਸੀਨੀਅਰ ਮੈਡੀਕਲ ਅਫਸਰ ਆਈ ਮੋਬਾਈਲ ਯੂਨਿਟ ਡਾ; ਮੋਨਿਕਾ ਖਰਬੰਦਾ ਤੋ ਇਲਾਵਾ ਆਮ ਲੋਕ ਮੌਜੂਦ ਸਨ।

# ਅਫ਼ਗਾਨਿਸਤਾਨ 'ਚ ਅੱਤਵਾਦੀ ਹਮਲੇ ਤੋਂ ਬਾਅਦ ਬਚੇ ਸਿਰਫ਼ 8 ਹਿੰਦੂ ਸਿੱਖ

**ਕਾਬੁਲ–** ਇਥੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਮੌਜੂਦਾ ਸਮੇਂ ਉਥੇ ਸਿਰਫ 8 ਹਿੰਦੂ ਸਿੱਖ ਹੀ ਰਹਿ ਰਹੇ ਹਨ। ਉਥੇ ਰਹਿ ਰਹੇ ਹਿੰਦੂ ਤੇ ਸਿੱਖਾਂ ਵਲੋਂ ਵੀਜ਼ਾ ਦੀ ਮੰਗ ਕਰਨ ਤੋਂ ਬਾਅਦ ਭਾਰਤ ਸਰਕਾਰ ਵਲੋਂ 10 ਹਿੰਦੂ ਤੇ ਸਿੱਖਾਂ ਲਈ ਵੀਜ਼ਾ ਜਾਰੀ ਕੀਤਾ ਗਿਆ, ਜਿਸ ਦੇ ਚਲਦਿਆਂ ਰਾਜਧਾਨੀ ਰਾਵਲ ਤੋਂ 150 ਕਿਲੋਮੀਟਰ ਦੂਰ ਗਜ਼ਨੀ 'ਚ ਰਹਿ ਰਹੇ ਸੁਰਬੀਰ ਸਿੰਘ ਨਿਸ਼ਚਲ ਸਮੇਤ ਦੋ ਵੱਖ-ਵੱਖ ਗਰੁੱਪਾਂ 'ਚ 7 ਹਿੰਦੂ ਸਿੱਖ ਦਿੱਲੀ ਪਹੁੰਚ ਗਏ ਹਨ ਅਤੇ ਹੁਣ ਉਹ ਆਪਣੇ ਪਰਿਵਾਰਾਂ 'ਚ ਸੁਰੱਖਿਅਤ ਮਹਿਸੂਸ ਕਰ ਰਹੇ ਹਨ। ਭਾਰਤ ਪਹੁੰਚਣ 'ਤੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਕੇ ਵਾਪਸ ਦਿੱਲੀ ਪਰਤੇ ਸੁਰਬੀਰ ਸਿੰਘ ਨੇ ਦੱਸਿਆ ਕਿ ਮੌਜੂਦਾ ਸਮੇਂ ਅਫਗਾਨਿਸਤਾਨ 'ਚ ਸਿਰਫ 3 ਸਿੱਖ ਅਤੇ 5 ਹਿੰਦੂ ਹੀ ਰਹਿ ਰਹੇ ਹਨ। ਇਨ੍ਹਾਂ 'ਚੋਂ 3 ਵਿਅਕਤੀਆਂ ਲਈ ਭਾਰਤ ਸਰਕਾਰ ਵੱਲੋਂ ਵੀਜ਼ਾ ਜਾਰੀ ਕੀਤਾ ਜਾ ਚੁੱਕਾ ਹੈ।



ਦੱਸਣਯੋਗ ਹੈ ਕਿ ਅਫਗਾਨਿਸਤਾਨ 'ਚ 70 ਦੇ ਦਹਾਕੇ 'ਚ ਲਗਭਗ 2.5 ਲੱਖ ਸਿੱਖ ਅਤੇ 5.5 ਲੱਖ ਹਿੰਦੂ (ਕੁਲ 8 ਲੱਖ) ਰਹਿ ਰਹੇ ਸਨ। ਸਾਲ 1992 'ਚ ਉਥੇ ਸ਼ੁਰੂ ਹੋਏ ਘਰੇਲੂ ਯੁੱਧ 'ਦੇ ਕਾਰਨ ਸਾਲ 2013 'ਚ ਹਿੰਦੂ ਸਿੱਖਾਂ ਦੀ ਆਬਾਦੀ 8000, ਸਾਲ 2019 'ਚ 7000 ਅਤੇ ਸਾਲ 2020 'ਚ 700 ਹੀ ਰਹਿ ਗਈ। ਬਾਕੀ 8 ਹਿੰਦੂ-ਸਿੱਖਾਂ ਦੇ ਆ ਜਾਣ ਨਾਲ ਅਫਗਾਨਿਸਤਾਨ 'ਚ ਇਹ ਘੱਟ-ਗਿਣਤੀ ਭਾਈਚਾਰਾ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗਾ।

ਜਾਣਕਾਰੀ ਮਿਲੀ ਹੈ ਕਿ ਗਜ਼ਨੀ 'ਚ ਮੌਜੂਦਾ ਸਮੇਂ ਸਿਰਫ ਇਕੋ ਹਿੰਦੂ ਰਾਜਾ ਰਾਮ ਰਹਿ ਰਿਹਾ ਹੈ। ਉਹ ਉਥੇ ਦੇਵੀ ਦੇ ਪ੍ਰਚੀਨ ਮੰਦਰ ਦੀ ਦੇਖ-ਰੇਖ ਲਈ ਰੁਕਿਆ ਹੋਇਆ ਹੈ। ਬਾਕੀ ਹਿੰਦੂ ਸਿੱਖ ਕੰਧਾਰ ਤੇ ਕਾਬੁਲ ਸੂਬਿਆਂ 'ਚ ਰਹਿ ਰਹੇ ਹਨ। ਸੁਰਬੀਰ ਸਿੰਘ ਨੇ ਦੱਸਿਆ ਕਿ ਅਫ਼ਗਾਨਿਸਤਾਨ ਦੇ ਗੁਰਦੁਆਰਾ ਸਾਹਿਬ ਦੀ ਦੇਖ-ਰੇਖ ਤਾਲਿਬਾਨ ਵੱਲੋਂ ਨਿਯੁਕਤ ਕੀਤੇ ਕੇਅਰ ਟੇਕਰ ਕਰ ਰਹੇ ਹਨ ਅਤੇ ਉਥੇ ਕਿਸੇ ਵੀ ਗੁਰਦੁਆਰੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨਹੀਂ ਹਨ।

# ਵਪਾਰਕ ਅਦਾਰਿਆਂ ਤੇ ਦੁਕਾਨਾਂ ਦੇ ਸੂਚਨਾ ਬੋਰਡਾਂ 'ਤੇ ਪੰਜਾਬੀ ਭਾਸ਼ਾ ਨੂੰ ਦਿੱਤੀ ਜਾਵੇ ਪਹਿਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਮੁੱਖ ਮੰਤਰੀ ਪੰਜਾਬ ਸ. ਭਗਵੰਤ ਮਾਨ ਵਲੋਂ ਸੂਬੇ ਵਿੱਚ ਪੰਜਾਬੀ ਭਾਸ਼ਾ ਨੂੰ ਪਹਿਲ ਦੇਣ ਬਾਰੇ ਕੀਤੀਆਂ ਹਿਦਾਇਤਾਂ ਦੀ ਲੜੀ ਵਿੱਚ ਜ਼ਿਲ੍ਹੇ ਦੇ ਵਪਾਰਕ ਅਦਾਰਿਆਂ ਅਤੇ ਦੁਕਾਨਾਂ ਦੇ ਸੂਚਨਾ ਬੋਰਡਾਂ ਉੱਤੇ ਪੰਜਾਬੀ ਭਾਸ਼ਾ ਨੂੰ ਪਹਿਲ ਦੇਣ ਲਈ ਭਾਸ਼ਾ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵਿਖੇ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਵਪਾਰ ਮੰਡਲ ਦੇ ਪ੍ਰਧਾਨ ਗੁਰਚਰਨ ਅਰੋੜਾ, ਕਾਨੂੰਨੀ ਸਲਾਹਕਾਰ ਜੇ.ਕੇ. ਦੱਤਾ, ਜਵੈਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਗੁਰਜੀਤ ਸਿੰਘ, ਕਲਾਥ ਐਸੋਸੀਏਸ਼ਨ ਦੇ ਪ੍ਰਧਾਨ ਸੰਦੀਪ ਮੁਰਗਈ, ਉਪ ਪ੍ਰਧਾਨ ਕੁਲਵੰਤ ਸਿੰਘ ਅਤੇ ਭਾਸ਼ਾ ਵਿਭਾਗ ਤੋਂ ਗਗਨਦੀਪ ਸਿੰਘ ਇਸ ਮੀਟਿੰਗ ਵਿਚ ਸ਼ਾਮਲ ਹੋਏ।



ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਸੰਦੀਪ ਸਿੰਘ ਨੇ ਸਰਕਾਰ ਵਲੋਂ ਜਾਰੀ ਆਦੇਸ਼ਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਮੂਹ ਸਰਕਾਰੀ, ਅਰਧ ਸਰਕਾਰੀ, ਦਫ਼ਤਰ,ਵਿਭਾਗ, ਅਦਾਰੇ, ਸੰਸਥਾਵਾਂ, ਵਿੱਦਿਅਕ ਅਦਾਰੇ, ਬੋਰਡਾਂ, ਨਿਗਮਾਂ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਦੇ ਨਾਲ- ਨਾਲ ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਦੇ ਨਾਮ ਅਤੇ ਸੜਕਾਂ ਦੇ ਨਾਮ, ਨਾਮ ਪੱਟੀਆਂ, ਮੀਲ ਪੱਥਰ, ਸੂਚਨਾ ਬੋਰਡ ਲਿਖਣ ਸਮੇਂ ਪੰਜਾਬੀ ਭਾਸ਼ਾ ਨੂੰ ਪਹਿਲ ਦਿੱਤੀ ਜਾਵੇ ਅਤੇ ਪੰਜਾਬ ਦੇ ਵਾਸੀ ਹੋਣ ਕਰਕੇ ਸਾਡਾ ਮੁੱਢਲਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੀ ਮਾਂ ਬੋਲੀ ਪ੍ਰਤੀ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਈਏ। ਮੀਟਿੰਗ ਵਿੱਚ ਗੁਰਚਰਨ ਅਰੋੜਾ ਨੇ ਪੰਜਾਬ ਸਰਕਾਰ ਦੇ ਪੰਜਾਬੀ ਨੂੰ ਪਹਿਲ ਦੇਣ ਸਬੰਧੀ ਫ਼ੈਸਲੇ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਵਾਉਣ ਲਈ ਜ਼ਿਲ੍ਹੇ ਦੇ ਸਮੂਹ ਦੁਕਾਨਦਾਰਾਂ ਨੂੰ ਆਪਣੀਆਂ ਦੁਕਾਨਾਂ ਦੇ ਬੋਰਡਾਂ ਉਪਰ ਪੰਜਾਬੀ ਭਾਸ਼ਾ ਨੂੰ ਪਹਿਲ ਦੇਣ ਦੀ ਅਪੀਲ ਕੀਤੀ ਅਤੇ ਭਰੋਸਾ ਦਿਵਾਇਆ ਕਿ ਉਹ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਹਰ ਸੰਭਵ ਯਤਨ ਕਰਨਗੇ।

### ਮਾਮਲਾ: ਮਡੌਰ ਵਿਖੇ ਦਲਿਤ ਮਜ਼ਦੂਰਾਂ ਦੀ ਪੰਚਾਇਤੀ ਜ਼ਮੀਨ ਦਾ ਹੱਕ ਖੋਹਣ ਦਾ

# ਮੰਤਰੀ ਦੇ ਇਸ਼ਾਰੇ ਉੱਤੇ ਧਨਾਢਾਂ ਨੂੰ ਖੁਸ਼ ਕਰਨ ਲਈ ਜ਼ਿਆਦਤੀਆਂ ਨਾ ਰੁਕੀਆਂ ਤਾਂ ਸੰਘਰਸ਼ ਨੂੰ ਕਰਾਂਗੇ ਤਿੱਖਾ: ਤਰਸੇਮ ਪੀਟਰ, ਬਿੱਕਰ ਹਥੋਆ

**ਸੰਗਰੂਰ (ਦਲਜੀਤ ਕੌਰ)** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਸੱਤਾਧਾਰੀ ਝਾੜੂ ਪਾਰਟੀ ਦੇ ਕੈਬਨਿਟ ਮੰਤਰੀ ਦੇ ਇਸ਼ਾਰੇ ਉੱਪਰ ਜ਼ਿਲਾ ਪਟਿਆਲਾ ਪੁਲਿਸ ਵਲੋਂ ਪੇਂਡੂ ਧਨਾਢਾਂ ਨੂੰ ਖੁਸ਼ ਕਰਨ ਲਈ ਬਲਾਕ ਨਾਭਾ ਦੇ ਪਿੰਡ ਮਡੌਰ ਵਿਖੇ ਲਗਾਤਾਰ ਦਲਿਤ ਪਰਿਵਾਰਾਂ ਨੂੰ ਤੰਗ ਪ੍ਰੇਸ਼ਾਨ ਕਰਨ ਅਤੇ ਉਹਨਾਂ ਨਾਲ ਵਧੀਕੀਆਂ ਦਾ ਗੰਭੀਰ ਨੋਟਿਸ ਲੈਂਦੇ ਹੋਏ ਪੁਲਿਸ ਦੇ ਰਵੱਈਏ ਦੀ ਤਿੱਖੇ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਚੇਤਾਵਨੀ ਦਿੱਤੀ ਹੈ ਕਿ ਜੇਕਰ ਪੁਲਿਸ ਪ੍ਰਸ਼ਾਸਨ ਬਾਜ਼ ਨਾ ਆਇਆ ਤਾਂ ਇਸਦੇ ਖਿਲਾਫ਼ ਸੰਘਰਸ਼ ਹੋਰ ਤਿੱਖਾ ਤੇ ਵਿਸ਼ਾਲ ਕਰਨ ਲਈ ਮਜ਼ਬੂਰ ਹੋਵਾਂਗੇ।

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਸੂਬਾ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਪ੍ਰਧਾਨ ਮੁਕੇਸ਼ ਮਲੌਦ ਤੇ ਬਿੱਕਰ ਸਿੰਘ ਹਥੋਆ ਨੇ ਦੱਸਿਆ ਕਿ ਕੈਬਨਿਟ ਮੰਤਰੀ ਡਾਕਟਰ ਬਲਬੀਰ ਸਿੰਘ ਦੇ ਇਸ਼ਾਰੇ ਉੱਪਰ ਦਲਿਤ ਮਜ਼ਦੂਰਾਂ ਦੇ ਰਾਖਵੇਂ ਤੀਜੇ ਹਿੱਸੇ ਦਾ ਹੱਕ ਖੋਹ ਕੇ ਪੇਂਡੂ ਧਨਾਢਾਂ ਨੂੰ ਦੇਣ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ 21 ਜੁਲਾਈ ਨੂੰ ਪੁਲਿਸ ਬਲ ਦੇ ਜ਼ੋਰ ਦਲਿਤਾਂ ਉੱਪਰ ਜ਼ਬਰ ਢਾਹੁਣ ਅਤੇ ਜ਼ਖ਼ਮੀਆਂ ਸਮੇਤ 17 ਦਲਿਤਾਂ ਨੂੰ ਗਿਰਫ਼ਤਾਰ ਕੀਤਾ ਗਿਆ ਹੈ। ਜਿਸ ਦੇ ਖਿਲਾਫ਼ ਸੰਘਰਸ਼ ਦਾ ਬਿਗੁਲ ਵਜਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵਲੋਂ ਸਿਆਸੀ ਦਬਾਅ ਹੇਠ ਦਲਿਤ ਮਜ਼ਦੂਰਾਂ ਤੇ ਦਹਿਸ਼ਤ ਪਾਉਣ ਲਈ ਲਗਾਤਾਰ ਜ਼ਿਆਦਤੀਆਂ ਕੀਤੀਆਂ ਜਾ ਰਹੀਆਂ ਹਨ।ਇਸ ਲੜੀ ਤਹਿਤ 27 ਜੁਲਾਈ ਨੂੰ ਪੁਲਿਸ ਵਲੋਂ ਦਲਿਤਾਂ ਦੇ ਘਰੀਂ ਛਾਪੇਮਾਰੀ ਕੀਤੀ ਗਈ ਅਤੇ ਬਜ਼ੁਰਗਾਂ ਨੂੰ ਨਜਾਇਜ਼ ਹਿਰਾਸਤ ਵਿੱਚ ਲਿਆ ਗਿਆ। ਅੱਜ ਵਧੀਕੀਆਂ ਵਿਰੁੱਧ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਕੀਤੇ ਜਾ ਰਹੇ ਜਥਾ ਮਾਰਚ ਦੀਆਂ ਗੱਡੀਆਂ ਘੇਰ ਕੇ ਦਲਿਤ ਮਜ਼ਦੂਰਾਂ ਨੂੰ ਥਾਣੇ ਪੇਸ਼ ਹੋਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਪੁਲਿਸ ਦੀ ਧੱਕੜ ਕਾਰਵਾਈ ਬੰਦ ਕਰਨ ਲਈ ਜਥੇਬੰਦੀਆਂ ਦੇ ਆਗੂਆਂ ਵਲੋਂ ਆਈ ਜੀ ਅਤੇ ਐੱਸ ਐੱਸ ਪੀ ਪਟਿਆਲਾ ਦੇ ਧਿਆਨ ਵਿੱਚ ਲਿਆਉਣ ਉਪਰੰਤ ਵੀ ਪੁਲਿਸ ਦੇ ਦਲਿਤ ਵਿਰੋਧੀ ਰਵੱਈਏ ਵਿੱਚ ਕੋਈ ਸੁਧਾਰ ਨਹੀਂ ਹੋਇਆ। ਜਿਸ 'ਤੇ ਆਗੂਆਂ ਨੇ ਸਪੈਸ਼ਲ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਦੇ ਸਾਰਾ ਮਾਮਲਾ ਧਿਆਨ ਵਿੱਚ ਲਿਆਉਣ ਉਪਰੰਤ ਫ਼ੈਸਲਾ ਕੀਤਾ ਕਿ ਜੇਕਰ ਪੁਲਿਸ ਪ੍ਰਸ਼ਾਸਨ ਨੇ ਆਪਣੇ ਰਵੱਈਏ ਨੂੰ ਨਾ ਬਦਲਿਆ ਅਤੇ ਦਲਿਤਾਂ ਨਾਲ ਕੋਈ ਵਧੀਕੀ ਕੀਤੀ ਤਾਂ ਨਿਕਲਣ ਵਾਲੇ ਸਿੱਟਿਆਂ ਲਈ ਕੈਬਨਿਟ ਮੰਤਰੀ ਡਾਕਟਰ ਬਲਬੀਰ ਸਿੰਘ ਅਤੇ ਜ਼ਿਲ੍ਹਾ ਪਟਿਆਲਾ ਪ੍ਰਸ਼ਾਸਨ ਹੋਵੇਗਾ। ਆਗੂਆਂ ਨੇ ਨਾਲ ਹੀ ਸਰਕਾਰ ਨੂੰ ਜ਼ਬਰ ਦਾ ਰਾਹ ਛੱਡ ਕੇ ਉਹਨਾਂ ਦੀਆਂ ਮੰਗਾਂ ਮੰਨਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵਲੋਂ ਮਜ਼ਦੂਰਾਂ ਦੇ ਮਸਲਿਆਂ ਨੂੰ ਲਗਾਤਾਰ ਜਾਣਬੁਝ ਕੇ ਅਣਗੋਲਿਆਂ ਕੀਤਾ ਜਾ ਰਿਹਾ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੀ ਦਿਨੀ ਸਰਕਾਰ ਵਲੋਂ ਬਣਾਈ ਕੈਬਨਿਟ ਮੰਤਰੀਆਂ ਦੀ ਸਬ ਕਮੇਟੀ ਨਾਲ ਮੀਟਿੰਗ ਹੋਈ ਸੀ ਜਿਸ 'ਚ ਡੰਮੀ ਬੋਲੀਆ ਨੂੰ ਰੱਦ ਕਰਨ ਦਾ ਭਰੋਸਾ ਦਿੱਤਾ ਗਿਆ ਸੀ ਅਤੇ ਇਸ ਲਈ ਇੱਕ ਕਮੇਟੀ ਦਾ ਵੀ ਗਠਨ ਕੀਤਾ ਗਿਆ, ਉਸਦੇ ਫ਼ੈਸਲੇ ਦੀ ਉਡੀਕ ਕੀਤੇ ਬਿਨਾਂ ਹੀ 21 ਜੁਲਾਈ ਨੂੰ ਸਵੇਰੇ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਰਸੂਖਵਾਨਾਂ ਵੱਲੋਂ ਭਾਰੀ ਪੁਲਿਸ ਫੋਰਸ ਨੂੰ ਨਾਲ ਲੈਕੇ ਦਲਿਤਾਂ ਉੱਪਰ ਹਮਲਾ ਕਰਕੇ ਔਰਤਾਂ ਬੱਚਿਆਂ ਸਮੇਤ ਦਰਜਨਾਂ ਲੋਕਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੇ ਘਰਾਂ ਅੰਦਰ ਦਾਖਲ ਹੋ ਕੇ ਮੋਟਸਾਈਕਲਾਂ ਤੇ ਜਰੂਰੀ ਵਸਤਾਂ ਦੀ ਭਨਤੋੜ ਵੀ ਕੀਤੀ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਡੀ ਡੀ ਪੀ ਓ ਪਟਿਆਲਾ ਵੱਲੋਂ ਗੈਰ ਕਾਨੂੰਨੀ ਢੰਗ ਨਾਲ ਦਲਿਤਾਂ ਦੇ ਹਿੱਸੇ ਦੀ ਪੰਚਾਇਤੀ ਜ਼ਮੀਨ ਦੀ ਡੰਮੀ ਬੋਲੀ ਕਰਵਾਈ ਗਈ ਸੀ ਜਿਸ ਨੂੰ ਰੱਦ ਕਰਵਾਉਣ ਲਈ ਦਲਿਤ ਭਾਈਚਾਰੇ ਵੱਲੋਂ ਪਿੰਡ ਵਿੱਚ ਹੀ ਸ਼ਾਂਤੀਪੂਰਵਕ ਧਰਨਾ ਲਗਾਇਆ ਹੋਇਆ ਸੀ ਅਤੇ ਇਸ ਬੋਲੀ ਦੀ ਤਫ਼ਤੀਸ਼ ਪੰਜਾਬ ਸਰਕਾਰ ਵਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਬਣਾਈ ਕੈਬਨਿਟ ਸਬ ਕਮੇਟੀ ਦੇ ਹੁਕਮਾਂ ਤਹਿਤ ਸੰਯੁਕਤ ਕਮਿਸ਼ਨਰ ਮਗਨਰੇਗਾ ਪੰਜਾਬ ਸ਼੍ਰੀ ਅਮਿਤ ਕੁਮਾਰ ਆਈ ਏ ਐੱਸ ਵੱਲੋਂ ਕੀਤੀ ਜਾ ਰਹੀ ਹੈ। ਜਿਸ ਸੰਬੰਧੀ 27 ਜੁਲਾਈ ਨੂੰ ਇਸ ਜਾਂਚ ਦੇ ਫ਼ੈਸਲੇ ਸੰਬੰਧੀ ਜਥੇਬੰਦੀ ਦੇ ਆਗੂਆਂ ਨੂੰ ਬੁਲਾਇਆ ਗਿਆ ਸੀ ਪਰੰਤੂ ਇਸ ਜਾਂਚ ਦੇ ਕਿਸੇ ਫੈਸਲੇ ਦੀ ਉਡੀਕ ਕੀਤੇ ਬਿਨਾਂ ਹੀ ਮਜਦੂਰਾਂ 'ਤੇ ਇਹ ਕਹਿਰ ਵਰਸਾਅ ਦਿੱਤਾ ਗਿਆ।

ਜਥੇਬੰਦੀਆਂ ਵੱਲੋਂ ਜਿੱਥੇ ਸਰਕਾਰ ਤੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਇਸ ਕਾਰੇ ਦੀ ਨਿਖੇਧੀ ਕੀਤੀ ਗਈ ਉੱਥੇ ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਦਲਿਤਾਂ/ਮਜਦੂਰਾਂ ਦਾ ਹੱਕ ਮਾਰਕੇ ਧਨਾਢਾਂ ਨੂੰ ਖੁਸ਼ ਕਰਨ ਲਈ ਬੇਦਰੇਗ ਪੁਲਸੀਆਂ ਜਬਰ ਕਰ ਰਹੀ ਹੈ, ਜਿਸਨੂੰ ਕਿਸੇ ਕੀਮਤ 'ਤੇ ਵੀ ਬਰਦਾਸ਼ਤ ਨਹੀ ਕੀਤਾ ਜਾਵੇਗਾ। ਜਥੇਬੰਦੀਆਂ ਨੇ ਦਲਿਤ ਮਜ਼ਦੂਰਾਂ ਖਿਲਾਫ਼ ਦਰਜ ਹੋਏ ਕੇਸ ਨੂੰ ਰੱਦ ਕਰਨ, ਗਿਰਫ਼ਤਾਰ ਲੋਕਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਅਤੇ ਡੀਸੀ ਡੀਡੀਪੀਓ ਬੀਡੀਪੀਓ ਅਤੇ ਪੁਲਿਸ ਅਧਿਕਾਰੀਆਂ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

## ਬੇਗਮਪੁਰਾ ਟਾਈਗਰ ਫੋਰਸ ਨੇ ਮਨੀਪੁਰ ਦੀ ਦਰਦਨਾਕ ਘਟਨਾ ਖਿਲਾਫ ਕੱਢਿਆ ਕੈਂਡਲ ਮਾਰਚ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਮਨੀਪੁਰ ਵਿਖੇ ਕੁੱਕੀ ਗੋਤ ਦੀਆਂ ਔਰਤਾਂ ਨਾਲ ਹੋ ਰਹੇ ਦੁਰਵਿਵਹਾਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਕਤਲ ਦੇ ਰੋਸ ਵਜੋਂ ਬੇਗਮਪੁਰਾ ਟਾਈਗਰ ਫੋਰਸ ਵੱਲੋਂ ਕੇਂਦਰ ਅਤੇ ਮਨੀਪੁਰ ਸਰਕਾਰ ਵਿਰੁੱਧ ਸਥਾਨਕ ਭਗਵਾਨ ਵਾਲਮੀਕਿ ਚੌਕ ਤੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਚੌਂਕ ਤੱਕ ਫੋਰਸ ਦੇ ਸੂਬਾ ਪ੍ਰਧਾਨ ਵੀਰਪਾਲ ਥਰੋਲੀ ਅਤੇ ਦੋਆਬਾ ਪ੍ਰਧਾਨ ਨੇਕੂ ਅਜਨੋਹਾ ਦੀ ਪ੍ਰਧਾਨਗੀ ਹੇਠ ਵਿਸ਼ਾਲ ਅਰਥੀ ਫੂਕ ਮੋਮਬੱਤੀ ਮਾਰਚ ਕੱਢਿਆ ਗਿਆ। ਇਸ ਅਰਥੀ ਫੂਕ ਮੋਮਬੱਤੀ ਮਾਰਚ ਵਿੱਚ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਆਗੂਆਂ ਨੇ ਕਿਹਾ ਕਿ ਇਸ ਦਰਦਨਾਕ ਘਟਨਾ ਨਾਲ ਸਾਰਿਆਂ ਦੇ ਹਿਰਦੇ ਵਲੂੰਧਰੇ ਗਏ ਹਨ। ਪਰ ਸਰਕਾਰ ਨੇ ਪੀੜਤ ਲੋਕਾਂ ਨੂੰ ਰਾਹਤ ਦੇਣ ਲਈ ਕੋਈ ਕਦਮ ਨਹੀਂ ਚੁੱਕਿਆ, ਸਗੋਂ ਕੇਂਦਰ ਸਰਕਾਰ ਵੱਲੋਂ ਉਨ੍ਹਾਂ ਦੀ ਆਵਾਜ਼ ਨੂੰ ਬੁਰੀ ਤਰ੍ਹਾਂ ਕੁਚਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਘਟਨਾ ਲਈ ਜ਼ਿੰਮੇਵਾਰ



ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾ ਦੇਵੇ ਅਤੇ ਪੀੜਤ ਵਿਅਕਤੀਆਂ ਨੂੰ ਰਾਹਤ ਦੇ ਕੇ ਸਮਾਜ ਵਿੱਚ ਸਥਾਪਤ ਕਰਨ ਲਈ ਜਲਦੀ ਨੀਤੀ ਬਣਾਵੇ।

ਉਨ੍ਹਾਂ ਕਿਹਾ ਕਿ 3 ਮਈ 2023 ਦੀ ਰਾਤ ਨੂੰ ਮਣੀਪੁਰ ਰਾਜ ਵਿੱਚ ਲਗਭਗ ਇੱਕ ਹਜ਼ਾਰ ਲੋਕਾਂ ਦੀ ਇੱਕ ਹਥਿਆਰਬੰਦ ਭੀੜ ਨੇ ਕਾਂਗਪੋਕਪੀ ਜ਼ਿਲ੍ਹੇ ਦੇ ਸੈਕੁਲ ਥਾਣੇ ਦੇ ਕੁਝ ਪਿੰਡਾਂ ਵਿੱਚ ਦਾਖਲ ਹੋ ਕੇ ਕੁੱਕੀ ਕਬੀਲੇ ਨਾਲ ਸਬੰਧਤ ਲੋਕਾਂ ਦੇ ਘਰਾਂ 'ਤੇ ਹਮਲਾ ਕਰ ਦਿੱਤਾ ਤੇ ਉਨ੍ਹਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ। ਆਪਣਾ ਬਚਾਅ ਕਰਦੇ ਹੋਏ, ਤਿੰਨ ਕੁੱਕੀ ਔਰਤਾਂ ਅਤੇ ਦੋ ਆਦਮੀ ਇੱਕ ਗੱਡੀ ਵਿੱਚ ਉੱਥੋਂ ਫਰਾਰ ਹੋ ਗਏ, ਜੋ ਅਗਲੇ ਦਿਨ 4 ਮਈ ਨੂੰ ਆਪਣਾ ਬਚਾਅ ਕਰਨ ਲਈ ਇੱਕ ਪੁਲਿਸ ਕਾਰ ਵਿੱਚ ਛੁਪ ਗਏ। ਪੁਲਿਸ ਨੇ ਉਨ੍ਹਾਂ ਦਾ ਬਚਾਅ ਨਹੀਂ ਕੀਤਾ, ਸਗੋਂ ਭੀੜ ਨੇ ਉਨ੍ਹਾਂ ਨੂੰ ਪੁਲਿਸ ਤੋਂ ਖੋਹ ਲਿਆ ਅਤੇ ਜ਼ਬਰਦਸਤੀ ਤਿੰਨ ਔਰਤਾਂ ਦੇ ਕੱਪੜੇ ਪਾੜ ਦਿੱਤੇ ਅਤੇ ਉਨ੍ਹਾਂ ਨੂੰ ਨੰਗੀਆ ਕਰ ਦਿੱਤਾ। ਇਨ੍ਹਾਂ ਔਰਤਾਂ ਵਿੱਚ ਇੱਕ ਦੀ ਉਮਰ 52 ਸਾਲ, ਦੂਜੀ 42 ਸਾਲ ਅਤੇ ਤੀਜੀ 21 ਸਾਲ ਦੀ ਸੀ। ਜਦੋਂ ਲੜਕੀ ਦੇ ਪਿਤਾ ਅਤੇ ਨੌਜਵਾਨ ਭਰਾ ਨੇ ਇਸ ਬੇਰਹਿਮੀ ਦਾ ਵਿਰੋਧ ਕੀਤਾ ਤਾਂ ਭੀੜ ਵੱਲੋਂ ਦੋਵਾਂ ਨੂੰ ਮੌਕੇ 'ਤੇ ਹੀ ਮਾਰ ਦਿੱਤਾ ਗਿਆ ਅਤੇ ਭੀੜ ਵੱਲੋਂ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਬੜੀ ਸ਼ਰਮ ਦੀ ਗੱਲ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੇ ਮਣੀਪੁਰ ਕਾਂਡ ਬਾਰੇ ਇੱਕ ਵਾਰ ਵੀ ਮੂੰਹ ਨਹੀਂ ਖੋਲ੍ਹਿਆ। ਉਨ੍ਹਾਂ ਕਿਹਾ ਕਿ ਮਨੀਪੁਰ ਕਾਂਡ ਦੇ ਦੋਸ਼ੀਆਂ ਨੂੰ ਬਿਨਾਂ ਮੁਕੱਦਮੇ ਦੇ ਸ਼ਿਕੰਜੇ 'ਚ ਖੜ੍ਹਾ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਗੋਲੀ ਮਾਰ ਕੇ ਮਾਰ ਦੇਣਾ ਚਾਹੀਦਾ ਹੈ।

ਇਸ ਮੌਕੇ ਮੀਡੀਆ ਇੰਚਾਰਜ ਚੰਦਰਪਾਲ ਹੈਪੀ, ਮਨਪ੍ਰੀਤ ਕੋਹਲੀ, ਅਜੈ ਕੁਮਾਰ, ਵਿੱਕੀ ਸਿੰਘ ਪੁਰਹੀਰਾਂ, ਗੁਰਪ੍ਰੀਤ ਕੁਮਾਰ, ਸੰਨੀ ਸੀਨਾ, ਭਿੰਦਾ ਸੀਨਾ, ਅਮਨਦੀਪ, ਦੋਆਬਾ ਇੰਚਾਰਜ ਜੱਸਾ ਸਿੰਘ ਨੰਦਨ, ਸਤੀਸ਼ ਕੁਮਾਰ ਸ਼ੇਰਗੜ੍ਹ, ਚਰਨਜੀਤ ਸਿੰਘ, ਬਲਵਿੰਦਰ ਸ਼ੇਰਗੜ੍ਹੀਆ, ਗਗਨਦੀਪ ਸ਼ੇਰਗੜ੍ਹੀਆ, ਅਮਰੀਕ ਸ਼ੇਰਗੜ੍ਹ, ਭੁਪਿੰਦਰ ਮਾਨਾ, ਅਵਤਾਰ ਤਾਰੀ ਮਾਨਾ, ਵਿਜੇ ਕੁਮਾਰ ਸ਼ੀਹਮਾਰ, ਹਰੀਰਾਮ ਆਦੀਆ ਜ਼ਿਲ੍ਹਾ ਪ੍ਰਧਾਨ ਭਾਵਾਧਸ, ਪੰਮਾ ਦਾਦਾ, ਜਸਵੀਰ ਸ਼ੇਰਗੜ੍ਹੀਆ, ਅਮਰੀਕ ਸਿੰਘ ਸ਼ੇਰਗੜ੍ਹੀਆ, ਗੋਗਾ ਮਾਂਝੀ, ਰਾਜ ਕੁਮਾਰ ਬੱਧਣ, ਰਾਕੇਸ਼ ਕੁਮਾਰ ਭੱਟੀ, ਅਸ਼ੋਕ ਕੁਮਾਰ, ਡਿੰਪੀ, ਅਵਿਨਾਸ਼ ਸਿੰਘ, ਅਮਨਦੀਪ ਸਿੰਘ, ਚਰਨਜੀਤ ਸਿੰਘ, ਇੰਦਰਪਾਲ ਸਿੰਘ, ਵਿਸ਼ਾਲ ਬੱਸੀ ਬਾਹੀਆ, ਬਿੱਟੂ ਵਿਰਦੀ ਪੰਚ ਸ਼ੇਰਗੜ੍ਹ, ਕਮਲਜੀਤ ਸਿੰਘ, ਗਿਆਨ ਚੰਦ, ਮੁਸਾਫਿਰ ਸਿੰਘ, ਸ਼ੇਰਾ ਸਿੰਘ, ਮਨੀਸ਼ ਕੁਮਾਰ, ਦਵਿੰਦਰ ਕੁਮਾਰ, ਚਰਨਜੀਤ ਦਾਦਾ, ਨਰੇਸ਼ ਕੁਮਾਰ ਸ਼ਹਿਰੀ ਪ੍ਰਧਾਨ, ਬਾਲੀ, ਗੁਰਪ੍ਰੀਤ ਗੋਪਾ, ਨਿੱਕਾ ਬੱਸੀ ਕਿੱਕਰਾਂ, ਡਾ. ਰਵੀ, ਦੀਪੂ ਨਲੋਈਆਂ, ਭੁਪਿੰਦਰ ਕੁਮਾਰ ਬੱਧਣ, ਅਵਤਾਰ ਡਿੰਪੀ, ਚਰਨਜੀਤ ਦਾਦਾ, ਕਮਲਜੀਤ ਦਾਦਾ ਅਤੇ ਫੋਰਸ ਦੇ ਹੋਰ ਅਧਿਕਾਰੀ ਅਤੇ ਮੈਂਬਰ ਹਾਜ਼ਰ ਸਨ।

## ਡਿਪਟੀ ਕਮਿਸ਼ਨਰ ਨੇ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਦੇ ਪ੍ਰਬੰਧਾਂ ਸਬੰਧੀ ਕੀਤੀ ਮੀਟਿੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਦੇ ਪ੍ਰਬੰਧਾਂ ਸਬੰਧੀ ਮੀਟਿੰਗ ਅੱਜ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡਿਜੀਟਲ ਲਾਇਬ੍ਰੇਰੀ ਦੇ ਪ੍ਰਬੰਧਾਂ ਦੀ ਬਿਹਤਰੀ ਲਈ ਹੋਰ ਉਪਰਾਲੇ ਕੀਤੇ ਜਾਣ। ਉਨ੍ਹਾਂ ਅਧਿਕਾਰੀਆਂ ਨੂੰ ਸੋਲਰ ਲਾਈਟਾਂ ਲਗਾਉਣ ਅਤੇ ਫੂਡ ਕੋਰਟ ਬਣਾਉਣ ਦੇ ਨਿਰਦੇਸ਼ ਵੀ ਦਿੱਤੇ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਡਿਜੀਟਲ ਲਾਇਬ੍ਰੇਰੀ ਵਿੱਚ ਲਗਾਤਾਰ ਸਿੱਖਣ ਦੀਆਂ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ ਅਤੇ ਇਹ ਸਿਲਸਿਲਾ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰਹੇਗਾ ਤਾਂ ਜੋ ਨੌਜਵਾਨਾਂ ਦਾ ਸਰਵਪੱਖੀ ਵਿਕਾਸ ਹੋ ਸਕੇ। ਉਨ੍ਹਾਂ ਕਿਹਾ ਕਿ ਡਿਜੀਟਲ ਲਾਇਬ੍ਰੇਰੀ ਰਾਹੀਂ ਨੌਜਵਾਨਾਂ ਨੂੰ ਵਧੀਆ ਪਲੇਟਫਾਰਮ ਪ੍ਰਦਾਨ ਕੀਤਾ ਗਿਆ ਹੈ। ਉਨ੍ਹਾਂ ਵੱਧ ਤੋਂ ਵੱਧ ਲੋਕਾਂ ਖਾਸ ਕਰਕੇ ਵਿਦਿਆਰਥੀਆਂ ਨੂੰ ਡਿਜੀਟਲ ਲਾਇਬ੍ਰੇਰੀ ਨਾਲ ਜੁੜਨ ਲਈ ਕਿਹਾ। ਇਸ ਦੌਰਾਨ ਆਉਣ ਵਾਲੇ ਦਿਨਾਂ ਵਿੱਚ ਡਿਜੀਟਲ ਲਾਇਬ੍ਰੇਰੀ ਦੇ ਵਿਸਥਾਰ ਅਤੇ ਪ੍ਰੋਗਰਾਮਾਂ ਬਾਰੇ ਵੀ ਚਰਚਾ ਕੀਤੀ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਹੁਲ ਚਾਬਾ, ਆਈ.ਏ.ਐਸ ਟ੍ਰੇਨੀ ਦਿਵਿਆ. ਪੀ, ਸਹਾਇਕ ਕਮਿਸ਼ਨਰ (ਜਨਰਲ) ਵਿਓਮ ਭਾਰਦਵਾਜ, ਜ਼ਿਲ੍ਹਾ ਵਿਕਾਸ ਫੈਲੋ ਜ਼ੋਇਆ ਸਦੀਕੀ, ਐਕਸੀਅਨ ਪੰਚਾਇਤੀ ਰਾਜ ਰਾਜ ਕੁਮਾਰ, ਪ੍ਰਿੰਸੀਪਲ ਐਚ.ਆਈ.ਡੀ.ਐਸ ਮੰਗੇਸ਼ ਸੂਦ, ਸਰਬੱਤ ਦਾ ਭਲਾ ਟਰੱਸਟ ਦੇ ਜ਼ਿਲ੍ਹਾ ਮੁਖੀ ਆਗਿਆ ਪਾਲ ਸਿੰਘ ਸਾਹਨੀ, ਅਦਿੱਤਿਆ ਰਾਣਾ, ਲਾਇਬ੍ਰੇਰੀਅਨ ਵਿਜੇ ਕੁਮਾਰ ਮਨੋਜ ਕੁਮਾਰ ਆਦਿ ਹਾਜ਼ਰ ਸਨ।

## ਨਿਊਜ਼ੀਲੈਂਡ- 2021 ਰੈਜੀਡੈਂਟ ਵੀਜ਼ੇ ਰਾਹੀਂ 204,611 ਤੋਂ ਵੱਧ ਲੋਕ ਹੋ ਚੁੱਕੇ ਹਨ ਪੱਕੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਇਮੀਗ੍ਰੇਸ਼ਨ ਵਾਲਿਆਂ ਨੇ '2021 ਰੈਜ਼ੀਡੈਂਟ ਵੀਜ਼ਾ' ਅਰਜ਼ੀਆਂ ਦੇ ਵੱਡੇ ਪਹਾੜ ਨੂੰ ਇਕ-ਇਕ ਕਰਕੇ ਹੇਠਾਂ ਖਿਸਕਾ, ਆਪਣੇ ਕੰਪਿਊਟਰਾਂ ਦੇ ਵਿਚ ਠੀਕੇ-ਠੀਕੇ ਲਾ ਕੇ ਬੰਦ ਕਰ ਲਿਆ ਹੈ। ਜਿਵੇਂ ਕਹਿੰਦੇ ਨੇ ਹਾਥੀ ਨਿਕਲ ਗਿਆ ਅਤੇ ਪੂਛ ਹੀ ਨਿਕਲਣੀ ਬਾਕੀ ਹੈ। 22 ਜੁਲਾਈ 2023 ਤੱਕ ਪ੍ਰਾਪਤ ਹੋਏ ਅੰਕੜੇ ਦਸਦੇ ਹਨ ਕਿ ਇਸ ਵੀਜ਼ਾ ਸ਼੍ਰੇਣੀ ਤਹਿਤ ਕੁੱਲ 106,472 ਅਰਜ਼ੀਆਂ (ਅੱਪਡੇਟਿਡ) ਪ੍ਰਾਪਤ ਹੋਈਆਂ ਹਨ। ਇਨ੍ਹਾਂ ਅਰਜ਼ੀਆਂ ਦੇ ਵਿਚ ਪੱਕੇ ਹੋਣ ਵਾਲਿਆਂ ਦੀ ਅੱਪਡੇਟ ਗਿਣਤੀ 217,684 ਬਣਦੀ ਹੈ। ਉਪਰੋਕਤ ਅਰਜ਼ੀਆਂ ਦੇ ਵਿਚੋਂ ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨੇ ਬਹੁਤਾ ਕੰਮ ਖਿਚਦਿਆਂ 100,983 ਅਰਜ਼ੀਆਂ ਦਾ ਨਿਬੇੜਾ ਕਰ ਦਿੱਤਾ ਹੈ ਅਤੇ 204,611 ਲੋਕਾਂ ਨੂੰ ਰੈਜ਼ੀਡੈਂਟ ਵੀਜ਼ਾ ਦੇ ਕੇ ਉਨ੍ਹਾਂ ਦਾ ਚਾਅ ਪੂਰਾ ਕਰ ਦਿੱਤਾ ਹੈ। ਇਸ ਦੌਰਾਨ 459 ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ।




ਕਿੰਨੇ ਕੁ ਰਹਿ ਗਏ? ਲਗਪਗ 13,073 ਲੋਕਾਂ ਦੀ ਕਿਸਮਤ ਦਾ ਫੈਸਲਾ 5,030 ਬਚੀਆਂ ਅਰਜ਼ੀਆਂ ਦੇ ਵਿਚ ਲਪੇਟਿਆ ਪਿਆ ਹੈ, ਇਨ੍ਹਾਂ ਨੂੰ 'ਅਪਰੂਵਲ' ਵਾਲੀ ਈਮੇਲ ਆਉਣ ਦੀ ਹਮੇਸ਼ਾਂ ਬਿੜਕ ਬਣੀ ਰਹਿੰਦੀ ਹੈ, ਲਗਦਾ ਹੈ ਇਹ ਸਾਰਾ ਕਾਰਜ ਜੂਨ ਮਹੀਨੇ ਤੱਕ ਹੋ ਜਾਵੇਗਾ। ਪਹਿਲੇ ਗੇੜ ਦੀਆਂ ਅਰਜ਼ੀਆਂ 1 ਦਸੰਬਰ 2021 ਨੂੰ ਸ਼ੁਰੂ ਹੋਈਆਂ ਸਨ ਅਤੇ ਦੂਜੇ ਗੇੜ ਦੀਆਂ 1 ਮਾਰਚ 2022 ਨੂੰ ਸ਼ੁਰੂ ਹੋਈਆਂ ਸਨ ਤੇ 31 ਜੁਲਾਈ 2022 ਨੂੰ ਬੰਦ ਕਰ ਦਿੱਤੀਆਂ ਗਈਆਂ ਸਨ। ਪ੍ਰਤੀ ਅਰਜ਼ੀ ਫੀਸ 2160 ਡਾਲਰ ਰੱਖੀ ਗਈ ਸੀ। ਭਾਰਤੀਆਂ ਦੀ ਸੰਖਿਆ: ਇਸ ਵੀਜ਼ਾ ਸ਼੍ਰੇਣੀ ਅਧੀਨ 55,500 ਅਰਜ਼ੀਆਂ ਭਾਰਤੀਆਂ ਦੀਆਂ ਹਨ। ਆਸ ਹੈ ਕਿ 55,500 ਦੇ ਕਰੀਬ ਪੱਕੇ ਹੋ ਜਾਣਗੇ।

## ਏਅਰ ਨਿਊਜ਼ੀਲੈਂਡ ਦੇ ਵਿਚ ਚਮਕੇਗਾ 19 ਸਾਲਾ ਸੂਰਜ ਸਿੰਘ-ਬਣਿਆ 'ਕਸਟਮਰ ਸਰਵਿਸ ਏਜੰਟ'

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਪੰਜਾਬ ਦੇ ਜਾਇ ਜਿੱਥੇ ਮਿਹਨਤ, ਮੁਸ਼ੱਕਤ, ਪੜ੍ਹਾਈ-ਲਿਖਾਈ, ਸਿਆਣਪ-ਲਿਆਕਤ, ਪੁਰਖਿਆਂ ਦੇ ਪਾਏ ਪੂਰਨਿਆਂ, ਧਰਮ ਤੇ ਵਿਰਸੇ ਦੇ ਜਜ਼ਬੇ ਨਾਲ ਦੇਸ਼-ਵਿਦੇਸ਼ ਅੱਗੇ ਵਧਦੇ ਰਹਿੰਦੇ ਹਨ ਉਥੇ ਸਾਡੀ ਵਿਦੇਸ਼ੀ ਜਨਮੀ ਨਵੀਂ ਪੀੜ੍ਹੀ ਵੀ ਅੰਤਰਰਾਸ਼ਟਰੀ ਪੱਧਰ ਦੀ ਪੜ੍ਹਾਈ ਪੂਰੀ ਕਰਕੇ ਉਚ ਕੰਪਨੀਆਂ ਅਤੇ ਉਚ ਨੌਕਰੀਆ ਦੀ ਕਤਾਰ ਵਿਚ ਸ਼ਾਮਿਲ ਹੋ ਰਹੀ ਹੈ॥ ਮੈਨੁਰਵਾ ਨਿਵਾਸੀ ਸ. ਮਹਾਰਾਜ ਸਿੰਘ ਦਾ ਪੋਤਰਾ ਅਤੇ ਸ. ਸ਼ੇਰ ਸਿੰਘ ਮਾਣਕਢੇਰੀ ਦਾ 19 ਸਾਲਾ ਬੇਟਾ ਸੂਰਜ ਸਿੰਘ ਜਿੱਥੇ ਅਜੇ ਔਕਲੈਂਡ ਯੂਨੀਵਰਸਿਟੀ ਆਫ ਟੈਕਨਾਲੋਜੀ ਤੋਂ ਬੈਚਲਰ ਆਫ ਬਿਜ਼ਨਸ ( ਹਿਊਮਨ ਰੀਸੋਰਸਜ਼ ਅਤੇ ਇੰਪਲਾਇਮੈਂਟ ਰੀਲੇਸ਼ਨ) ਦੀ ਪੜ੍ਹਾਈ ਕਰ ਰਿਹਾ ਹੈ ਉਥੇ ਉਸਨੇ ਪੜ੍ਹਾਈ ਦੇ ਨਾਲ-ਨਾਲ ਆਪਣੀ ਨੌਕਰੀ ਸ਼ੁਰੂ ਕਰਕੇ ਆਪਣੀ ਪਹੁੰਚ ਨਿਊਜ਼ੀਲੈਂਡ ਦੀ ਵਕਾਰੀ ਏਅਰ ਲਾਈਨ 'ਏਅਰ ਨਿਊਜ਼ੀਲੈਂਡ' ਦੇ ਵਿਚ 'ਕਸਟਰਮ ਸਰਵਿਸ ਏਜੰਟ' ਤੱਕ ਬਣਾ ਲਈ ਹੈ। ਇਥੇ ਦੇ ਪੜ੍ਹਿਆਂ ਲਈ ਨੌਕਰੀ ਮਿਲਣਾ ਭਾਵੇਂ ਸਾਧਾਰਨ ਗੱਲ ਹੋ ਸਕਦੀ ਹੈ, ਪਰ ਜਦੋਂ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਭਾਰਤੀਆਂ ਨੂੰ ਭਾਰਤੀ ਚਿਹਰੇ ਅਤੇ ਆਈ.ਡੀ. ਕਾਰਡ ਉਤੇ 'ਸਿੰਘ' ਲਿਖਿਆ ਵੇਖਣ ਨੂੰ ਮਿਲਦਾ ਹੈ, ਤਾਂ ਇਕ ਵੱਖਰਾ ਜਿਹਾ ਸਕੂਨ ਜਰੂਰ ਮਿਲਦਾ ਹੈ। ਹੁਣ ਨੌਜਵਾਨ ਸੂਰਜ ਸਿੰਘ 'ਡਿਲੇਅਡ ਬੈਗੇਜ਼ ਕਲੇਮ ਪ੍ਰੋਸੈਸ' (ਲੇਟ ਅੱਪੜਨ ਵਾਲੇ ਅਟੈਚੀ) ਖੇਤਰ ਦੇ ਵਿਚ 'ਬੈਗੇਜ ਟ੍ਰੇਸਿੰਗ ਯੂਨਿਟ' ਵਿਖੇ ਯਾਤਰੀਆਂ ਦੀ ਸਹਾਇਤਾ ਕਰਦਾ ਮਿਲਿਆ ਕਰੇਗਾ। ਵਰਨਣਯੋਗ ਹੈ ਕਿ ਜਦੋਂ ਕਿਸੇ ਦੇ ਬੈਗੇਜ ਆਦਿ ਨਹੀਂ ਮਿਲਦੇ ਤਾਂ ਉਸਦੀ ਰਿਪੋਰਟ ਲਿਖਣੀ ਹੁੰਦੀ ਹੈ, ਯਾਤਰੀਆਂ ਨੂੰ ਬੈਗਾਂ ਬਾਰੇ ਪਤਾ ਕਰਕੇ ਦੱਸਣਾ ਹੁੰਦਾ ਹੈ ਅਤੇ ਜੋ ਟੈਗ ਲੱਗੇ ਹੁੰਦੇ ਹਨ, ਉਹ ਗਵਾਚ ਜਾਣ ਤਾਂ ਵੀ ਕਈ ਵਾਰ ਲਿਖਾ-ਪੜ੍ਹੀ ਦੀ ਲੋੜ ਪੈਂਦੀ ਹੈ ਅਤੇ ਯਾਤਰੀਆਂ ਦੀ ਸਹਾਇਤਾ ਕੀਤੀ ਜਾਂਦੀ ਹੈ। ਇਹ ਨੌਜਵਾਨ ਅਜਿਹੇ ਸਾਰੇ ਕੰਮ ਉਥੇ ਕਰਦਾ ਹੋਇਆ ਨਜ਼ਰ ਆਇਆ ਕਰੇਗਾ। ਛੋਟੀ ਉਮਰੇ ਵੱਡੀਆਂ ਕੰਪਨੀਆਂ ਦੇ ਵਿਚ ਦਾਖਲ ਹੋਣਾ ਉਸਦੇ ਉਜਲੇ ਭਵਿੱਖ ਦੀ ਭਵਿੱਖਬਾਣੀ ਹੈ। ਉਸਦੇ ਸਮੂਹ ਪਰਿਵਾਰ ਨੂੰ ਉਸ ਉਤੇ ਮਾਣ ਮਹਿਸੂਸ ਹੋ ਰਿਹਾ ਹੈ। ਕਮਿਊਨਿਟੀ ਵੱਲੋਂ ਨੌਜਵਾਨ ਸੂਰਜ ਸਿੰਘ ਅਤੇ ਉਸਦੇ ਪਰਿਵਾਰ ਨੂੰ ਬਹੁਤ ਬਹੁਤ ਵਧਾਈ!



# ਬਸਪਾ ਨੇ ਮਣੀਪੁਰ 'ਚ ਵਾਪਰੀ ਦਿਲ ਕਬਾਊ ਘਟਨਾ ਦੇ ਰੋਸ ਵਿੱਚ ਕੈਂਡਲ ਮਾਰਚ ਕਰ ਮਣੀਪੁਰ ਅਤੇ ਮੋਦੀ ਸਰਕਾਰ ਖਿਲਾਫ ਕੀਤੀ ਜੰਮ ਕੇ ਨਾਅਰੇਬਾਜ਼ੀ

**ਫਗਵਾੜਾ 28 ਜੁਲਾਈ (ਬੀ.ਕੇ.ਰੱਤੂ)–** ਮਣੀਪੁਰ ਵਿੱਚ ਪਿਛਲੇ ਸਮੇਂ ਤੋਂ ਆਦੀਵਾਸੀਆਂ ਉੱਪਰ ਹੋ ਰਹੇ ਜੁਲਮ ਤੇ ਤਸ਼ੱਦਦ ਅਤੇ ਚਾਰ ਮਈ ਨੂੰ ਆਦੀਵਾਸੀਆਂ ਤੇ ਉਨ੍ਹਾਂ ਦੀਆਂ ਔਰਤਾਂ ਨੂੰ ਨੰਗੇ ਘੁਮਾਉਣ, ਸਮੂਹਿਕ ਬਲਾਤਕਾਰ ਕਰਕੇ ਅਣਮਨੁੱਖੀ ਢੰਗ ਕਤਲ ਕਰਨਾ ਅਤੇ ਹਜਾਰਾਂ ਲੋਕਾਂ ਨੂੰ ਬੇਘਰ ਕਰਨ ਦੇ ਰੋਸ ਵਜੋਂ ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਵਲੋਂ ਹਲਕਾ ਪ੍ਰਧਾਨ ਚਰੰਜੀ ਲਾਲ ਕਾਲਾ ਦੀ ਅਗਵਾਈ ਹੇਠ ਅੰਬੇਡਕਰ ਪਾਰਕ ਗੁਰੂ ਹਰਗੋਬਿੰਦ ਨਗਰ ਵਿਖੇ ਕੈਂਡਲ ਮਾਰਚ ਕਰ ਮਣੀਪੁਰ ਸਰਕਾਰ ਅਤੇ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਦੇਸ਼ ਦੇ ਮਾਣਯੋਗ ਰਾਸ਼ਟਰਪਤੀ ਤੋਂ ਮੰਗ ਕਿ ਮਣੀਪੁਰ ਸਰਕਾਰ ਨੂੰ ਤੁਰੰਤ ਬਰਖਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ। ਇਸ ਮੌਕੇ ਬਸਪਾ ਦੇ ਸੂਬਾ ਜਨਰਲ ਸਕੱਤਰ ਪ੍ਰਵੀਨ ਬੰਗਾ, ਹਲਕਾ ਇੰਚਾਰਜ ਲੇਖ ਰਾਜ ਜਮਾਲਪੁਰ ਤੇ ਹਰਭਜਨ ਸੁਮਨ ਨੇ ਆਪਣੇ ਸੰਬੋਧਨ 'ਚ ਕਿਹਾ ਮਣੀਪੁਰ ਵਿੱਚ ਦਿਲ ਕਬਾਊ ਤੇ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਸੋਸ਼ਲ ਮੀਡੀਏ ਤੇ ਵਾਇਰਲ ਵੀਡੀਓ ਨੇ ਭਾਰਤ ਦਾ ਸਿਰ ਪੂਰੀ ਦੁਨੀਆ ਵਿਚ ਝੁਕਾ ਕੇ ਰੱਖ ਦਿੱਤਾ ਹੈ ਅਤੇ ਇਹ ਘਟਨਾ ਕੇਂਦਰ ਦੀ ਮੋਦੀ ਸਰਕਾਰ ਦੇ ਮੱਥੇ 'ਤੇ ਕਲੰਕ ਹੈ।

ਮਣੀਪੁਰ ਤੇ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਦੋ




ਮਹੀਨੇ ਤੱਕ ਦੋਸ਼ੀਆਂ ਦੇ ਖਿਲਾਫ ਕਾਰਵਾਈ ਨਾ ਕਰਨਾ ਗੈਰ ਸੰਵਿਧਾਨਕ ਅਤੇ ਅਤਿ ਨਿੰਦਣਯੋਗ ਕਾਰਵਾਈ ਹੈ। ਬਸਪਾ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਤੋਂ ਮੰਗ ਕਰਦੀ ਹੈ ਕਿ ਅਜਿਹੀ ਗੈਰ ਜਿੰਮੇਵਾਰ ਮਣੀਪੁਰ ਸਰਕਾਰ ਨੂੰ ਤੁਰੰਤ ਬਰਖਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ ਅਤੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਤਾਂ ਜੋ ਅੱਗੇ ਤੋਂ ਕੋਈ ਵੀ ਵਿਅਕਤੀ ਅਜਿਹਾ ਘਿਨਾਉਣਾ ਅਪਰਾਧ ਕਰਨ ਦੀ ਹੌਂਸਲਾ ਨਾ ਕਰ ਸਕੇ। ਬਸਪਾ ਆਗੂਆਂ ਨੇ ਕਿਹਾ ਕਿ ਜੇਕਰ ਮੋਦੀ ਸਰਕਾਰ ਨੇ ਇਸ ਘਿਨਾਉਣੀ ਤੇ ਅਤਿ ਨਿੰਦਣਯੋਗ ਘਟਨਾ ਲਈ ਜਿੰਮੇਵਾਰ ਲੋਕਾਂ ਦੇ ਖਿਲਾਫ ਜਲਦੀ ਤੋਂ ਜਲਦੀ ਕਾਨੂੰਨੀ ਕਾਰਵਾਈ ਨਾ ਕੀਤੀ ਤਾਂ ਬਸਪਾ ਸੰਘਰਸ਼ ਨੂੰ ਹੋਰ ਤਿੱਖਾ ਕਰੇਗੀ ਅਤੇ ਨਾਲ ਹੀ ਬਸਪਾ ਮੰਗ ਕਰਦੀ ਹੈ ਕਿ ਜਿੰਨਾ ਆਦੀਵਾਸੀਆਂ ਦਾ ਉਜਾੜਾ ਕੀਤਾ ਹੈ, ਉਨ੍ਹਾਂ ਦੇ ਮੁੜ ਵਸੇਵੇ ਦਾ ਪ੍ਰਬੰਧ ਕੀਤਾ ਅਤੇ ਮਣੀਪੁਰ ਵਿੱਚ ਸੁਰੱਖਿਆ ਦੀ ਭਾਵਨਾ ਅਤੇ ਸਦਭਾਵਨਾ ਵਾਲਾ ਮਹੌਲ ਪੈਦਾ ਕੀਤਾ ਜਾਵੇ । ਇਸ ਮੌਕੇ ਪ੍ਰਵੀਨ ਬੰਗਾ, ਲੇਖਰਾਜ ਜਮਾਲਪੁਰ, ਹਲਕਾ ਪ੍ਰਧਾਨ ਚਰੰਜੀ ਲਾਲ ਕਾਲਾ, ਪਰਮਜੀਤ ਖਲਵਾੜਾ, ਤੇਜਪਾਲ ਬਸਰਾ ਸਾਬਕਾ ਕੌਂਸਲਰ, ਹਰਭਜਨ ਸੁਮਨ, ਬਲਵਿੰਦਰ ਬੋਧ ਸ਼ਹਿਰੀ ਪ੍ਰਧਾਨ, ਅਸ਼ੋਕ ਰਾਮਪੁਰਾ, ਹੈਪੀ ਕੌਲ, ਬੰਟੀ ਮੋਰਾਂਵਾਲੀਆ, ਸਤੀਸ਼ ਕੁਮਾਰ ਬੰਟੀ, ਧਰਮਵੀਰ ਬੋਧ, ਮਨੀ ਅੰਬੇਡਕਰੀ, ਸੁਰਿੰਦਰ ਕਲੇਰ, ਕੁਲਦੀਪ ਕੁਮਾਰ, ਸੁਰਿੰਦਰ ਜਗਤਪੁਰ ਜੱਟਾਂ, ਕੁਲਵਿੰਦਰ ਕਿੰਦਾ, ਪ੍ਰੇਮ ਚੋਪੜਾ, ਰਾਜ ਕੁਮਾਰ ਰਾਜਾ, ਪਰਮਜੀਤ ਕੈਲੇ, ਸ੍ਰੀਮਤੀ ਜਸਵਿੰਦਰ ਕੌਰ ਸਾਬਕਾ ਸਰਪੰਚ, ਕਸ਼ਮੀਰਾ ਸਿੰਘ ਦਰਵੇਸ ਪਿੰਡ, ਹਰਦਿਆਲ ਚਾਚੋਕੀ, ਹੈਪੀ ਕਾਸ਼ੀ ਨਗਰ, ਪਰਸ਼ੋਤਮ ਖੇੜਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਸਪਾ ਵਰਕਰ ਹਜਾਰ ਸਨ।

# ਸ਼ਿੰਦੇ ਦੇ ਗਾਏ ਗੀਤਾਂ ਦੇ ਬੋਲਾਂ ਨਾਲ ਹੀ ਦਿੱਤੀ ਵਿਲੱਖਣ ਸ਼ਰਧਾਂਜਲੀ

ਲੋਕ ਗਾਇਕ ਸ਼੍ਰੀ ਸੁਰਿੰਦਰ ਸ਼ਿੰਦਾ ਦੇ ਅਕਾਲ ਚਲਾਣੇ ਤੇ ਬਸਪਾ ਪੰਜਾਬ ਦੇ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਸ਼ਿੰਦਾ ਜੀ ਦੇ ਗਾਏ ਗੀਤ ਦੇ ਬੋਲਾਂ ਦੇ ਆਧਾਰ ਤੇ ਸ਼ਰਧਾਂਜਲੀ ਭੇਟ ਕੀਤੀ। ਓਹਨਾ ਲਿਖਿਆ ਕਿ ਪੰਜਾਬੀ ਲੋਕ ਗਾਇਕੀ ਤੇ ਕਲੀਆਂ ਦੇ ਥੰਮ੍ਹ ਅੱਜ ਮੌਤ ਦੇ ਦਰਵਾਜੇ ਲੰਘਣ ਵਾਗਰਾਂ "ਜਰਾ ਬਚਕੇ ਮੋੜ ਤੋਂ ਲੰਘ ਨਾ ਸਕੇ"। "ਜੱਗਾ ਜੱਟ ਨਹੀਂ ਕਿਸੇ ਬਣ ਜਾਣਾ" ਵਾਲਾ ਲੋਕ ਗਾਇਕ ਆਪਣੀ "ਰਾਣੀ ਇੱਛਰਾਂ" ਮਾਂ ਦਾ ਪੂਰਨ ਭਗਤ ਵਰਗਾ ਸ਼ਿੰਦਾ ਪੁੱਤ ਸਤਿਕਾਰਯੋਗ ਸੁਰਿੰਦਰ ਸ਼ਿੰਦਾ ਅੱਜ ਜਿੰਦਗੀ ਦੀ "ਜੇਲ੍ਹ ਚੋ ਫਰਾਰ ਹੋ ਗਿਆ" ਜਿਵੇਂ "ਲੂਣਾ" ਦੇ ਮਹਿਲਾਂ ਚੋ ਪੂਰਨ ਭਗਤ। ਸਿਆਲਾਂ ਦੀ "ਹੀਰ ਦੀ ਕਲੀ" ਦੇ ਗਾਏ ਅਮਰ ਗੀਤ ਵਾਲਾ "ਛੱਡਕੇ ਵੇਹੜਾ ਅੰਮੜੀ ਦਾ ਤੇ ਪਿਆਰ ਭੁਲਾਕੇ ਭਾਈਆਂ ਦਾ, ਤੁਰ ਚੱਲਿਆ ਅੱਜ ਧੀਦੋ ਰਾਂਝਾ ਲੈਕੇ ਸਾਥ ਜੁਦਾਈਆਂ ਦਾ" ਬੇਗਾਨੀ ਦੁਨੀਆ ਨੂੰ ਤੁਰ ਗਿਆ ਸੁਰਿੰਦਰ ਸ਼ਿੰਦਾ। "ਜੱਟੀ ਰਾਮ ਕੌਰ ਕੁਰਲਾਉਂਦੀ" ਵਾਂਗ ਅੱਜ ਪੰਜਾਬ ਦੇ ਸੰਗੀਤ ਪ੍ਰੇਮੀਆ ਦਾ ਆਲਾਪ ਅਸਹਿ ਹੈ। ਪੰਜਾਬੀਆਂ ਵਿੱਚ "ਐਡਾ ਜੇ ਤੂੰ ਸੂਰਮਾ ਵਿਆਹ ਲੈ ਮੰਗ ਨੂੰ" ਰਾਹੀਂ ਅਣਖ ਦਾ ਸੰਚਾਰ ਕਰਨ ਵਾਲਾ ਨਦੀ ਪ੍ਰਵਾਹ ਸੀ ਸੁਰਿੰਦਰ ਸ਼ਿੰਦਾ। "ਰੋਡਾ ਜਲਾਲੀ" ਦੇ ਦੀਦਾਰ ਵਾਸਤੇ ਜਿਵੇਂ ਬਲਖ ਬੁਖਾਰੇ ਤੋਂ ਤੁਰ ਗਿਆ, ਉਵੇਂ ਸ਼ਿੰਦਾ ਤੁਰ ਗਿਆ, ਜਿਥੋਂ ਅੱਜ ਤੱਕ ਕੋਈ ਵਾਪਸ ਨਾ ਆਇਆ। "ਸੋਹਣੀ ਦੇ ਘੜੇ" ਵਾਂਗ ਅੱਧੀ ਰਾਤ ਹੋਣੀ ਵਰਤੀ, ਮਿਲਣ ਲਈ ਮਹੀਂਵਾਲ ਨੂੰ ਜਿੰਦ ਵਾਰੀ ਕਰ ਗਿਆ ਸ਼ਿੰਦਾ। ਗੜਕਦੀ ਆਵਾਜ਼ "ਡੋਗਰਾਂ!! ਆ ਬਾਹਰ ਡੋਗਰਾਂ ਓਏ, ਆ ਗਿਆ ਤੇਰਾ ਮੌੜ ਜਵਾਈ" ਵਰਗੀ ਕਲਾਂ ਤੋਂ ਹਮੇਸ਼ਾ ਲਈ ਪੰਜਾਬੀ ਵਾਂਝੇ ਹੋ ਗਏ। ਅੱਜ ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਸ਼੍ਰੀ ਸੁਰਿੰਦਰ ਸ਼ਿੰਦਾ ਜੀ ਦੇ ਪਰਿਵਾਰ ਤੇ ਉਸਦੇ ਚਾਹੁਣ ਵਾਲਿਆ ਨਾਲ ਦੁੱਖ ਸਾਂਝਾ ਕਰਦਿਆਂ ਕੁਦਰਤ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਸਾਰੀਆ ਨੂੰ ਇਸ ਦੁੱਖ ਦੀ ਘੜੀ ਵਿੱਚ ਹਿੰਮਤ ਬਖਸ਼ੇ।



**– ਜਸਵੀਰ ਸਿੰਘ ਗੜ੍ਹੀ**
**ਸੂਬਾ ਪ੍ਰਧਾਨ, ਬਸਪਾ ਪੰਜਾਬ।**

# ਪੰਜਾਬੀ ਲੋਕ ਗਾਇਕੀ ਅਤੇ ਅਖਾੜਾ ਕਲਚਰ ਦੇ ਦੌਰ ਦੇ ਗਵਾਹ ਰਹੇ ਸੁਰਿੰਦਰ ਸ਼ਿੰਦਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਸਿਆਟਲ–** ਬੁਲੰਦ ਆਵਾਜ਼ ਦੇ ਮਾਲਕ, ਆਪਣੀ ਗਾਇਕੀ ਰਾਹੀਂ ਕਈ ਦਹਾਕਿਆਂ ਤੱਕ ਸੰਗੀਤ ਜਗਤ ਦੇ ਬਣੇ ਰਹੇ ਸਿਤਾਰੇ ਸੁਰਿੰਦਰ ਸ਼ਿੰਦਾ ਉਰਫ ਸੁਰਿੰਦਰਪਾਲ ਧਾਮੀ ਨੇ ਮਿਤੀ 26 ਜੁਲਾਈ 2023 ਨੂੰ ਹਸਪਤਾਲ ਡੀ. ਐਮ. ਸੀ ਲੁਧਿਆਣਾ 'ਚ, ਆਪਣੀ ਜ਼ਿੰਦਗੀ ਦਾ ਸਫਰ ਤਹਿ ਕਰਕੇ, ਆਖਰੀ ਸਾਹ ਲਿਆ! ਪੰਜਾਬੀ ਲੋਕ ਗਾਇਕੀ ਅਤੇ ਅਖਾੜਾ ਕਲਚਰ ਦੇ ਦੌਰ ਦੇ ਗਵਾਹ, ਕਈ ਯਾਦਗਾਰ ਗੀਤਾਂ ਜਿਵੇਂ ਜਿਉਣਾ ਮੌੜ, ਸੁੱਚਾ ਸੂਰਮਾ, ਹੀਰ ਦੀ ਕਲੀ, ਪੁੱਤ ਜੱਟਾਂ ਦੇ, ਟਰੱਕ ਬੱਲੀਏ, ਤੀਆਂ ਲੌਗੋਂਵਾਲ ਦੀਆਂ, ਉਚਾ ਦਰ ਬਾਬੇ ਨਾਨਕ ਦਾ, ਝਾਂਜਰ ਛਣਕੇ ਚਾਂਦੀ ਦੀ ਆਦਿ ਨੂੰ ਅਮਰਤਾ ਬਖ਼ਸ਼ਣ ਵਾਲੀ ਆਪਣੀ ਆਵਾਜ਼ ਦੇ ਸਹਾਰੇ ਲੋਕ ਮਨਾਂ ਵਿੱਚ ਵਸਾ ਚੁੱਕੇ ਇਸ ਗਾਇਕ ਦੇ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਜਾਣ ਦੀ ਦੁਖਦਾਈ ਖ਼ਬਰ ਨੂੰ ਸੁਣ ਕੇ ਸੱਭ ਦਾ ਮਨ ਬਹੁਤ ਦੁੱਖੀ ਤੇ ਉਦਾਸ ਹੋਇਆ! ਪੰਜਾਬੀ ਦੀਆਂ ਕਈ ਫਿਲਮਾਂ ਨੂੰ ਆਪਣੀ ਦਮਦਾਰ ਕਲਾਕਾਰੀ ਨਾਲ ਸੁਪਰ ਹਿੱਟ ਬਣਾਉਣ ਵਾਲੇ ਇਸ ਅਭਿਨੇਤਾ ਦੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਦੁੱਖ ਸਾਂਝਾ ਕਰਦਿਆਂ, ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਦੇ ਅਹੁਦੇਦਾਰਾਂ ਅਤੇ ਮੈਂਬਰਾਂ– ਸ਼ਿੰਗਾਰ ਸਿੰਘ ਸਿੱਧੂ, ਬੀਬੀ ਸਵਰਾਜ ਕੌਰ, ਵਾਸਦੇਵ ਸਿੰਘ ਪਰਿਹਾਰ,ਹਰਦਿਆਲ ਸਿੰਘ ਚੀਮਾ, ਅਵਤਾਰ ਸਿੰਘ ਆਦਮਪੁਰੀ, ਡਾ. ਪ੍ਰੇਮ ਕੁਮਾਰ, ਹਰਸ਼ਿੰਦਰ ਸਿੰਘ ਸੰਧੂ, ਡਾ. ਜਸਵੀਰ ਕੌਰ, ਹਰਪਾਲ ਸਿੰਘ ਸਿੱਧੂ, ਬਲਿਹਾਰ ਲੇਹਲ, ਡਾ. ਸੁਖਵੀਰ ਬੀਹਲਾ, ਪ੍ਰਿਤਪਾਲ ਸਿੰਘ ਟਿਵਾਣਾ, ਸਾਧੂ ਸਿੰਘ ਝੱਜ, ਮੰਗਤ ਕੁਲਜਿੰਦ, ਲਾਲੀ ਸੰਧੂ, ਨਵੀਨ ਰਾਏ, ਸ਼ਸ਼ੀ ਪ੍ਰਾਸ਼ਰ, ਜਸਵੀਰ ਸਹੋਤਾ, ਸ਼ਿੰਦਰਪਾਲ ਸਿੰਘ ਔਜਲਾ, ਸੁਰਜੀਤ ਸਿੰਘ ਸਿੱਧੂ ਆਦਿ ਨੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ। ਸੁਰਿੰਦਰ ਸ਼ਿੰਦਾ ਨੂੰ ਸ਼ਰਧਾਂਜਲੀ ਦਿੰਦਿਆਂ, ਹਰ ਦਿਲ ਅਜ਼ੀਜ ਵਿਛੁੜੀ ਇਸ ਰੂਹ ਨੂੰ, ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਅਤੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ!

# ਪੰਜਾਬ ਆਮਦਨ ਮਾਮਲੇ 'ਚ ਹਰਿਆਣਾ ਤੋਂ ਪੱਛੜਿਆ

**ਚੰਡੀਗੜ੍ਹ–** ਪੰਜਾਬ ਵਾਸੀਆਂ ਲਈ ਚਿੰਤਾ ਭਰੀ ਖ਼ਬਰ ਸਾਹਮਣੇ ਆਈ ਹੈ। ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ 'ਚ ਤੇਜ਼ੀ ਨਾਲ ਹੇਠਾਂ ਖ਼ਿਸਕਦਾ ਜਾ ਰਿਹਾ ਹੈ। ਜੇਕਰ ਸਾਲ 1981 ਦੀ ਗੱਲ ਕਰੀਏ ਤਾਂ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ 'ਚ ਪੰਜਾਬ ਦੇਸ਼ ਦਾ ਨੰਬਰ ਵਨ ਸੂਬਾ ਸੀ, ਜੋ ਕਿ ਹੁਣ ਖ਼ਿਸਕ ਕੇ 18ਵੇਂ ਸਥਾਨ 'ਤੇ ਆ ਗਿਆ ਹੈ। ਉੱਥੇ ਹੀ ਬਿਹਾਰ ਲਗਾਤਾਰ ਸਭ ਤੋਂ ਪਿੱਛੜੇ ਸੂਬਿਆਂ 'ਚ ਬਣਿਆ ਹੋਇਆ ਹੈ। ਦਰਅਸਲ ਕੇਂਦਰ ਨੇ ਸੋਮਵਾਰ ਨੂੰ ਦੇਸ਼ ਦੇ 33 ਸੂਬਿਆਂ ਅਤੇ ਯੂ. ਟੀ. ਦੇ ਪ੍ਰਤੀ ਵਿਅਕਤੀ ਆਮਦਨ ਦੇ ਸਲਾਨਾ ਅੰਕੜੇ ਜਾਰੀ ਕੀਤੇ। ਪੰਜਾਬ ਗੁਆਂਢੀ ਸੂਬਿਆਂ ਹਰਿਆਣਾ ਅਤੇ ਹਿਮਾਚਲ ਤੋਂ ਵੀ ਪੱਛੜ ਗਿਆ ਹੈ। ਚੰਡੀਗੜ੍ਹ ਤੋਂ ਤਾਂ ਦੁੱਗਣੇ ਦਾ ਅੰਤਰ ਹੈ। ਪੰਜਾਬ ਦੇ ਦੋਵੇਂ ਗੁਆਂਢੀ ਸੂਬੇ ਅਤੇ ਯੂ. ਟੀ. ਚੰਡੀਗੜ੍ਹ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ 'ਚ 2 ਲੱਖ ਦਾ ਅੰਕੜਾ 2021-22 'ਚ ਹੀ ਪਾਰ ਕਰ ਚੁੱਕੇ ਸਨ, ਜਦੋਂ ਕਿ ਪੰਜਾਬ ਅਜੇ ਵੀ 1.73 ਲੱਖ ਤੱਕ ਹੀ ਪਹੁੰਚਿਆ ਹੈ। ਅਜਿਹਾ ਮੰਨਿਆ ਜਾ ਰਿਹਾ ਹੈ ਕਿ ਜਿਸ ਹਿਸਾਬ ਨਾਲ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਵੱਧ ਰਹੀ ਹੈ, ਉਸ ਹਿਸਾਬ ਨਾਲ ਪੰਜਾਬ ਅਗਲੇ 2-3 ਸਾਲਾਂ 'ਚ ਵੀ 2 ਲੱਖ ਦਾ ਅੰਕੜਾ ਪਾਰ ਨਹੀਂ ਕਰ ਸਕੇਗਾ।

# ਗਾਇਕ ਸੁਰਿੰਦਰ ਛਿੰਦਾ ਦੇ ਪਰਿਵਾਰ ਨਾਲ ਦੁੱਖ ਵੰਡਾਉਣ ਪਹੁੰਚੇ ਸੀਐੱਮ ਭਗਵੰਤ ਮਾਨ

**ਲੁਧਿਆਣਾ–** ਕਈ ਦਿਨ ਬਿਮਾਰ ਰਹਿਣ ਪਿੱਛੋਂ ਪਿਛਲੇ ਦਿਨੀਂ ਸਵਰਗਵਾਸ ਹੋਏ ਗਾਇਕ ਸੁਰਿੰਦਰ ਛਿੰਦਾ ਦਾ 29 ਜੁਲਾਈ ਦਿਨ ਸ਼ਨਿੱਚਰਵਾਰ ਨੂੰ ਸਸਕਾਰ ਕੀਤਾ ਗਿਆ ਸੀ। ਮੰਗਲਵਾਰ ਨੂੰ ਪਰਿਵਾਰ ਨਾਲ ਦੁੱਖ ਵੰਡਾਉਣ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਸਤਿਗੁਰੂ ਨਗਰ ਸਥਿਤ ਉਨ੍ਹਾਂ ਦੀ ਰਿਹਾਇਸ਼ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਸਵਰਗੀ ਗਾਇਕ ਸੁਰਿੰਦਰ ਛਿੰਦਾ ਨਾਲ ਬਿਤਾਏ ਪਲ਼ਾਂ ਅਤੇ ਗੱਲਬਾਤ ਦੀਆਂ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਸਾਂਝਿਆਂ ਕੀਤਾ।



ਮੁੱਖ ਮੰਤਰੀ 4 ਵਜੇ ਦੇ ਕਰੀਬ ਪਹੁੰਚੇ ਅਤੇ ਲਗਪਗ 20 ਮਿੰਟ ਪਰਿਵਾਰ ਨਾਲ ਗੱਲਬਾਤ ਕਰਦੇ ਰਹੇ। ਸਵਰਗੀ ਸੁਰਿੰਦਰ ਛਿੰਦਾ ਦੀ ਧਰਮ ਪਤਨੀ ਜੋਗਿੰਦਰ ਕੌਰ, ਸਪੁੱਤਰ ਮਨਿੰਦਰ ਛਿੰਦਾ ਅਤੇ ਸਿਮਰਨ ਛਿੰਦਾ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਸੁਰਿੰਦਰ ਛਿੰਦਾ ਦੇ ਸੁਪਰ ਹਿੱਟ ਰਿਕਾਰਡ 'ਜਿਊਣਾ ਮੌੜ' ਦਾ ਖਾਸ ਤੌਰ 'ਤੇ ਜ਼ਿਕਰ ਕੀਤਾ। ਮਾਨ ਨੇ ਉਨ੍ਹਾਂ ਦੇ ਕਈ ਗੀਤਾਂ ਦੀ ਗੱਲ ਵੀ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਅਕਸਰ ਹੀ ਛਿੰਦਾ ਨਾਲ ਗੱਲਬਾਤ ਹੁੰਦੀ ਸੀ। ਮਾਨ ਨੇ ਕਿਹਾ ਕਿ ਛਿੰਦਾ ਦਾ ਡਾਇਲਾਗ 'ਓਏ ਛੋਟਿਆ ਕਿੱਦਾਂ...' ਉਨ੍ਹਾਂ ਨੂੰ ਬੇਹੱਦ ਪਸੰਦ ਸੀ। ਇਸ ਮੌਕੇ ਮਰਹੂਮ ਗਾਇਕ ਸੁਰਿੰਦਰ ਛਿੰਦਾ ਦੇ ਸ਼ਾਗਿਰਦ ਅਤੇ ਗਾਇਕ ਗੋਲਡੀ ਚੌਹਾਨ ਤੋਂ ਇਲਾਵਾ ਹਰਪ੍ਰੀਤ ਸਿੰਘ ਸੇਖੋਂ, ਜਰਨੈਲ ਸਿੰਘ ਤੂਰ ਅਤੇ ਸਤੀਸ਼ ਸੱਗੜ ਹਾਜ਼ਰ ਸਨ।

# ਜਰਨਲਿਸਟ ਪ੍ਰੈਸ ਕਲੱਬ ਫਗਵਾੜਾ ਯੂਨਿਟ ਨੇ ਮਨੀਪੁਰ ਵਿੱਚ ਔਰਤਾਂ 'ਤੇ ਹੋਏ ਅਣਮਨੁੱਖੀ ਤਸ਼ੱਦਦ ਵਿਰੁੱਧ ਕੀਤੀ ਆਵਾਜ਼ ਬੁਲੰਦ

**ਫਗਵਾੜਾ 28 ਜੁਲਾਈ (ਬੀ.ਕੇ.ਰੱਤੂ)–** ਮਨੀਪੁਰ ਵਿਖੇ ਔਰਤਾਂ ਤੇ ਹੋ ਰਹੇ ਅਣਮਨੁੱਖੀ ਤਸ਼ੱਦਦ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਫਗਵਾੜਾ ਯੂਨਿਟ ਵਲੋਂ ਪ੍ਰਧਾਨ ਡਾ. ਰਮਨ ਦੀ ਯੋਗ ਅਗਵਾਈ ਹੇਠ ਫਗਵਾੜਾ ਹੈਲਪਿੰਗਹੈਂਡ ਦੇ ਸਹਿਯੋਗ ਨਾਲ ਪੁਲਿਸ ਚੈਕ ਪੋਸਟ ਸ਼ੂਗਰ ਮਿੱਲ ਪੁਲ ਉੱਪਰ ਹੱਥਾ ਵਿੱਚ ਤੱਖਤੀਆਂ ਫੜ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸਮੂਹ ਕੱਲਬ ਨਾਲ ਜੁੜੇ ਪੱਤਰਕਾਰ ਭਾਈਚਾਰੇ ਵਲੋਂ ਹੱਥਾ ਵਿੱਚ ਫੜੀਆ ਤਖਤੀਆਂ ਉੱਪਲ ਮਨੀਪੁਰ ਮਾਮਲੇ ਚ ਦੋਸ਼ੀਆਂ ਨੂੰ ਦਿਓ ਸਖ਼ਤ ਸਜ਼ਾਵਾਂ, ਮਨੀਪੁਰ ਚ ਔਰਤਾਂ ਤੇ ਹੋ ਰਿਹਾ ਅਤਿਆਚਾਰ ਤੇ ਜ਼ੁਲਮ ਸੱਭਿਅਕ ਸਮਾਜ ਤੇ ਸਾਡੇ ਰਾਸ਼ਟਰ ਦੇ ਮੱਥੇ ਤੇ ਕਲੰਕ ,ਮਨੀਪੁਰ ਦੀ ਘਟਨਾ ਮਨੁੱਖਤਾ ਨੂੰ ਸ਼ਰਮਸ਼ਾਰ ਕਰਨ ਵਾਲੀ ਅਤੇ ਮਨੀਪੁਰ 'ਚ ਔਰਤਾਂ ਨਾਲ ਦੁਰਵਿਵਹਾਰ ਅਤਿ ਨਿੰਦਣਯੋਗ ਹੈ, ਔਰਤਾਂ ਤੇ ਅੱਤਿਆਚਾਰ ਕਰਨ ਵਾਲੇ ਦੋਸ਼ੀਆਂ ਨੂੰ ਤੁਰੰਤ ਫਾਹੇ ਲਾਇਆ ਜਾਵੇ, ਮਨੀਪੁਰ ਚ ਔਰਤਾਂ ਨਾਲ ਹੋਈ ਦਰਿੰਦਗੀ ਨਿੰਦਨਯੋਗ ਅਤੇ ਸ਼ਰਮਸਾਰ, ਮਨੀਪੁਰ ਘਟਨਾ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ, ਸਾਡੇ ਦੇਸ਼ ਵਿੱਚ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਅਤੇ ਔਰਤਾਂ ਤੇ ਅਤਿਆਚਾਰ ਕਰਨ ਵਾਲੇ ਲੋਕਾਂ ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਅਜਿਹੀ ਘਿਣੌਨੀ ਹਰਕਤ ਕਰਨ ਵਾਲਿਆਂ ਅਤੇ ਇਸ ਨੂੰ ਸ਼ਹਿ ਦੇਣ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਆਦਿ ਸਲੋਗਨ ਲਿਖ ਰੋਸ਼ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਪ੍ਰਧਾਨ ਡਾ ਰਮਨ ਨੇ ਕਿਹਾ ਕਿ ਮਨੀਪੁਰ ਦੀ ਘਟਨਾ ਮਨੁੱਖਤਾ ਨੂੰ ਸ਼ਰਮਸ਼ਾਰ ਕਰਨ ਵਾਲੀ ਹੈ ਉਨ੍ਹਾਂ ਕਿਹਾ ਕਿ ਇਸ ਘਟਨਾ ਨਾਲ ਪੂਰਾ ਦੇਸ਼ ਸ਼ਰਮਸਾਰ ਹੋਇਆ ਹੈ ਅਤੇ ਲੋਕਤੰਤਰ ਪ੍ਰਣਾਲੀ ਤੇ ਸਵਾਲ ਉੱਠਦਾ ਹੈ। ਉਹਨਾਂ ਕਿਹਾ ਕਿ ਔਰਤਾਂ ਨੂੰ ਮਰਦਾਂ ਵਾਂਗੂੰ ਸਾਰੇ ਸੰਵਿਧਾਨਿਕ ਹੱਕ ਪ੍ਰਾਪਤ ਹਨ ਅਤੇ ਔਰਤਾਂ ਦੀ ਆਜ਼ਾਦੀ ਅਤੇ ਮਾਨ ਮਰਿਆਦਾ ਦੀ ਰੱਖਿਆ ਕਰਨਾ ਮਨੀਪੁਰ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਸੀ। ਉਹਨਾਂ ਹੋਰ ਕਿਹਾ ਕਿ ਮਨੀਪੁਰ ਦੇ ਮਾੜੇ ਹਾਲਾਤਾਂ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਉੱਥੇ ਘੱਟ ਗਿਣਤੀਆਂ ਸੁਰੱਖਿਅਤ ਨਹੀਂ ਹਨ। ਉਹਨਾਂ ਮਨੀਪੁਰ ਸਰਕਾਰ ਤੋਂ ਮੰਗ ਕੀਤੀ ਹੈ ਕੀ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਜ਼ਰੂਰੀ ਕਦਮ ਚੁੱਕੇ ਜਾਣ ਅਤੇ ਕਾਨੂੰਨ ਆਪਣੇ ਹੱਥਾਂ ਵਿੱਚ ਲੈਣ ਵਾਲੇ ਸ਼ਰਾਰਤੀ ਅਨਸਰਾਂ ਵਿਰੁੱਧ ਸਖ਼ਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਘੱਟ ਗਿਣਤੀਆਂ ਅਤੇ ਵਿਸ਼ੇਸ਼ ਕਰਕੇ ਮਹਿਲਾਵਾਂ ਨੂੰ ਇਨਸਾਫ਼ ਮਿਲੇ। ਇਸ ਮੌਕੇ ਡਾ. ਜਸਵੰਤ ਸਿੰਘ ਗਿੱਲ, ਸੁਸ਼ੀਲ ਸ਼ਰਮਾ, ਅਸ਼ੋਕ ਸ਼ਰਮਾ, ਜੀਵਨ ਕੁਮਾਰ ਸੰਘਾ, ਹਰਦਿਆਲ ਸਿੰਘ ਸੰਧੂ, ਅਸ਼ੀਸ਼ ਗਾਂਧੀ, ਅਸ਼ੋਕ ਗੋਬਿੰਦਪੁਰੀ, ਪ੍ਰਵੀਨ ਕਨੋਜੀਆ, ਸਤਪ੍ਰਕਾਸ਼ ਸੰਗੂ, ਮੈਡਮ ਮੋਨਿਕਾ ਬੇਦੀ, ਗੁਲਾਮ ਅਲੀ,ਪ੍ਰਿੰਸ਼, ਕਮਲਦੀਪ ਸਿੰਘ,ਜਸਵੀਰ ਸਿੰਘ ਢੱਡੇ, ਲੰਬੜਦਾਰ ਲਾਲੀ ਅਠੋਲੀ, ਪ੍ਰੋ: ਡਾ ਮਨਜੀਤ ਸਿੰਘ, ਲਾਇਨ ਕੱਲਬ ਫਗਵਾੜਾ ਵਿਸ਼ਵਾਸ ਪ੍ਰਧਾਨ ਲਾਇਨ ਇੰਦਰਜੀਤ ਸਿੰਘ, ਲਾਇਨ ਚੇਤਨ ਲੇਖੀ ਤੋਂ ਇਲਾਵਾ ਹੋਰ ਮੈਬਰ ਮੋਜੂਦ ਸਨ।



# ਮਨੀਪੁਰ ਸੜਦਾ ਰਿਹਾ, ਨੀਰੂ ਬੰਸਰੀ ਵਜਾਉਂਦੇ ਰਹੇ !



**ਜਗਦੀਸ਼ ਚੋਹਕਾ**
91-92179-97445
001-403-285-4208

ਭਾਰਤ ਦੇ ਉਤਰ ਪੂਰਬੀ ਖਿਤੇ 'ਚ ਇਹ ਛੋਟਾ ਜਿਹਾ ਰਾਜ ਹੈ ਮਨੀਪੁਰ! ਜਿਹੜਾ ਭਾਰਤ ਦੇ ਤਿੰਨ ਰਾਜਾਂ ਨਾਗਾਲੈਂਡ, ਆਸਾਮ ਅਤੇ ਮਿਜ਼ੋਰਮ ਨਾਲ ਘਿਰਿਆ ਹੋਇਆ ਹੈ। ਸਰਹੱਦੀ ਹੱਦ ਮਿਆਂਮਾਰ ਨਾਲ ਲੱਗਦੀ ਹੈ। ਇਸ ਰਾਜ ਦਾ ਖੇਤਰਫਲ 22,327 ਵਰਗ ਕਿਲੋਮੀਟਰ ਹੈ ਤੇ ਇਸ ਦੀ ਰਾਜਧਾਨੀ ਇੰਫਾਲ ਹੈ। ਇਹ ਭਾਰਤ ਦੇ ਉਤਰ ਪੂਰਬੀ 7-ਭੈਣਾਂ ਰਾਜਾਂ ਵਿੱਚੋਂ ਇਕ ਰਾਜ ਹੈ। ਸਥਾਨਕ ਅਤੇ ਭੁਗੋਲਕ ਤੌਰ 'ਤੇ ਦੋ ਜੋਨਾਂ ਉਤਰ ਪਹਾੜੀ ਅਤ ਦੱਖਣੀ ਹਿਸਾਵਾਦੀ ਹੈ। ਇਹ ਧਾਨ ਪੈਦਾ ਕਰਨ ਵਾਲਾ ਪ੍ਰਭਰ ਇਲਾਕਾ ਹੈ। 'ਬਰਕ ਤੇ ਮਨੀਪੁਰ' ਨਦੀਆ ਵਹਿੰਦੀਆਂ ਹਨ। ਪੱਛਮੀ ਮਨੀਪੁਰ ਪਹਾੜੀਆਂ ਤੇ ਪੂਰਬੀ ਪਹਾੜੀਆਂ ਵਾਲਾ ਇਕ ਫੁੱਟਬਾਵ ਗਰਾਊਂਡ ਵਾਂਗ ਇਲਾਕਾ ਹੈ। ਲੋਕਤਾਲ ਇਕ ਵੱਡੀ ਝੀਲ ਹੈ ਤੇ 77।4-ਫੀ ਸਦ ਜੰਗਲਾਂ ਨਾਲ ਘਿਰਿਆ ਹੋਇਆ ਰਾਜ ਹੈ। ਰਾਜ ਦੀ ਆਬਾਦੀ 25,70,390 (2011) ਹੈ ਤੇ ਮਨੀਪੁਰ ਆਜ਼ਾਦੀ ਤੋਂ ਪਹਿਲਾ ਇਥੇ ਰਾਜਾਸ਼ਾਹੀ ਰਾਜ ਸੀ। ਰਾਜ ਦੀ ਹੋਂਦ, '1971 ਦੀ ਹੱਕਬੰਦੀ ਦੇ ਬਾਅਦ 21-ਜਨਵਰੀ 1972 ਨੂੰ ਆਈ। ਰਾਜ ਅਸੰਬਲੀ ਦੀਆਂ 60-ਸੀਟਾਂ ਦੋ ਮੈਂਬਰ ਲੋਕ ਸਭਾ ਤੇ ਰਾਜ ਸਭਾ ਲਈ ਇਕ ਸੀਟ ਹੈ। ਮੁੱਖ ਆਰਥਿਕਤਾ ਹੈਂਡਲੂਮ ਇੰਡਸਟਰੀ ਤੇ ਹੋਰ ਕੋਟੇਜ਼ ਧੰਦੇ ਤੇ ਤੇਲ ਹਨ। ਖੇਤੀ ਮੁੱਖ ਤੌਰ ਤੇ ਧਾਨ, ਕਣਕ ਰਬੜ ਅਤੇ ਮੱਕੀ ਦੀ ਹੁੰਦੀ ਹੈ।

ਮਨੀਪੁਰ ਰਾਜ ਅੰਦਰ ਉਚੀਆਂ ਪਹਾੜੀਆਂ, ਡੂੰਘੀਆਂ ਵਾਦੀਆ ਅਤੇ ਵਿਚਕਾਰਲਾ ਇਕਸਾਰ ਮੈਦਾਨੀ ਖਿਤਾ ਹੈ। ਸਾਲ 1990 ਤੋਂ ਇਸ ਰਾਜ ਅੰਦਰ ਰਾਜਸੀ ਉਥਲ-ਪੁਥਲ ਚਲਦੀ ਆ ਰਹੀ ਹੈ। ਪਹਿਲਾ ਇਥੇ ਕਾਂਗਰਸ ਪਾਰਟੀ ਦਾ ਰਾਜ ਰਿਹਾ ਹੈ, ਪਰ ਜਦੋਂ ਦੀ ਕੇਂਦਰ 'ਚ ਫਿਰਕੂ ਬੀਜੇਪੀ ਪਾਰਟੀ ਰਾਜਸਤਾ 'ਤੇ ਕਾਬਜ਼ ਹੋਈ ਹੈ, ਇਸ ਰਾਜ ਅੰਦਰ ਰਾਜਸੀ ਅਤੇ ਫਿਰਕਿਆਂ (ਏਥਨਿਕ) ਅੰਦਰ ਤਨਾਅ ਬਣਿਆ ਰਹਿੰਦਾ ਹੈ। ਹੁਣ ਵੀ ਦੋ ਇੰਜਨ ਵਾਲੀ ਰਾਜਨੀਤੀ ਦੀ ਖੇਡ ਅੰਦਰ ਬੀਜੇਪੀ ਪਾਰਟੀ ਦੇ ਰਾਜ ਅੰਦਰ 3-ਮਈ ਤੋਂ ਇਥੋ ਦੇ ਦੋ -ਫਿਰਕਿਆ ਵਿਚਕਾਰ ਮੈਤੇਈ ਅਤੇ ਕੁਕੀ ਜ਼ੋਸੀ ਦਾ ਸਥਾਨਕ ਹਿੰਸਕ ਤਨਾਅ ਚਲ ਰਿਹਾ ਹੈ, ਜੋ ਅਜੇ ਵੀ ਖਤਮ ਨਹੀਂ ਹੋਇਆ ਹੈ। ਦੋਨੋ ਕਬਾਇਲੀ ਫਿਰਕਿਆ ਵਿਚਕਾਰ ਫਿਰਕੂ ਤਨਾਅ ਦੌਰਾਨ 120 ਤੋਂ ਵੱਧ ਲੋਕਾਂ ਦੀਆਂ ਜਾਨਾਂ ਗਈਆ ਹਨ ਅਤੇ 315 ਤੋਂ ਵੱਧ ਰਾਹਤ ਕੈਂਪਾਂ ਅੰਦਰ 50,000 ਲੋਕਾਂ ਨੇ ਜਾਨਾਂ ਬਚਾਉਣ ਲਈ ਪਨਾਹ ਲਈ ਹੈ। 1700-ਘਰ, ਦੁਕਾਨਾਂ ਅਤੇ ਜਾਇਦਾਦਾਂ ਤਬਾਹ ਹੋ ਚੁੱਕੀਆਂ ਹਨ। ਧਾਰਮਿਕ ਅਸਥਾਨ ਜ਼ਿਆਦਾਤਰ ਗਿਰਜੇ, ਮੰਦਿਰ ਅਤੇ ਮਸਜਿਦਾਂ ਸਾੜ ਦਿੱਤੀਆਂ ਜਾਂ ਢੈਅ-ਢੇਰੀ ਕਰ ਦਿੱਤੀਆਂ ਗਈਆਂ ਹਨ। ਜਦ ਇਹ ਤਾਂਡਵ ਨਾਚ ਹੋ ਰਿਹਾ ਸੀ ਤਾਂ ਦੋਨੋ ਇੰਜਨ ਇਕ ਵਿਦੇਸ਼ਾਂ 'ਚ ਤੇ ਦੂਸਰਾ ਦੇਸ਼ ਅੰਦਰ ਹੀ ਨੀਰੂ ਵਾਲੀ ਬੰਸਰੀ ਵਜਾ ਰਹੇ ਸਨ ਤੇ ਮਨੀਪੁਰ ਸੜ ਰਿਹਾ ਸੀ। 17000-ਫੌਜ ਤੇ ਅਰਧ-ਸੈਨਿਕ ਤਾਇਨਾਤ ਹਨ। ਕਰਫਿਊ ਗ੍ਰਸਤ ਤੇ ਮੌਕੇ 'ਤੇ ਗੋਲੀ ਮਾਰਨ ਵਾਲੀ ਹਾਲਤ ਹੋਈ ਹੈ।

ਮਨੀਪੁਰ ਜੋ ਕਦੇ ਧਰਤੀ ਦਾ 'ਹਾਰ' ਸੀ, ਕੋਲ ਵਰਗਾ ਇਲਾਕਾ ਹੈ ਜੋ ਅੱਜ ਸੜ ਰਿਹਾ ਸੀ। ਰਾਜ ਅੰਦਰ 39-ਫਿਰਕੇ ਜਿਹੜੇ ਵੱਖ-ਵੱਖ ਧਰਮ ਜੋ ਹਿੰਦੂ, ਇਸਾਈ ਤੇ ਇਸਲਾਮ ਧਰਮ ਨਾਲ ਸਬੰਧਤ ਸਨ, ਜਿਨਾਂ ਦਾ ਾਮੂਲ ਮੁੱਢ 'ਸਨਮਾਹੀ' ਰਵਾਇਤੀ ਧਰਮ ਸੀ। 1949 'ਚ ਰਾਜਸ਼ਾਹੀ ਦੇ ਖਾਤਮੇ ਬਾਅਦ ਮਨੀਪੁਰ ਭਾਰਤ ਗਣਰਾਜ ਦਾ ਇਕ ਹਿਸਾ ਬਣ ਗਿਆ ਸੀ। ਅੱਜ ਉਥੇ ਜਮਹੂਰੀਅਤ ਗੋਲੀ ਦੀ ਨੋਕ ਨਾਲ ਚਲਾਈ ਜਾ ਰਹੀ ਹੈ ਤੇ ਹਰ ਪਾਸੇ ਹਿੰਸਾ ਹੀ ਹਿੰਸਾ ਨਜ਼ਰ ਆ ਰਹੀ ਹੈ। ਮਾਣਯੋਗ ਸੁਪਰੀਮ ਕੋਰਟ ਨੇ ਵੀ ਨਰਾਜ਼ਗੀ ਪ੍ਰਗਟ ਕਰਦੇ ਹੋਏ ਹਾਲਾਤਾਂ 'ਤੇ ਨਜ਼ਰ ਰੱਖਣ ਲਈ ਕੇਂਦਰ ਤੇ ਰਾਜ ਸਰਕਾਰ ਨੂੰ ਕਿਹਾ ਹੈ। 1958 ਤੋਂ ਉਤਰ-ਪੂਰਬ ਰਾਜਾਂ ਅੰਦਰ 'ਏ।ਐਫ।ਐਸ।ਪੀ। ਐਕਟ' ਲਾਗੂ ਕੀਤਾ ਹੋਇਆ ਹੈ। ਰਾਜ ਅੰਦਰ ਕਈ ਬਾਗੀ ਗਰੁੱਪ ਹਨ ਜੋ ਵੱਖੋ ਵੱਖ ਫਿਰਕਿਆ ਵਿਚੋਂ ਹਨ। ਮਨੀਪੁਰ ਅੰਦਰ ਗੈਰ-ਕਬਾਇਲੀ ਮੈਤੇਈ ਫਿਰਕਾ ਜਿਸਦੀ ਆਬਾਦੀ 53-ਫੀ ਸਦ ਹੈ, ਹਿੰਦੂ ਫਿਰਕੇ ਨਾਲ ਸਬੰਧ ਰੱਖਦਾ ਹੈ ਤੇ ਪਿਛਲੀ ਰਾਜਾਸ਼ਾਹੀ ਹਕੂਮਤ ਵੀ ਹਿੰਦੂ ਰਾਜੇ ਅਧੀਨ ਸੀ। ਰਾਜਸੀ ਤੌਰ 'ਤੇ 60-ਮੈਂਬਰੀ ਅਸੰਬਲੀ ਵਿੱਚੋ 40-ਮੈਂਬਰ ਮੈਤੇਈ ਫਿਰਕੇ ਦੇ ਬੀ।ਜੇ।ਪੀ ਪਾਰਟੀ ਨਾਲ ਸਬੰਧ ਰੱਖਦੇ ਹਨ, ਇੰਫ਼ਾਲ ਵਾਦੀ ਜ਼ੋਮੀ 'ਚੋਂ ਹਨ। ਨਾਗਾ ਤੇ ਕੁਕੀ ਜ਼ੋਮੀ ਫਿਰਕਾ ਜੋ 40-ਫੀਸਦ ਹੈ, ਪਹਾੜੀ ਜ਼ਿਲਿਆ ਨਾਲ ਸਬੰਧਤ ਹੈ ਤੇ ਰਾਜ ਅਸੰਬਲੀ ਵਿੱਚ ਉਨ੍ਹਾਂ ਦੇ 20-ਮੈਂਬਰ ਹਨ।

ਦੋ ਇੰਜਨਾਂ ਵਾਲੇ ਮਨੀਪੁਰ 'ਚ ਉਦੋ ਹਿੰਸਾ ਭੜਕੀ ਜਦੋਂ ਰਾਜ ਕਰ ਰਹੀ ਪਾਰਟੀ ਬੀ।ਜੇ।ਪੀ। ਜਿਸ ਦੀ ਬਹੁ-ਸੰਮਤੀ ਮੈਤੇਈ ਲੋਕਾਂ ਦੀ ਸੀ ਵਲੋਂ 10-ਸਾਲਾ ਤੋਂ ਰਾਜ ਅੰਦਰ ਅਨੁਸੂਚਿਤ ਕਬੀਲਿਆ (ਐਸ।ਟੀ।) ਵਜੋਂ ਰਾਖਵਾਂਕਰਨ ਦੀ ਮੰਗ ਨੂੰ ਇਕ ਦੇਸ਼ ਅੰਦਰ ਮਾਣਯੋਗ ਹਾਈਕੋਰਟ ਨੇ 3-ਮਈ ਨੂੰ ਰਾਜ ਸਰਕਾਰ ਨੂੰ ਇਸ ਸਬੰਧੀ ਫੈਸਲਾ ਲੈਣ ਲਈ ਕਿਹਾ। ਕੋਰਟ ਨੇ ਇਸ ਫੈਸਲੇ ਵਾਲੇ ਐਲਾਨ ਨੇ ਮਨੀਪੁਰ ਦੇ ਵੱਖ-ਵੱਖ ਫਿਰਕਿਆ ਅੰਦਰ ਜਿਹੜੀ ਵੰਡ ਪਹਿਲਾ ਦੱਬੀ ਹੋਈ ਸੀ ਇਕ ਦਮ ਬਾਹਰ ਆ ਗਈ। ਮੂਲਵਾਸੀ ਕੁਕੀ ਤੇ ਨਾਗਾ ਫਿਰਕੇ ਭੜਕ ਉਠੇ। ਬਲਦੀ 'ਤੇ ਹੋਰ ਤੇਲ ਪਾ ਦਿੱਤਾ ਜਦੋਂ ਇਹ ਅਫਵਾਹ ਫੈਲ ਗਈ ਕਿ ਐਂਗਲੋ-ਕੁਕੀ ਯਾਦਗਾਰੀ ਗੇਟ ਸਾੜ ਦਿਤਾ ਗਿਆ। ਰੋਸ ਮੁਜ਼ਾਹਰੇ, ਸਾੜ-ਫੂਕ, ਮਾੜ-ਧਾੜ ਤੇ ਹਿੰਸਾ ਤਿੰਨ-ਮਈ ਤੋਂ ਸ਼ੁਰੂ ਹੋਈ ਅੱਜੇ ਵੀ ਰੁੱਕਣ ਦਾ ਨਾ ਨਹੀਂ ਲੈ ਰਹੀ ਹੈ। ਇਹ ਵੀ ਜਮਹੂਰੀਅਤ ਅੰਦਰ ਨਿਯਮ ਹਨ ਕਿ ਸਦਾ ਸਦਾ ਬਹੁਤ ਗਿਣਤੀ ਜਿਹੜੀ ਰਾਜਸਤਾ 'ਤੇ ਕਾਬਜ਼ ਹੁੰਦੀ ਹੈ ਘੱਟ ਗਿਣਤੀ ਤੇ ਕਮਜ਼ੋਰਾਂ ਨੂੰ ਦਬਾਉਂਦੀ ਹੈ। ਕੁਕੀ ਫਿਰਕਾ ਜੋ ਪਹਾੜੀ ਖੇਤਰ ਦੇ ਮੁੱਖ ਤੌਰ 'ਤੇ ਮੁਖ ਵਾਦੀ 'ਚ ਫੈਲਿਆ ਹੈ, ਦੇ ਸਰਕਾਰ ਉਨਾਂ ਮੂਲਵਾਸੀ ਲੋਕਾਂ ਦੇ ਜਮੀਨੀ ਅਧਿਕਾਰਾਂ ਨੂੰ ਪ੍ਰਤੱਖ ਤੌਰ 'ਤੇ ਰੋਕਣਾ ਚਾਹੁੰਦੀ ਹੈ। ਪਹਾੜੀ ਇਲਾਕਾ ਜਿਥੇ ਪੋਸਤ ਦੀ ਖੇਤੀ ਹੈ ਤੇ ਕੁਕੀ ਖੇਤਰ ਹੈ, ਉਸ ਦਾ ਘੇਰਾ ਬੰਦੀ ਕਰਨਾ ਚਾਹੁੰਦੀ ਹੈ। ਮੈਤੇਈ ਪਹਾੜੀ ਇਲਾਕੇ 'ਚ ਜ਼ਮੀਨ ਨਹੀਂ ਖਰੀਦ ਸਕਦੇ ਹਨ। ਬਹੁ-ਗਿਣਤੀ ਮੈਤੇਈ ਫਿਰਕਾ ਹੈ ਅਤੇ ਜ਼ਮੀਨ ਦੀ ਮਾਲਕੀ ਦਾ ਅਧਿਕਾਰ ਕੁਕੀ ਫਿਰਕੇ ਦਾ ਹੋਣ ਕਰਕੇ, ਰਾਜ ਅੰਦਰ ਮੈਤੇਈ ਰਾਜਨੀਤਕ ਦਬਾਅ ਅਤੇ ਬੇ।ਜੇ।ਪੀ। ਸੋਚ ਵਾਲੀ ਰਾਜਨੀਤੀ ਨੇ ਹੀ ਫਿਰਕਿਆ ਅੰਦਰ ਤਨਾਅ ਅਤੇ ਫਿਰਕੂ ਸਾੜ-ਫੂਕ ਨੂੰ ਜਨਮ ਦਿਤਾ ਹੈ।

ਭੁਗੋਲਿਕ ਤੌਰ 'ਤੇ ਰਾਜ ਦੀ ਸ਼ਕਲ ਫੁਟਬਾਲ ਦੇ ਸਟੇਡੀਅਮ ਵਾਂਗ ਹੈ। ਇੰਫਾਲਵਾਦੀ ਖੇਡ ਦਾ ਮੈਦਾਨ ਹੈ ਜਿਸਦੇ ਆਲੇ ਦੁਆਲੇ ਪਹਾੜੀਆਂ ਅ ਤੇ ਗੈਲਰੀਆਂ ਹਨ। ਚਾਰ ਹਾਈਵੇਅਜ਼ ਹਿਸ ਵਿਚੋਂ ਲੰਘਦੇ ਹਨ ਜੋ ਮਨੀਪੁਰ ਦੀ ਸਾਹ-ਰਗ ਹਨ। ਗੈਰ-ਕਬਾਇਲੀ ਮੈਤੇਈ ਤੇ ਕਬਾਇਲੀ ਗਰੁਪ ਕੁਕੀ ਜ਼ੋਮੀ ਅਤੇ ਨਾਗਾ ਇਥੋ ਦੇ ਵਸਨੀਕ ਹਨ। ਅਸਲ ਵਿੱਚ ਮਨੀਪੁਰ ਅੰਦਰ ਸਾੜ ਫੂਕ ਫਰਵਰੀ, 2023 ਦੌਰਾਨ ਹੀ ਸ਼ੁਰੂ ਹੋ ਗਈ ਜਦੋਂ ਰਾਜ ਦੀ ਬੀ।ਜੇ।ਪੀ। ਸਰਕਾਰ ਨੇ ਕੁਕੀ ਲੋਕਾਂ ਨੂੰ ਇੰਫ਼ਾਲ ਵਾਦੀ 'ਚ ਉਜਾੜਨਾ ਸ਼ੁਰੂ ਕਰ ਦਿਤਾ ਸੀ ਅਤੇ ਲੋਕਾਂ ਅੰਦਰ ਰੋਸ ਪੈਦਾ ਹੋਇਆ ਸੀ। ਹਾਈ ਕੋਰਟ ਦੇ ਫੈਸਲੇ ਬਾਅਦ ਘੱਟ ਗਿਣਤੀ ਕੁਕੀ ਤੇ ਨਾਗਾ ਜਿਹੜੇ ਅਨੁਸੂਚਿਤ ਕਬੀਲਾ ਕੈਟਾਗਰੀ 'ਚ ਆਉਂਦੇ ਹਨ ਭੜਕ ਉਠੇ। ਮਨੀਪੁਰ ਰਾਜ ਅੰਦਰ ਚੀਨੀ-ਤਿਬਤੀ ਨਸਲਾਂ ਜੋ ਯੂਨੀਕ ਬੋਲੀ, ਸੱਭਿਆਚਾਰ ਅਤੇ ਵੱਖ-ਵੱਖ ਧਰਮਾਂ ਵਾਲੇ ਹਨ। ਮੈਤੇਈ ਹਿੰਦੂ ਜਿਹੜ ਪੁਰਾਣੇ ਰਾਜਾਸ਼ਾਹੀ ਦੇ ਪ੍ਰਭਾਵ ਅਧੀਨ ਸਨ ਹੁਣ ਬੀ।ਜੇ।ਪੀ।ਨਾਲ ਜੁੜੇ ਹੋਏ ਹਨ। ਕੁਕੀ ਤੇ ਨਾਗਾ ਇਸਾਈ ਧਰਮ ਨੂੰ ਮੰਨਣ ਵਾਲੇ ਹਨ। ਮੈਤੇਈ ਹਿੰਦੂ ਫਿਰਕਾ ਜਿਹੜੇ 50-ਫੀ ਸਦ ਹਨ, ਰਾਜ ਅੰਦਰ ਉਹ ਅਨੁਸੂਚਿਤ-ਕਬੀਲੇ ਵਾਲਾ ਰਾਖਵਾ ਕਰਨ ਦਾ ਹੱਕ ਚਾਹੁੰਦੇ ਹਨ।

ਮੈਤੇਈ ਕਬੀਲੇ ਦੇ ਲੋਕ ਰਾਜ ਸਰਕਾਰ, ਰਾਜਤੰਤਰ, ਆਰਥਿਕਤਾ, ਢਾਂਚਾਗਤ ਅਤੇ ਰਾਜਨੀਤੀ ਅੰਦਰ ਅੱਜੇ ਵੀ ਛੋਟੇ ਇੰਫ਼ਾਲ ਵਾਦੀ 'ਚ ਕਾਬਜ਼ ਹਨ। ਦੂਸਰੇ ਫਿਰਕੇ ਕੁਕੀ ਜ਼ੋਮੀ ਤੇ ਨਾਗਾ ਖੇਤੀ ਅੰਦਰ ਵਿਕਸਤ ਅਤੇ ਭੂਗੋਲਿਕ ਤੌਰ 'ਤੇ ਵੱਡੇ ਰਕਬੇ ਵਾਲੇ ਪਹਾੜੀ ਜ਼ਿਲ੍ਹਿਆ 'ਚ ਵਸੇ ਹੋਏ ਹਨ। ਕੁਕੀ ਜ਼ੋਮੀ ਤੇ ਨਾਗਾ ਫਿਰਕਿਆ ਨੂੰ ਇਹ ਡਰ ਹੈ ਕਿ ਜੇਕਰ ਮੈਤੇਈ ਕਬੀਲੇ ਨੂੰ ਐਸ।ਟੀ। ਰਾਖਵਾਂਕਰਨ ਮਿਲ ਗਿਆ ਤਾਂ ਉਨਾਂ ਨੂੰ ਸੁਰੱਖਿਅਤ-ਥਾਵਾਂ 'ਤੇ ਵਾਦੀਆਂ ਵਿਚੋ ਕੱਢ ਦਿੱਤਾ ਜਾਵੇਗਾ ਜਿਥੇ ਉਹ ਦਹਾਕਿਆ ਤੋਂ ਕਾਬਜ਼ ਅਤੇ ਰਹਿ ਰਹੇ ਹਨ। ਮਨੀਪੁਰ ਅੰਦਰ ਪਹਿਲਾ ਇਹ ਫਿਰਕੂ ਤਨਾਅ ਕਾਫੀ ਪੁਰਾਣਾ ਸ਼ੁਰੂ ਹੋਇਆ ਸੀ, ਜਦੋਂ ਮੀਆਂਮਾਰ ਵਿਚੋਂ 'ਚਿਨ' ਲੋਕਾਂ ਨੂੰ ਬਰਮੀ ਲੋਕਾਂ ਨੇ ਕੱਢ ਦਿਤਾ ਅਤੇ ਜ਼ਬਰ ਢਾਇਆ ਸੀ। ਕੁਕੀ ਫਿਰਕਾ ਚਿਨ ਫਿਰਕੇ ਦਾ ਹੀ ਹਿਸਾ ਹੈ ਤੇ ਮਨੀਪੁਰ ਸਰਕਾਰ ਦਾ ਵੀ ਇਸ ਪ੍ਰਤੀ ਰਵੱਈਆ ਨਿਆਪੂਰਨ ਨਹੀਂ ਸੀ ਤੇ ਉਨਾਂ ਵਿਰੁਧ ਸਖ਼ਤੀ ਵਰਤੀ ਗਈ ਸੀ। ਮੈਤੇਈ ਫਿਰਕੇ ਨੂੰ ਡਰ ਹੈ ਕਿ ਮਨੀਪੁਰ 'ਚ ਉਨ੍ਹਾਂ ਦੀ ਗਿਣਤੀ (ਹਿੰਦੂ) ਘਟ ਰਹੀ ਹੈ ਤੇ ਗੈਰ-ਹਿੰਦੂ ਫਿਰਕੇ ਗਿਣਤੀ 'ਚ ਵੱਧ ਰਹੇ ਹਨ। ਇਸ ਵੇਲੇ ਭਾਵੇਂ ਸਰਕਾਰ ਕਹਿ ਰਹੀ ਹੈ ਕਿ ਹਾਲਾਤ ਕਾਬੂ ਹੇਠ ਹਨ, ਅੱਜੇ 25,000 ਤੋਂ ਵੱਧ ਲੋਕ ਕੈਂਪ 'ਚ ਹਨ। ਸਾੜੇ-ਫੂਕੇ ਗਏ ਮਕਾਨ, ਦੁਕਾਨਾਂ ਅਤੇ ਧਾਰਮਿਕ ਅਸਥਾਨ ਜੋ ਬਰਬਾਦ ਹੋ ਗਏ ਹਨ, ਕਈ ਸਾਲ ਉਨ੍ਹਾਂ ਨੂੰ ਉਸਾਰਨ ਲਈ ਲਗ ਜਾਣਗੇ। ਹਰ ਪਾਸੇ ਵੰਡ ਪਾਈ ਜਾ ਰਹੀ ਹੈ।ਪੁਲੀਸ ਅਤੇ ਪ੍ਰਸ਼ਾਸਨ ਵੀ ਫਿਰਕੂ ਲੀਹਾਂ ਤੇ ਵੰਡਿਆ ਗਿਆ ਹੈ।

ਇਹ ਰਾਏ ਆਮ ਉਭਰ ਰਹੀ ਹੈ ਕਿ ਅਗਾੜੀ-ਪਿਛਾੜੀ ਇੰਜਨ ਵਾਲੀ ਫ਼ਿਰਕੂ ਰਾਜਨੀਤੀ ਨੇ ਮਨੀਪੁਰ ਦੀ ਵਿਸਫੋਟਕ ਸਥਿਤੀ ਦੇ ਹਲ ਲਈ ਫੌਰੀ ਕੋਈ ਵਿਵਹਾਰਕ ਉਪਾਅ ਅਤੇ ਯਤਨ ਨਹੀਂ ਤਲਾਸ਼ੇ ਅਤੇ ਦੋਨੋਂ ਫਿਰਕਿਆ ਨੂੰ ਖੁਦ ਫੈਸਲਾ ਕਰਨ ਲਈ ਮੈਦਾਨ ਖੁਲ੍ਹਾ ਛੱਡ ਦਿੱਤਾ। ਸਰਕਾਰ 'ਤੇ ਇਹ ਵੀ ਗੰਭੀਰ ਦੋਸ਼ ਲੱਗ ਰਹੇ ਹਨ ਕਿ ਹਥਿਆਰ ਵਾਲੇ ਮਾਲਖਾਨੇ ਕਿਵੇਂ ਖੁਲ੍ਹੇ ਛੱਡੇ ਗਏ ਤੇ 2400-ਸਵੈ ਚਾਲਕ ਹਥਿਆਰ ਤੇ ਗੋਲੀ-ਸਿਕਾ ਕਿਵੇਂ ਚੋਰੀ ਹੋ ਗਿਆ, ਜੋ ਹੁਣ ਵਰਤਿਆ ਜਾ ਰਿਹਾ ਹੈ। ਵਿਰੋਧੀ ਧਿਰਾਂ ਦੇ ਦੋਸ਼ ਹਨ ਕਿ ਸਰਕਾਰ ਨੇ ਆਪਣੇ ਰਾਜਨੀਤਕ ਹਿਤਾਂ ਲਈ ਹਾਲਾਤਾਂ ਨੂੰ ਵਿਗੜਨ ਲਈ ਸਥਿਤੀ 'ਤੇ ਕਾਬੂ ਨਹੀਂ ਪਾਇਆ ? ਅੱਜ ! ਵੀ ਮਨੀਪੁਰ ਸੜ ਰਿਹਾ ਹੈ, ਹਾਕਮ ਪਾਰਟੀ ਹਾਈ ਕੋਰਟ ਦੇ ਫੈਸਲੇ ਬਾਅਦ ਵੀ (ਗੈਰ-ਵਿਵਹਾਰਕ ਦਿਸ਼ਾ ਨਿਰਦੇਸ਼) ਆਉਣ 'ਤੇ ਰਾਜ ਸਰਕਾਰ ਨੇ ਸੰਜੀਦਾ ਹੋਣ ਦੀ ਥਾਂ ਇਕ ਪਾਸੜ ਰਵੱਈਆ ਧਾਰਿਆ। ਰਾਜ ਦੀ ਬੇ।ਜੀ।ਪੀ। ਸਰਕਾਰ ਵਲੋਂ ਗੈਰ-ਰਾਖਵੇਂ ਪਹਾੜੀ ਇਲਾਕਿਆ 'ਚ ਸਰਕਾਰ ਨੇ ਖੁਦ ਤਦਾਕਥਤ ਬਾਹੀ ਲੋਕਾਂ ਨੂੰ ਨਿਕਾਲਣ ਲਈ ਇਕ ਲਹਿਰ (ਅੰਦੋਲਨ) ਨੂੰ ਸ਼ੁਰੂ ਕਰਾਇਆ। ਭਾਵ ਸਰਕਾਰ ਖੁਦ ਗੈਰ-ਰਾਖਵੇਂ ਇਲਾਕਿਆ 'ਚ ਮੈਤੇਈ ਲੋਕਾਂ ਨੂੰ ਇਥੇ ਘੁਸਪੈਠ ਕਰਾਉਣਾ ਚਾਹੁੰਦੀ ਹੈ ਤੇ ਨਾਲ ਹੀ ਹਾਈ-ਕੋਰਟ ਦੇ ਇਕ ਫੈਸਲੇ ਨੇ ਮੈਤੇਈ ਫਿਰਕੇ ਨੂੰ ਜਨ-ਜਾਤੀ ਸੂਚੀ 'ਚ ਸ਼ਾਮਲ ਕਰਨ ਦੇ ਨਿਰਦੇਸ਼ਾਂ ਨੇ ਕੁਕੀ ਤੇ ਨਾਗਾ ਫਿਰਕੇ ਦੇ ਲੋਕਾਂ ਨੂੰ ਅੰਦੋਲਨ ਦਾ ਰਾਹ ਦਿੱਤਾ ਜੋ ਹਿੰਸਕ ਰੂਪ ਧਾਰ ਗਿਆ।

ਮਨੀਪੁਰ ਦੀ ਜਨਤਾ ਫੌਰੀ ਅਮਨ ਚਾਹੁੰਦੀ ਹੈ ਅਤੇ ਇਹ ਵੀ ਮੰਗ ਹੈ ਕਿ ਮਨੀਪੁਰ ਦੀ ਵੰਡਵਾਦੀ ਸਰਕਾਰ ਨੂੰ ਚਲਦਾ ਕੀਤਾ ਜਾਵੇ ! ਮਨੀਪੁਰ ਅਜਿਹੇ ਸੰਵੇਦਨਸ਼ੀਲ ਰਾਜ ਅੰਦਰ ਹਾਕਮ ਪਾਰਟੀ ਵਲੋਂ ਅਣਦੇਖੀ ਕਰਕੇ ਆਪਣੇ ਰਾਜਸੀ ਹਿਤਾਂ ਲਈ ਸੂਬੇ ਅੰਦਰ ਭੜਕੀ ਹਿੰਸਾ, ਸਾੜ-ਫੂਕ ਅਤੇ ਮਨੁੱਖੀ ਤੇ ਮਾਲ ਦੀ ਹੋਈ ਤਬਾਹੀ ਲਈ ਕੀਤੀ ਕੋਤਾਹੀ ਅਤੇ ਲਾਹਪ੍ਰਵਾਹੀ ਜੋ ਸਾਹਮਣੇ ਆਈ ਹੈ ਤੋਂ ਬਚ ਨਹੀਂ ਸਕਦੀ ਹੇ। ਰਾਜ ਸਰਕਾਰ ਦੀਆਂ ਪਰਦਾ-ਪੋਸ਼ੀਆਂ ਅਤੇ ਕੇਂਦਰ ਦੀ ਗੈਰ ਵਿਵਹਾਰਕ ਅਤੇ ਗੈਰ-ਸੰਜੀਦਗੀ ਵਾਲੀ ਨੀਤੀ ਦੋਨਾਂ ਸਰਕਾਰਾਂ ਦੀ ਨਲਾਇਕੀ ਜ਼ਾਹਰ ਕਰ ਰਹੀਆਂ ਹਨ। ਇਸ ਲਈ ਤਾਂ ਮਾਣਯੋਗ ਸੁਪਰੀਮ ਕੋਰਟ ਨੇ ਮਨੀਪੁਰ ਸਬੰਧੀ ਇਕ ਪਟੀਸ਼ਨ 'ਚ ਰਾਜ ਸਰਕਾਰ ਤੋਂ ਜਵਾਬ ਮੰਗਿਆ ਕਿ ਉਥੇ ਦੋ ਫਿਰਕਿਆਂ ਵਿਚਕਾਰ ਚਲ ਰਹੀ ਹਿੰਸਾ ਰੋਕਣ ਲਈ ਕੀ ਕਦਮ ਚੁਕੇ, ਹਿੰਸਾ ਪ੍ਰਭਾਵਤ ਲੋਕਾਂ ਦੇ ਵਸੇਬੇ ਲਈ ਅਤੇ ਸੁਰੱਖਿਆ-ਬਲਾਂ ਦੀ ਤਾਇਨਾਤੀ ਅਤੇ ਕਨੂੰਨੀ ਹਾਲਾਤਾਂ ਦੇ ਸੁਧਾਰ ਲਈ ਕੀ ਕੀਤਾ ? ਭਾਵੇਂ ਰਾਜ ਸਰਕਾਰ ਨੇ ਜਵਾਬ ਦਿਤਾ ਕਿ ਹਾਲਾਤ ਸੁਧਰ ਰਹੇ ਹਨ, ਪਰ ਅੱਜ ਵੀ ਹਿੰਸਕ ਵਾਰਦਾਤਾਂ ਅਤੇ ਗੋਲੀ ਬਾਰੀ 'ਚ ਮਰਨ ਵਾਲੇ ਲੋਕਾਂ ਅਤੇ ਸੈਨਿਕਾਂ ਤੇ ਅਰਥ ਸੈਨਿਕ ਬਲਾਂ ਦੇ ਮਰਨ ਦੀਆਂ ਖਬਰਾਂ ਆ ਰਹੀਆਂ ਹਨ। ਵਿਦੇਸ਼ੀ ਸ਼ਕਤੀਆਂ ਦਾ ਹੱਥ ਕਹਿਕੇ ਜਿੰਮੇਵਾਰੀ ਤੋਂ ਬੱਚਣਾ, ਹਿੰਸਾ, ਟਕਰਾਅ ਤੇ ਤਨਾਅ ਨੂੰ ਰੋਕਣ ਲਈ ਖੁਦ ਸੁਪਰੀਮ ਕੋਰਟ ਨੂੰ ਕਹਿਣਾ ਪਿਆ ਕਿ ਇਹ ਵਿਸ਼ਾ ਰਾਜ ਦਾ ਹੈ, ਮਨੀਪੁਰ ਅੰਦਰ ਹਿੰਸਕ ਵਾਰਦਾਤਾਂ ਤੋਂ ਬੀਜੇਪੀ ਸਰਕਾਰ ਜਿੰਮੇਵਾਰੀ ਤੋਂ ਨਹੀਂ ਸਚ ਸਕਦੀ ਹੈ।

ਜਦੋਂ ਦਾ ਬੀ।ਜੇ।ਪੀ। ਆਰ।ਐਸ।ਐਸ। ਗਠਜੋੜ ਕੇਂਦਰ ਅਤੇ ਰਾਜਾਂ ਅੰਦਰ ਕਾਬਜ਼ ਹੋਇਆ ਹੈ ਸਮੁੱਚੇ ਸੰਘ ਪ੍ਰੀਵਾਰ ਨੇ ਹਰ ਖੇਤਰ ਅੰਦਰ ਆਪਣੀਆਂ ਗਤੀ-ਵਿਧੀਆਂ ਤੇਜ ਕਰ ਦਿੱਤੀਆਂ ਹੋਈਆਂ ਹਨ। 'ਭਾਰਤੀ ਸੰਘ' ਅੰਦਰ ਜੋ ਰਾਜਾਂ ਕੋਲ ਬਰਾਬਰ ਸ਼ਕਤੀਆਂ 'ਤੇ ਹਕੀਕੀ ਖੁਦਮੁਖਤਾਰੀ ਸੀ ਇਕ ਇਕ ਕਰਕੇ ਬੋਡੀ ਕੀਤੀ ਜਾ ਰਹੀ ਹੈ। ਕਬਾਇਲੀ ਖੇਤਰਾਂ ਜਾਂ ਉਨ੍ਹਾਂ ਇਲਾਕਿਆਂ ਵਿੱਚ ਜਿਥੇ ਆਬਾਦੀ ਖਾਸ ਤੌਰ 'ਤੇ ਨਸਲੀ ਬਣਤਰ ਦੀ ਸੀ ਅਤੇ ਖਾਸ ਸਮਾਜਕ ਅਤੇ ਸੱਭਿਆਚਾਰ ਦਿਸ਼ਾਵਾਂ ਅਤੇ ਇਲਾਕਾਈ ਤੌਰ 'ਤੇ ਨਿਖੇੜੀ ਜਾ ਸਕੇ ਉਨ੍ਹਾਂ ਨੂੰ ਫਿਰਕੂ ਸੋਚ ਵਾਲੀ ਹਾਕਮ ਜਾਮ ਵਲੋਂ ਇਨ੍ਹਾਂ ਰਾਜਾਂ ਅੰਦਰ ਖੇਤਰੀ ਖੁਦਮੁਖਤਾਰੀ ਦੇਣ ਦੀ ਥਾਂ ਵੰਡੀਆ ਪਾਈਆ ਜਾ ਰਹੀਆਂ ਹਨ। ਸਗੋਂ ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਨਾਲ ਇਕੋ ਜਿਹਾ ਵਤੀਰਾ ਰੱਖਦੇ ਹੋਏ ਉਨ੍ਹਾਂ ਨੂੰ ਜਾਤ-ਪਾਤ, ਜਿਨਸੀ, ਧਰਮ, ਬਰਾਦਰੀ ਜਾਂ ਕੌਮੀਅਤ ਦੇ ਅਧਾਰ 'ਤੇ ਕੋਈ ਵਿਤਕਰਾ ਨਾ ਹੋਵੇ ਤੇ ਗ੍ਰੰਟੀ ਮਿਲਣੀ ਚਾਹੀਦੀ ਸੀ। ਆਰਥਿਕ, ਸਿਆਸੀ ਅਤੇ ਸੱਭਿਆਚਾਰਕ ਖੇਤਰਾਂ 'ਚ ਵੱਖੋ ਵੱਖ ਰਾਜਾਂ ਦੇ ਲੋਕਾਂ ਵਿਚਕਾਰ ਅਤੇ ਸੰਘੀਆਤਮਿਕ ਰਾਜਾਂ ਵਿਚਕਾਰ ਆਪਸੀ ਸਹਿਯੋਗ ਬਣਾ ਕੇ ਲੋਕ ਏਕਤਾ ਨੂੰ ਮਜਬੂਤ ਕਰਨਾ ਚਾਹੀਦਾ ਸੀ। ਆਪਸੀ ਜਾਤਾਂ, ਫਿਰਕਿਆਂ ਅਤੇ ਧਰਮਾਂ ਦੇ ਸਮਾਜਕ ਦਮਨ ਨੂੰ ਕਨੂੰਨਨ ਖਤਮ ਕਰਨ, ਬਰਾਬਰ ਦੇ ਅਧਿਕਾਰ ਅਤੇ ਰਾਖਵਾਂਕਰਨ ਦਾ ਬਣਦਾ ਹੱਕ ਦੇਣ ਨਾਲ ਹੀ ਫਿਰਕਿਆ, ਘੱਟ ਗਿਣਤੀਆਂ, ਕਬੀਲਿਆ ਅਤੇ ਸੂਚੀ ਦਰਜ ਜਾਤਾਂ ਦੇ ਲੋਕਾਂ ਦੇ ਹੱਕਾਂ ਦੀ ਰੱਖਿਆ ਹੋ ਸਕਦੀ ਅਤੇ ਦੇਸ਼ ਦੀ ਏਕਤਾ ਵੀ ਮਜ਼ਬੂਤ ਹੋ ਸਕਦੀ ਹੈ।

ਮਨੀਪੁਰ ਅੰਦਰ ਮੌਜੂਦਾ ਫਿਰਕਿਆ ਵਿਚਕਾਰ ਸੰਕਟ ਲਈ ਆਰ।ਐਸ।ਐਸ। ਦੇ ਆਦਿਵਾਸੀਆ ਨੂੰ ਇਕ ਸਮਾਨ ਹਿੰਦੂ ਪਛਾਣ ਦੇ ਹੇਠ ਜੋੜਨ ਦੀਆਂ ਕੋਸ਼ਿਸ਼ਾਂ ਹਨ। ਇਹ ਵੀ ਪ੍ਰਤੱਖ ਹੈ ਕਿ ਉਤਰ-ਪੂਰਬੀ 7-ਰਾਜਾਂ ਅੰਦਰ ਆਦਿਵਾਸੀ ਖੇਤਰਾਂ 'ਚ ਇਸਾਈਆਂ ਉਤੇ ਹਮਲੇ ਇਸ ਸਾਜ਼ਸ ਅਧੀਨ ਹੀ ਸੇਧੇ ਜਾ ਰਹੇ ਹਨ। ਦੇਸ਼ ਦੇ ਆਦਿਵਾਸੀਆਂ ਅਤੇ ਕਬੀਲਿਆਂ ਵਿਚਕਾਰ ਘਾਤਕ ਹਿੰਦੂਤਵ, ਜਾਤੀਵਾਦ, ਅਤੇ ਫਿਰਕਿਆਂ ਦੀ ਆਪਸੀ ਰੰਜਸ਼ਾਂ ਨੂੰ ਹੁਣ ਖਤਮ ਕਰਨ ਲਈ ਸਾਰੀਆ ਜਮਹੂਰੀ, ਧਰਮ ਨਿਰਪੱਖ ਅਤੇ ਖੱਬੀਆ ਸ਼ਕਤੀਆਂ ਨੂੰ ਮਿਲ ਕੇ ਫੁੱਟ ਪਾਊ ਅਤੇ ਵੰਡਵਾਦੀ ਲੋਕਾਂ 'ਤੇ ਸ਼ਕਤੀਆਂ ਵਿਰੁਧ ਵਿਚਾਰਧਾਰਕ ਤੇ ਜੱਥੇਬੰਦਕ ਸੰਘਰਸ਼ ਉਸਾਰਨੇ ਚਾਹੀਦੇ ਹਨ। ਬਰਾਬਰ ਜਮਹੂਰੀ ਹੱਕ ਅਤੇ ਬਰਾਬਰ ਵਿਕਾਸ 'ਤੇ ਵਿਤਕਰੇ ਰਹਿਤ ਸਮਾਜ ਅੰਦਰ ਹੀ ਤਰੱਕੀ ਹੋ ਸਕਦੀ ਹੈ ਫਿਰਕੂ ਲੀਹਾਂ ਅਧੀਨ ਵੰਡੀਆ ਪਾ ਕੇ ਨਹੀਂ ?


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸਿੰਘਾਪੁਰ 'ਚ ਪੰਜਾਬ ਸਰਕਾਰ ਵੱਲੋਂ ਟ੍ਰੇਨਿੰਗਾਂ ਪ੍ਰਾਪਤ ਕਰਕੇ ਆਏ ਪ੍ਰਿੰਸੀਪਲਜ ਨਾਲ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਮੀਟਿੰਗ

**ਸੰਗਰੂਰ, (ਦਲਜੀਤ ਕੌਰ)-** ਜਿਲ੍ਹਾ ਸਿੱਖਿਆ ਅਫਸਰ (ਸੈ।ਸਿੰ) ਅਤੇ ਉੱਪ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿੰ ਸੰਗਰੂਰ, ਜ਼ਿਲ੍ਹੇ ਦੇ ਵੱਖ ਵੱਖ ਪ੍ਰਿੰਸੀਪਲਜ ਨਾਲ ਜੋ ਸਿੰਘਾਪੁਰ ਵਿਖੇ ਪੰਜਾਬ ਸਰਕਾਰ ਵੱਲੋਂ ਸਪੈਸ਼ਲ ਟ੍ਰੇਨਿੰਗ ਪ੍ਰਾਪਤ ਕਰਕੇ ਆਏ, ਉਹਨਾਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਿਲ੍ਹਾ ਸਿੱਖਿਆ ਅਫਸਰ (ਸੈਸਿੰ) ਸ੍ਰੀ ਸੰਜੀਵ ਸ਼ਰਮਾਂ ਅਤੇ ਉੱਪ ਜਿਲ੍ਹਾ ਸਿੱਖਿਆ ਅਫਸਰ ਸ੍ਰੀ ਪ੍ਰੀਤਇੰਦਰ ਘਈ ਨੇ ਦੱਸਿਆ ਕਿ ਸ ਅਵਤਾਰ ਸਿੰਘ ਚੇਅਰਮੈਨ ਮਾਰਕਿਟ ਕਮੇਟੀ ਦੀ ਅਗਵਾਈ ਹੇਠ ਸੰਗਰੂਰ ਜਿਲੇ ਦੇ ਪ੍ਰਿੰਸੀਪਲ ਸਾਹਿਬਾਨ ਜੋ ਪੰਜਾਬ ਸਰਕਾਰ ਵੱਲੋਂ ਸਿੰਘਾਪੁਰ ਵਿਖੇ ਟ੍ਰੇਨਿੰਗ ਪ੍ਰਾਪਤ ਕਰਕੇ ਪਹੁੰਚੇ ਹਨ ਉਹਨਾਂ ਨਾਲ ਟ੍ਰੇਨਿੰਗ ਦੇ ਸੰਬੰਧੀ ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੰਗਰੂਰ ਵਿੱਖੇ ਵਿਚਾਰ ਵਿਟਾਂਦਰਾ ਕੀਤਾ ਗਿਆ ਹੈ। ਪ੍ਰਿੰਸੀਪਲ ਸਾਹਿਬਾਨ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਜੀ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਹੋਰ ਵੀ ਵੱਧ ਐਨਰਜੀ ਨਾਲ ਸਕੂਲਾਂ ਵਿੱਚ ਕੰਮ ਕਰਕੇ ਸਕੂਲਾਂ ਵਿੱਚ ਵਿੱਦਿਆ ਦਾ ਪੱਧਰ ਹੋਰ ਉੱਚਾ ਚੁੱਕਣਗੇ ਅਤੇ ਵੱਖ ਨਵੀਆਂ ਗਤੀਵਿਧੀਆ ਨਾਲ ਵਿਦਿਆਰਥੀਆਂ ਨੂੰ ਟੈਕਨੋਲੋਜੀ ਦੀ ਵਰਤੋਂ ਕਰਕੇ ਪਿੱਛਲੇ ਸਾਲਾਂ ਨਾਲੋ ਵੱਧ ਮੈਰਿਟ ਲਿਸਟ ਵਿੱਚ ਲਿਆ ਕੇ ਸਕੂਲਾਂ ਦਾ ਨਾਮ ਦੇ ਨਾਲ ਨਾਲ ਜ਼ਿਲ੍ਹੇ ਦਾ ਨਾਮ ਰੋਸ਼ਨ ਕਰਨਗੇ। ਇਸ ਮੀਟਿੰਗ ਵਿੱਚ ਪ੍ਰਿੰਸੀਪਲ ਅਜਿੰਦਰਪਾਲ ਸਿੰਘ ਐਸ ਓ ਈ ਸਸਸਸ ਸਕੂਲ ਭਸੌੜ, ਪ੍ਰਿੰਸੀਪਲ ਪ੍ਰਵੀਨ ਕੁਮਾਰ ਸਸਸਸ ਸਕੂਲ ਥਲੇਸ, ਪ੍ਰਿੰਸੀਪਲ ਹਰਦੇਵ ਕੁਮਾਰ ਸਸਸਸ ਸਕੂਲ ਬਾਲੀਆਂ, ਪ੍ਰਿੰਸੀਪਲ ਕਮਲਜੀਤ ਕੌਰ ਐਸ ਓ ਈ ਸਸਸਸ ਸਕੂਲ ਸੁਨਾਮ, ਪ੍ਰਿੰਸੀਪਲ ਵਰਿੰਦਰ ਕੌਰ ਡਾਇਟ ਸੰਗਰੂਰ, ਪ੍ਰਿੰਸੀਪਲ ਮਹਿੰਦਰ ਕੌਰ ਸਸਸਸ ਸਕੂਲ ਬਖੋਪੀਰ, ਪ੍ਰਿੰਸੀਪਲ ਜਸਪ੍ਰੀਤ ਕੌਰ ਸਸਸਸ ਸਕੂਲ ਚੰਨੋਂ ਹਾਜ਼ਰ ਸਨ।

# ਮਜਦੂਰਾਂ ਵਿੱਚ ਪ੍ਰਚਾਰ ਦਾ ਵਿਦਿਆਰਥੀ ਨੌਜਵਾਨ ਦਾ ਤਜਰਬਾ

ਜਿਵੇਂ ਕਿ ਕਹਿੰਦੇ ਹੁੰਦੇ ਨੇ, ਜੇ ਤੁਸੀਂ ਕਿਸੇ ਦੇ ਹਲਾਤਾਂ ਨੂੰ ਸਮਝਣਾ ਹੈ ਤਾਂ ਤੁਹਾਨੂੰ ਉਨ੍ਹਾਂ ਵਿੱਚ ਰਹਿ ਕੇ ਵਧੇਰੇ ਸਮਝ ਪਵੇਗੀ, ਇਸੇ ਤਰ੍ਹਾਂ ਮੈਨੂੰ ਪਤਾ ਤਾਂ ਸੀ, ਵੀ ਬਹੁਤੇ ਲੋਕ ਭੁੱਖਮਰੀ, ਬੇਰੁਜਗਾਰੀ ਅਤੇ ਇਲਾਜ ਤੋਂ ਬਿਨਾਂ ਮਰ ਰਹੇ ਨੇ ਤੇ ਨਾਲ਼ੇ ਬਹੁਤੇ ਬੱਚੇ ਪੜ੍ਹਾਈ ਤੋਂ ਵੀ ਵਾਂਝੇ ਰਹਿ ਰਹੇ ਨੇ। ਪਰ ਇਨ੍ਹਾਂ ਹਲਾਤਾਂ ਨੂੰ ਨੇੜੇਓ ਸਮਝਣ ਲਈ ਮੈਨੂੰ ਤਦ ਮੌਕਾ ਮਿਲਿਆ ਜਦ ਮੈਂ ਆਪਣੇ ਪੀ.ਐਸ.ਯੂ. 'ਲਲਕਾਰ' ਦੇ ਸਾਥੀਆਂ ਨਾ਼ਲ 1 ਮਈ (ਮਜਦੂਰ ਦਿਹਾੜੇ) 'ਤੇ ਲੁਧਿਆਣੇ ਕਾਰਖਾਨਾ ਮਜਦੂਰ ਯੂਨੀਅਨ ਦੇ ਸਾਥੀਆਂ ਦੁਆਰਾ ਮਜਦੂਰ ਬਸਤੀਆਂ 'ਚ ਮਜਦੂਰਾਂ ਨੂੰ ਆਵਦੇ ਹੱਕਾਂ ਪ੍ਰਤੀ ਜਾਗਰੂਕਤਾ ਲਈ ਸ਼ੁਰੂ ਕੀਤੀ ਮੁਹਿੰਮ ਦਾ ਹਿੱਸਾ ਬਣਿਆ। ਕਾਰਖਾਨਾ ਮਜਦੂਰ ਯੂਨੀਅਨ ਦੇ ਸਾਥੀ ਲਖਵਿੰਦਰ ਸਿੰਘ ਏਸ ਮੁਹਿੰਮ ਦੀ ਅਗਵਾਈ ਕਰ ਰਹੇ ਸਨ।



ਲੁਧਿਆਣਾ ਕਹਿਣ ਨੂੰ ਤਾਂ ਪੰਜਾਬ ਦਾ ਜਿਆਦਾ ਤਰੱਕੀ ਵਾ਼ਲਾ ਸ਼ਹਿਰ ਹੈ, ਪਰ ਏਸ ਦੀ ਤਰੱਕੀ ਪਿੱਛੇ ਛੁਪਿਆਂ ਹੋਇਆਂ ਹੈ ਮਜਦੂਰਾਂ ਦੇ ਥਕੇਵੇਂ ਨਾ਼ਲ ਮੁਰਜਾਏ ਚਿਹਰੇ, ਕਿਵੇਂ ਉਹ ਦਿਨ ਰਾਤ ਉਹਨਾਂ ਸਰਮਾਏਦਾਰਾਂ ਦੀਆਂ ਫੈਕਟਰੀਆਂ 'ਚ ਆਪਣੇ ਆਪ ਨੂੰ ਝੋਕਦੇ ਹਨ ਜਿਨ੍ਹਾਂ ਨੇ ਨਾ ਤੇ ਕਦੇ ਉਨਾਂ ਦੀ ਮਿਹਨਤ ਦਾ ਪੂਰਾ ਮੁੱਲ ਤਾਰਿਆ ਤੇ ਨਾ ਹੀ ਉਨ੍ਹਾਂ ਨਾਲ ਚੰਗਾ ਸਲੂਕ ਕਰਦੇ ਹਨ।

ਅਸੀਂ ਏਸ ਮੁਹਿੰਮ ਦੌਰਾਨ ਰੋਜਾਨਾ ਹੀ ਮਜਦੂਰ ਬਸਤੀਆਂ 'ਚ ਜਾਂਦੇ ਸਾਂ, ਕਈ-ਕਈ ਵਾਰ ਤਾਂ ਅਸੀਂ ਮਜਦੂਰਾਂ ਦੇ ਘਰ ਰੋਟੀ ਵੀ ਖਾਧੀ। ਓਹਨਾਂ ਦੇ ਘਰ ਬੇਸ਼ੱਕ ਛੋਟੇ ਨੇ ਪਰ ਦਿਲ ਵੱਡੇ ਨੇ, ਉਹ ਸਾਨੂੰ ਆਵਦੇ ਘਰ ਰੋਟੀ ਖਵਾਕੇ ਬਹੁਤ ਖੁਸ਼ ਹੁੰਦੇ, ਤੇ ਉਥੋਂ ਦੇ ਹਲਾਤ ਦੇਖ ਕੇ ਪਹਿਲਾਂ ਤਾਂ ਮੈਂ ਓਸ ਝੂਠੇ 'ਧੁੰਦ ਦੇ ਬੱਦਲ' ਜੀਹਨੂੰ ਲੋਕ ਰੱਬ ਕਹਿੰਦੇ ਆ ਨੂੰ ਕੋਸਦਾ ਅਤੇ ਫਿਰ ਉਹਨਾਂ ਫੈਕਟਰੀਆਂ ਦੇ ਮਾਲਕਾਂ ਨੂੰ ਜਿੱਥੇ ਏਹ ਮਜਦੂਰ ਹੱਡ ਤੋੜਵੀਂ ਮਿਹਨਤ ਕਰਦੇ ਨੇ।

ਇਹਨਾਂ ਮਜਦੂਰ ਵਿਹੜਿਆਂ ਦੇ ਹਲਾਤ ਪੜ੍ਹੇ, ਸੁਣੇ ਤੋਂ ਕਿਤੇ ਜਿਆਦਾ ਬਦਤਰ ਨੇ, ਮੈਂ ਦੇਖਿਆ ਕਿ ਕਿਵੇਂ ਇੱਕ-ਇੱਕ ਕਮਰੇ 'ਚ ਛੇ-ਛੇ, ਸੱਤ-ਸੱਤ ਮਜਦੂਰ ਇਕੱਠੇ ਰਹਿ ਰਹੇ ਨੇ, ਉੱਥੇ ਈ ਉਹ ਖਾਣਾ ਬਣਾਉਂਦੇ ਹਨ ਅਤੇ ਨਾ ਤਾਂ ਓਥੇ ਕੋਈ ਹਵਾ-ਪਾਣੀ ਦਾ ਚੰਗਾ ਪ੍ਰਬੰਧ ਹੈ ਸਗੋਂ ਨਹਾਉਣ ਤੇ ਮਲ-ਨਿਕਾਸ ਲਈ ਪੂਰੇ ਦੇ ਪੂਰੇ ਵਿਹੜੇ ਕੋ਼ਲ ਇੱਕੋ ਜਗ੍ਹਾ ਹੁੰਦੀ ਹੈ, ਜਿਸ ਕਾਰਨ ਉੱਥੇ ਵਧੇਰੇ ਬਿਮਾਰੀਆਂ ਏਸੇ ਕਰਕੇ ਹੀ ਫੈਲਦੀਆਂ ਹਨ। ਉਹਨਾਂ ਵਿਹੜਿਆਂ ਦੇ ਮਾਲਕ ਮਜਦੂਰਾਂ ਤੋਂ ਕਿਰਾਇਆ ਤਾਂ ਵੱਧ ਵਸੂਲਦੇ ਹੀ ਹਨ ਸਗੋਂ ਬਿਜਲੀ ਦੀ ਖਪਤ ਦੀ ਵੀ ਦੁੱਗਣੀ ਵਸੂਲੀ ਕਰਦੇ ਹਨ।

ਓਹਨੀਂ ਦਿਨੀਂ ਓਥੇ ਗਿਆਸਪੁਰਾ ਨਾਮੀ ਇਲਾਕੇ 'ਚ ਇਕ ਘਟਨਾ ਵਾਪਰੀ। ਪਤਾ ਲੱਗਾ ਕਿ ਕਿਸੇ ਫੈਕਟਰੀ ਕਾਰਨ ਸੀਵਰੇਜ 'ਚੋਂ ਗੈਸ ਲੀਕ ਹੋਣ ਕਰਕੇ ਕਿੰਨੇ ਹੀ ਮਜਦੂਰਾਂ ਔਰਤਾਂ ਅਤੇ ਬੱਚਿਆ ਦੀ ਮੌਤ ਹੋ ਗਈ। ਜਿਹੜੀ ਫੈਕਟਰੀ ਇਸ ਗੈਸ ਲੀਕ ਲਈ ਜ਼ਿੰਮੇਵਾਰ ਸੀ ਉਹ ਰਿਹਾਇਸ਼ੀ ਇਲਾਕੇ ਵਿੱਚ ਸੀ। ਹਵਾ ਨਾ਼ਲ ਗੈਸ ਬਹੁਤ ਸਾਰੇ ਘਰਾਂ 'ਚ ਚਲੀ ਗਈ ਜਿਸ ਕਾਰਨ ਔਰਤਾਂ ਅਤੇ ਬੱਚਿਆਂ ਦੀ ਮੌਤ ਹੋ ਗਈ।

ਪ੍ਰਸ਼ਾਸਨ ਜਾਂ ਫੈਕਟਰੀ ਮਾਲਕਾਂ ਵੱਲੋਂ ਵੀ ਮਜਦੂਰਾਂ ਦੀਆਂ ਸਿਹਤ ਸਹੂਲਤਾਂ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਤੇ ਨਾ ਹੀ ਮਜਦੂਰਾਂ ਦੇ ਬੱਚਿਆਂ ਦੀ ਪੜ੍ਹਾਈ ਵੱਲ। ਕਿਤੇ ਕਿਤੇ ਮੈਨੂੰ ਲਗਦਾ ਹੈ ਕਿ ਸ਼ਾਇਦ ਏਸ ਲਈ ਮਜਦੂਰ ਜਮਾਤ ਦੇ ਬੱਚਿਆਂ ਨੂੰ ਪੜ੍ਹਾਈ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ ਕਿਉਂਕਿ ਭਵਿੱਖ ਵਿੱਚ ਪੜ੍ਹ-ਲਿਖ ਕੇ ਉਹ ਆਪਣੇ ਹੱਕਾਂ ਲਈ ਅਵਾਜ ਨਾ ਬੁਲੰਦ ਕਰ ਸਕਣ, ਜੇਕਰ ਏਹ ਪੜ੍ਹਾਈ ਤੋਂ ਵਾਂਝੇ ਰਹਿਣਗੇ ਤਾਂ ਹੀ ਕਾਰਖਾਨਿਆਂ 'ਚ ਗੁਲਾਮ ਬਣ ਕੇ ਕੰਮ ਕਰਨਗੇ।

ਹੁਣ ਵੀ ਬਹੁਤ ਵਿਹੜਿਆਂ 'ਚ ਬਾਲ ਮਜਦੂਰੀ ਹੋ ਰਹੀ ਹੈ। ਮੈਂ ਖੁਦ ਦੇਖਿਆ ਛੋਟੇ-ਛੋਟੇ ਬੱਚਿਆਂ ਨੂੰ ਮਜਦੂਰੀ ਕਰਦੇ, ਕੁੱਝ ਫੈਕਟਰੀਆਂ ਵਿਹੜਿਆਂ 'ਚ ਵੀ ਸਮਾਨ ਮੁਹੱਈਆ ਕਰ ਦਿੰਦੀਆਂ ਨੇ, ਉਹ ਬੱਚੇ ਗੋ਼ਲ ਤਾਰਾਂ 'ਤੇ ਰੱਸੀ ਬੰਨ੍ਹ ਰਹੇ ਸੀ। ਪੁੱਛਣ 'ਤੇ ਪਤਾ ਲੱਗਾ ਕਿ ਸਵੇਰ ਤੋਂ ਸ਼ਾਮ ਤੱਕ ਲਗਾਤਾਰ ਕੰਮ ਕਰਨ 'ਤੇ ਬੱਚਿਆਂ ਨੂੰ ਸੌ ਕੁ ਰੁਪਈਆ ਦਿੱਤਾ ਜਾਂਦਾ ਹੈ।

ਇਕ ਹੋਰ ਨਾ਼ਲ ਵਾ਼ਲੇ ਵਿਹੜੇ 'ਚ ਦੇਖਿਆ, ਹਲਾਤ ਤਾਂ ਭਾਵੇਂ ਓਵੇ ਹੀ ਸਨ ਪਰ ਉੱਥੇ ਇਕ ਲੜਕੀ ਜੋ ਖੁਦ ਬਾਰ੍ਹਵੀਂ ਜਮਾਤ 'ਚ ਪੜ੍ਹਦੀ ਸੀ, ਉੱਥੇ ਬੱਚਿਆਂ ਨੂੰ ਪੜ੍ਹਾ ਰਹੀ ਸੀ। ਇਹ ਬਹੁਤ ਵਧੀਆ ਸੋਚ ਹੈ ਉਹ ਆਪ ਵੀ ਪੜ੍ਹਦੀ ਆ ਤੇ ਹੋਰਨਾਂ ਬੱਚਿਆਂ ਨੂੰ ਵੀ ਸਿੱਖਿਆ ਦੇ ਰਾਹ ਪਾਉਦੀ ਹੈ। ਇਸੇ ਤਰ੍ਹਾਂ ਨਵੀਂ ਸਵੇਰ ਪਾਠਸ਼ਾਲਾ ਨਾਮੀ ਸੰਸਥਾ ਵੱਲੋਂ ਲਾਇਬ੍ਰੇਰੀਆਂ ਬਣਾਈਆਂ ਹੋਈਆਂ ਹਨ ਤੇ ਉਹ ਬੱਚਿਆਂ ਨੂੰ ਟਿਉਸ਼ਨਾਂ ਵੀ ਪੜ੍ਹਾਉਂਦੇ ਹਨ।

ਅਸੀਂ ਦੇਖਿਆ ਵਿਹੜਿਆਂ ਦੇ ਬਾਹਰ ਫੈਕਟਰੀਆਂ ਦੀ ਰਹਿੰਦ-ਖੂੰਹਦ ਜਿਵੇਂ ਕਿ ਗੰਦਾ ਪਾਣੀ ਅਤੇ ਸਵਾਹ ਆਦਿ ਸਰ੍ਹੇਆਮ ਸੁੱਟੀ ਜਾਂਦੀ ਹੈ ਉੱਥੇ ਕੋਈ ਰੋਕ-ਟੋਕ ਨਹੀਂ, ਪ੍ਰਸ਼ਾਸਨ ਵੀ ਅੰਨ੍ਹਾ ਹੈ ਜਾਂ ਫਿਰ ਸਰਮਾਏਦਾਰਾਂ ਦਾ ਪੱਖੀ ਹੈ ਜੋ ਏਨਾ ਖਿਲਾਫ ਕੋਈ ਕਾਰਵਾਈ ਨਹੀਂ ਕਰਦਾ। ਬੱਚੇ ਅਕਸਰ ਵਿਹੜਿਆਂ ਦੇ ਬਾਹਰ ਉਸ ਸਵਾਹ 'ਚ ਖੇਡਦੇ ਹਨ ਤੇ ਅਨੇਕਾਂ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਸਫਾਈ ਤਾਂ ਕੀ ਕਰਕੇ ਦੇਣੀ ਸਗੋਂ ਹੋਰ ਗੰਦਗੀ ਫੈਲਾ ਰਹੇ ਨੇ।

ਮਜਦੂਰ ਵਿਹੜਿਆਂ 'ਚ ਗਲੀਆਂ ਨਾਲੀਆਂ ਦਾ ਬਹੁਤ ਮਾੜਾ ਹਾਲ ਹੈ। ਲਗਦਾ ਨਗਰ ਨਿਗਮ ਵਾ਼ਲੇ ਵੀ ਇੱਧਰ ਆ ਕੇ ਅੰਨ੍ਹੇ ਹੋ ਜਾਂਦੇ ਨੇ, ਉੱਥੋਂ ਦੇ ਹਲਾਤ ਦੇਖ ਕੇ ਤਾਂ ਇੰਝ ਲੱਗਦਾ ਕਿ ਕੋਈ ਵੀ ਇਹਨਾਂ ਦੀ ਮਦਦ ਲਈ ਹਾਜਰ ਨਹੀਂ, ਨਾ ਪ੍ਰਸ਼ਾਸਨ ਤੇ ਨਾ ਹੀ ਉਹ ਫੈਕਟਰੀਆਂ ਦੇ ਮਾਲਕ ਜਿਹਨਾਂ ਲਈ ਮਜਦੂਰ ਏਨਾ ਕੰਮ ਕਰਦੇ ਨੇ, ਸਭ ਗੂੰਗੇ-ਬੋਲੇ ਬਣੇ ਬੈਠੇ ਨੇ।

ਇਹਨਾਂ ਨੂੰ ਜਗਾਉਣ ਲਈ ਮਜਦੂਰ ਜਮਾਤ ਨੂੰ ਖੁਦ ਜਾਗਣ ਦੀ ਬਹੁਤ ਜਰੂਰਤ ਹੈ, ਏਸੇ ਲਈ ਮਜਦੂਰ ਦਿਹਾੜੇ 'ਤੇ ਮਜਦੂਰਾਂ ਵਿੱਚ ਮੁਹਿੰਮ ਚਲਾਈ ਗਈ ਇਸ ਦੌਰਾਨ ਮਜਦੂਰਾਂ ਨੂੰ ਜਥੇਬੰਦੀਆਂ ਦਾ ਹਿੱਸਾ ਬਣਨ ਜਾਂ ਖੁਦ ਜਥੇਬੰਦੀਆਂ ਉਸਾਰਨ ਲਈ ਪ੍ਰੇਰਿਤ ਕੀਤਾ ਗਿਆ।

ਅਸੀਂ ਹਰ ਰੋਜ ਅਲੱਗ-ਅਲੱਗ ਥਾਂਵਾਂ 'ਤੇ ਜਾ ਪ੍ਰਚਾਰ ਕਰਦੇ ਤੇ ਮਈ ਦਿਹਾੜੇ ਦੇ ਉਲੀਕੇ ਪ੍ਰੋਗਰਾਮ ਦਾ ਮਜਦੂਰਾਂ 'ਚ ਪਰਚਾ ਵੀ ਵੰਡਦੇ। ਪਰਚੇ 'ਚ ਮਜਦੂਰ ਦਿਹਾੜੇ ਦੇ ਇਤਿਹਾਸ ਬਾਰੇ ਛਾਪਿਆ ਹੋਇਆ ਸੀ ਤਾਂ ਜੋ ਮਜਦੂਰ ਆਪਣੇ ਬੀਤੇ ਵਕਤ ਦੀਆਂ ਕੁਰਬਾਨੀਆਂ ਤੋਂ ਜਾਣੂ ਹੋ ਸਕਣ।

ਅਸੀਂ ਜਿਆਦਾਤਰ ਪ੍ਰਚਾਰ ਸਵੇਰ ਤੇ ਸ਼ਾਮ ਵੇਲੇ ਹੀ ਕਰਦੇ ਸੀ ਕਿਉਂਕਿ ਉਸ ਵੇਲੇ ਮਜਦੂਰਾਂ ਦਾ ਫੈਕਟਰੀ ਆਉਣ ਜਾਣ ਦਾ ਵਕਤ ਹੁੰਦਾ, ਸਵੇਰ ਵੇਲੇ ਜਦ ਮਜਦੂਰ ਫੈਕਟਰੀਆਂ 'ਚ ਕੰਮ 'ਤੇ ਜਾਂਦੇ ਤਾਂ ਸਾਰੀ ਸੜਕ 'ਤੇ ਹਜਾਰਾਂ ਦੀ ਗਿਣਤੀ 'ਚ ਮਜਦੂਰ ਦੇਖਣ ਨੂੰ ਮਿ਼ਲਦੇ।

ਮੁਹਿੰਮ ਦੇ ਅਖੀਰਲੇ ਦਿਨ ਜਮਾਲਪੁਰ ਚੌਂਕ ਨੇੜੇ ਇੱਕ ਧਰਮਸ਼ਾਲਾ ਵਿੱਚ ਪ੍ਰੋਗਰਾਮ ਕੀਤਾ ਗਿਆ ਜਿਸਦੀਆਂ ਤਿਆਰੀਆਂ ਅਸੀਂ ਖੁਦ ਕੀਤੀਆਂ ਸਨ, ਇਸ ਵਿੱਚ ਵੱਖ-ਵੱਖ ਜਥੇਬੰਦੀਆਂ ਅਤੇ ਵੱਖ-ਵੱਖ ਕਾਰਖਾਨਿਆਂ ਦੇ ਮਜਦੂਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ, ਪ੍ਰੋਗਰਾਮ ਦੌਰਾਨ ਭਾਸ਼ਣ, ਗੀਤ, ਨਾਟਕ ਅਤੇ ਮਾਰਚ ਵੀ ਕੱਢਿਆਂ ਗਿਆ, ਮਾਰਚ ਦੌਰਾਨ ਸਾਰੇ ਸਾਥੀ ਪੂਰੇ ਜੋਸ਼ ਵਿੱਚ ਸਨ ਤੇ ਉਮੀਦ ਕਰਦਾ ਹਾਂ ਸਾਰੇ ਏਸੇ ਜੋਸ਼ ਨਾ਼ਲ ਲੋਕਾਂ ਦੇ ਹੱਕਾਂ ਲਈ ਅਵਾਜਾਂ ਬੁਲੰਦ ਕਰਦੇ ਰਹਿਣਗੇ...

**ਲੇਖਕ :- ਜਸ਼ਨ**

**ਪੇਸ਼ਕਸ਼ :- ਸਤਨਾਮ ਸਿੰਘ ਸਹੂੰਗੜਾ**

# ਟਮਾਟਰਾਂ ਨੇ ਬਦਲੀ ਕਿਸਾਨ ਦੀ ਕਿਸਮਤ, 45 ਦਿਨਾਂ 'ਚ ਕਮਾਏ 4 ਕਰੋੜ

**ਨਵੀਂ ਦਿੱਲੀ-** ਦੇਸ਼ ਵਿੱਚ ਟਮਾਟਰਾਂ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ, ਉੱਥੇ ਹੀ ਦੂਜੇ ਪਾਸੇ ਕਈ ਕਿਸਾਨ ਇਸ ਨੂੰ ਵੇਚ ਕੇ ਮਾਲੋ-ਮਾਲ ਹੋ ਰਹੇ ਹਨ। ਇੱਥੋਂ ਤੱਕ ਕਿ ਕਈ ਕਿਸਾਨਾਂ ਦੇ ਕਰੋੜਪਤੀ ਬਣਨ ਦੀਆਂ ਖਬਰਾਂ ਵੀ ਆਈਆਂ ਹਨ। ਅਜਿਹਾ ਹੀ ਇੱਕ ਮਾਮਲਾ ਹੁਣ ਆਂਧਰਾ ਪ੍ਰਦੇਸ਼ ਤੋਂ ਸਾਹਮਣੇ ਆਇਆ ਹੈ। 48 ਸਾਲਾ ਮੁਰਲੀ ਆਂਧਰਾ ਪ੍ਰਦੇਸ਼ ਦੇ ਚਿਤੂਰ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਉਸ ਨੇ ਸੋਚਿਆ ਹੀ ਨਹੀਂ ਹੋਵੇਗਾ ਕਿ ਟਮਾਟਰ ਦੀ ਖੇਤੀ ਉਸ ਦੀ ਕਿਸਮਤ ਬਦਲ ਦੇਵੇਗੀ। ਟੀਓਆਈ ਦੇ ਅਨੁਸਾਰ ਮੁਰਲੀ ਨੇ ਸਿਰਫ ਡੇਢ ਮਹੀਨੇ



ਵਿੱਚ 4 ਕਰੋੜ ਰੁਪਏ ਕਮਾ ਲਏ ਹਨ, ਜਿਸ ਨਾਲ ਉਸ ਦੀ ਜ਼ਿੰਦਗੀ ਬਦਲ ਗਈ ਹੈ। ਉਹ ਕੋਲਾਰ ਵਿੱਚ ਆਪਣੇ ਟਮਾਟਰ ਵੇਚਣ ਲਈ 130 ਕਿਲੋਮੀਟਰ ਤੋਂ ਵੱਧ ਦਾ ਸਫ਼ਰ ਸਿਰਫ਼ ਇਸ ਲਈ ਕਰ ਰਿਹਾ ਹੈ ਕਿਉਂਕਿ ਏਪੀਐਮਸੀ (ਫ਼ਸਲ ਮੰਡੀ) ਇੱਥੇ ਚੰਗੀ ਕੀਮਤ ਦਿੰਦੀ ਹੈ। ਉਸ ਨੇ ਦੱਸਿਆ ਕਿ ਉਹ ਪਿਛਲੇ ਅੱਠ ਸਾਲਾਂ ਤੋਂ ਟਮਾਟਰ ਦੀ ਖੇਤੀ ਕਰ ਰਿਹਾ ਹੈ ਪਰ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਟਮਾਟਰ ਤੋਂ ਇੰਨੀ ਵੱਡੀ ਆਮਦਨ ਹੋ ਸਕਦੀ ਹੈ।

ਮੁਰਲੀ ਦੇ ਸਾਂਝੇ ਪਰਿਵਾਰ ਨੂੰ ਕਰਕਮੰਡਲਾ ਪਿੰਡ ਵਿੱਚ 12 ਏਕੜ ਜ਼ਮੀਨ ਵਿਰਾਸਤ ਵਿੱਚ ਮਿਲੀ ਸੀ, ਜਦੋਂ ਕਿ ਉਨ੍ਹਾਂ ਨੇ ਕੁਝ ਸਾਲ ਪਹਿਲਾਂ 10 ਏਕੜ ਹੋਰ ਖਰੀਦੀ ਸੀ। ਦਰਅਸਲ ਪਿਛਲੇ ਸਾਲ ਜੁਲਾਈ 'ਚ ਕੀਮਤਾਂ 'ਚ ਗਿਰਾਵਟ ਕਾਰਨ ਉਨ੍ਹਾਂ ਦੇ ਪਰਿਵਾਰ ਨੂੰ ਭਾਰੀ ਨੁਕਸਾਨ ਹੋਇਆ ਸੀ। ਉਸ 'ਤੇ 1.5 ਕਰੋੜ ਰੁਪਏ ਦਾ ਕਰਜ਼ਾ ਸੀ। ਉਸ ਨੇ ਦੱਸਿਆ ਕਿ ਇਸ ਸਾਲ ਫਸਲ ਦੀ ਚੰਗੀ ਕਿਸਮ ਹੈ। ਮੁਰਲੀ, ਜਿਸ ਦਾ ਬੇਟਾ ਇੰਜੀਨੀਅਰਿੰਗ ਕਰ ਰਿਹਾ ਹੈ ਅਤੇ ਬੇਟੀ ਮੈਡੀਕਲ ਕਰ ਰਹੀ ਹੈ, ਨੇ ਕਿਹਾ ਕਿ ਉਹ 45 ਦਿਨਾਂ ਵਿੱਚ 4 ਕਰੋੜ ਰੁਪਏ ਕਮਾਉਣ ਵਿੱਚ ਕਾਮਯਾਬ ਰਿਹਾ ਹੈ। ਹੁਣ ਉਹ ਜ਼ਮੀਨ 'ਤੇ ਪੈਸਾ ਲਗਾ ਕੇ ਅਤੇ ਆਧੁਨਿਕ ਤਕਨੀਕ ਦੀ ਵਰਤੋਂ ਕਰਕੇ ਵੱਡੇ ਪੱਧਰ 'ਤੇ ਬਾਗਬਾਨੀ ਕਰਨ ਦੀ ਯੋਜਨਾ ਬਣਾ ਰਿਹਾ ਹੈ। ਉਹ ਆਪਣੇ ਕੰਮਕਾਜ ਨੂੰ ਵਧਾਉਣ ਲਈ ਆਪਣੇ ਪਿੰਡ ਵਿੱਚ ਲਗਭਗ 20 ਏਕੜ ਜ਼ਮੀਨ ਖਰੀਦਣ ਦੀ ਵੀ ਯੋਜਨਾ ਬਣਾ ਰਿਹਾ ਹੈ।

# ਪਾਕਿਸਤਾਨ ਨੂੰ ਭੁੱਖਮਰੀ ਮਾਮਲੇ ਵਿਚ ਮਿਲਿਆ 99ਵਾਂ ਸਥਾਨ

**ਇਸਲਾਮਾਬਾਦ-** ਪਾਕਿਸਤਾਨ ਵਿੱਚ ਅਸਮਾਨ ਛੂਹ ਰਹੀ ਮਹਿੰਗਾਈ ਕਾਰਨ 90 ਫੀਸਦੀ ਲੋਕਾਂ ਨੇ ਆਪਣਾ ਭੋਜਨ ਖਾਣਾ ਘਟਾ ਦਿੱਤਾ ਹੈ। ਨਕਦੀ ਦੀ ਕਿੱਲਤ ਨਾਲ ਜੂਝ ਰਹੇ ਪਾਕਿਸਤਾਨ 'ਚ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਰਾਸ਼ਨ ਵੰਡ ਕੇਂਦਰਾਂ ਦੀ ਸਥਿਤੀ ਲੁੱਟ-ਖੋਹ ਅਤੇ ਲੜਾਈ-ਝਗੜੇ ਵਾਲੀ ਬਣ ਰਹੀ ਹੈ। ਹਾਲ ਹੀ ਵਿੱਚ ਇੱਕ ਕੇਂਦਰ ਵਿੱਚ ਭਗਦੜ ਵਿੱਚ 16 ਲੋਕ ਮਾਰੇ ਗਏ ਸਨ। ਇਸ ਦੇ ਨਾਲ ਹੀ ਕਈ



ਥਾਵਾਂ 'ਤੇ ਆਟੇ ਦੀਆਂ ਬੋਰੀਆਂ ਨਾਲ ਭਰੇ ਟਰੱਕ ਲੁੱਟੇ ਗਏ। ਗਲੋਬਲ ਹੰਗਰ ਇੰਡੈਕਸ (2022) 'ਚ ਪਾਕਿਸਤਾਨ ਨੂੰ 121 ਦੇਸ਼ਾਂ 'ਚੋਂ 99ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਮੰਗਲਵਾਰ ਨੂੰ ਇਸਲਾਮਾਬਾਦ 'ਚ ਜਾਰੀ ਕੀਤੀ ਗਈ ਰਿਪੋਰਟ 'ਚ ਦੱਸਿਆ ਗਿਆ ਕਿ ਦੇਸ਼ ਦਾ ਸਕੋਰ 2006 'ਚ 38.1 ਤੋਂ ਘੱਟ ਕੇ 2022 'ਚ 26.1 'ਤੇ ਆ ਗਿਆ ਹੈ, ਜਿਸ ਦਾ ਮਤਲਬ ਹੈ ਕਿ 16 ਸਾਲ ਪਹਿਲਾਂ ਪਾਕਿਸਤਾਨ ਦੀ ਸਥਿਤੀ ਕਾਫੀ ਬਿਹਤਰ ਸੀ। ਮਹਾਮਾਰੀ ਅਤੇ ਹੜ੍ਹਾਂ ਤੋਂ ਬਾਅਦ ਪਾਕਿਸਤਾਨ ਕਈ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ।

ਡਾਨ ਦੀ ਰਿਪੋਰਟ ਅਨੁਸਾਰ ਜਲਵਾਯੂ ਤਬਦੀਲੀ ਅਤੇ ਕੋਰੋਨਾ ਮਹਾਮਾਰੀ ਵਰਗੇ ਵਿਸ਼ਵਵਿਆਪੀ ਸੰਕਟਾਂ ਕਾਰਨ ਪਾਕਿਸਤਾਨ ਨਕਦੀ ਦੀ ਕਿੱਲਤ ਦਾ ਸਾਹਮਣਾ ਕਰ ਰਿਹਾ ਹੈ। ਰਿਪੋਰਟਾਂ ਨੇ ਦਿਖਾਇਆ ਹੈ ਕਿ 2021 ਵਿੱਚ ਲਗਭਗ 828 ਮਿਲੀਅਨ ਲੋਕ ਭੁੱਖਮਰੀ ਤੋਂ ਪੀੜਤ ਸਨ। ਅੰਕੜਿਆਂ ਮੁਤਾਬਕ 2030 ਤੱਕ ਪਾਕਿਸਤਾਨ ਸਮੇਤ 46 ਦੇਸ਼ਾਂ ਵਿੱਚ ਭੁੱਖਮਰੀ ਹੋਰ ਵਧ ਸਕਦੀ ਹੈ। ਪਾਕਿਸਤਾਨ ਸਮੇਤ ਦੱਖਣੀ ਏਸ਼ੀਆ ਭੁੱਖਮਰੀ ਦੇ ਸਭ ਤੋਂ ਉੱਚੇ ਪੱਧਰ ਵਾਲੇ ਖੇਤਰ ਵਜੋਂ ਮੁੜ ਉੱਭਰਿਆ ਹੈ, ਜਿਸ ਵਿਚ ਬੱਚਿਆਂ ਦੇ ਕਮਜ਼ੋਰ ਹੋਣ ਦੀ ਦਰ ਵੱਧ ਗਈ ਹੈ। 2022 ਦੇ ਗਲੋਬਲ ਹੰਗਰ ਇੰਡੈਕਸ ਵਿੱਚ ਪਾਕਿਸਤਾਨ 121 ਦੇਸ਼ਾਂ ਵਿੱਚੋਂ 99ਵੇਂ ਸਥਾਨ 'ਤੇ ਹੈ। 26.1 ਦੇ ਸਕੋਰ ਦੇ ਨਾਲ, ਪਾਕਿਸਤਾਨ ਦੇ ਭੁੱਖਮਰੀ ਦੇ ਪੱਧਰ ਨੂੰ "ਗੰਭੀਰ" ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ, ਜੋ ਦੇਸ਼ ਵਿੱਚ ਭੋਜਨ ਪਦਾਰਥਾਂ ਦੀ ਫੌਰੀ ਲੋੜ ਨੂੰ ਦਰਸਾਉਂਦਾ ਹੈ।

# ਪੋਤਰੀ ਸੀਰਤ ਦੇ 'ਪੀ.ਟੀ.ਸੀ' ਨੂੰ ਝਿੜਕੇ !

ਢਾਡੀ ਦਿਲਬਰ ਸਾਹਿਬ ਸੂਰਮੇਂ ਸ਼ਹੀਦਾਂ ਦੇ ਇਤਹਾਸਿਕ ਪ੍ਰਸੰਗ ਸੁਣਾਉਂਦਿਆਂ ਉਨ੍ਹਾਂ ਦੀਆਂ ਮਾਵਾਂ ਦੇ ਮਹਾਨ ਯੋਗਦਾਨ ਦੀਆਂ ਮਿਸਾਲਾਂ ਦੱਸਣ ਦੇ ਨਾਲ ਨਾਲ ਅਜੋਕੀਆਂ ਮਾਵਾਂ ਬਾਰੇ ਵਿਅੰਗ-ਮਈ ਟੋਟਕੇ ਵੀ ਸੁਣਾ ਦਿਆ ਕਰਦੇ ਸਨ।

ਉਹ ਕਹਿਣਾ ਕਿ ਸਾਡੇ ਸਮਿਆਂ ਦੇ ਬੱਚੇ ਮਹਾਨ ਕਿੰਦਾਂ ਬਣਨ ਜਦਕਿ ਉਨ੍ਹਾਂ ਨੂੰ ਬਚਪਨ ਵਿੱਚ ਹੀ 'ਮਾਊਂ ਬਿੱਲੇ' ਤੋਂ ਡਰਾਇਆ ਜਾਂਦਾ ਹੈ! ਉਨ੍ਹਾਂ ਕਹਿਣਾ ਕਿ ਵਿਚਾਰੀਆਂ ਬੇਵੱਸ ਪਤਨੀਆਂ ਆਪਣੇ ਪਤੀਆਂ ਦੇ ਰੋਹਬ-ਦਾਬ ਮੋਹਰੇ ਉਂਜ ਤਾਂ ਕੁਸਕ ਨਾ ਸਕਦੀਆਂ ਪਰ ਉਹ ਆਪਣੇ ਨਿੱਕੇ ਬੱਚਿਆਂ ਦੇ ਆਨੇ-ਬਹਾਨੇ ਘਰ ਵਾ਼ਲੇ ਨੂੰ ਹਲਕੇ ਜਿਹੇ ਦਬਕੇ ਮਾਰ ਕੇ ਦਿਲ ਰਾਜੀ ਕਰ ਲੈਂਦੀਆਂ!



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਜਿਵੇਂ, ਜਦ ਰੋ ਰਹੇ ਜਾਂ ਕੋਈ ਜ਼ਿਦ ਕਰਦੇ ਛੋਟੇ ਬੱਚੇ ਨੂੰ ਚੁੱਪ ਕਰਾਉਣ ਲਈ ਕਹਿੰਦੀਆਂ ਨੇ ਕਿ ਉਏ 'ਮਾਊਂ ਬਿੱਲਾ' ਆਇਆ ਈ ਚੁੱਪ ਕਰਜਾ ? ਤਦ ਲਾਗੇ ਈ ਖੜ੍ਹੇ-ਬੈਠੇ ਆਪਣੇ ਘਰ ਵਾ਼ਲੇ ਵੱਲ੍ਹ ਫਰਜ਼ੀ ਗੁੱਸੇ ਨਾਲ ਮੁੱਕਾ ਵੱਟ ਕੇ ਕਹਿੰਦੀਆਂ ਨੇ-

'ਖਲੋ ਜਾ ਮਾਊਂ-ਬਿੱਲਿਆ, ਤੇਰੇ ਮਾਰੀਏ ਇੱਕ ਡੰਡਾ ! ਜਾਹ ਦਫਾ ਹੋ ਜਾ ਦਾਦੇ ਮਗੌਣਿਆਂ!! ...... ਕਾਕਾ ਤਾਂ ਸ਼ਾਡਾ ਬੀਬਾ ਰਾਣਾ ਐਂ !!!'

ਸ਼ਾਇਦ ਇਸੇ ਪੈਟਰਨ 'ਤੇ ਚੱਲਦਿਆਂ ਮੇਰੀ ਘਰ ਵਾ਼ਲੀ ਨੇ ਸਾਡੀ ਸਾਲ ਕੁ ਦੀ ਪੋਤਰੀ ਸੀਰਤ ਨੂੰ ਸਿਖਾ਼ਲ ਦਿੱਤਾ ਅਖੇ ਆਪਣੇ ਬਾਬਾ ਜੀ ਨੂੰ 'ਹੱਪ-ਹੱਪ'.....'ਹੱਤ-ਹੱਤ' ਕਰਕੇ ਝਿੜਕਾ ਮਾਰਿਆ ਕਰ ! ਮਾਸੂਮ ਸੀਰਤ ਜਦ ਮੌਜ ਵਿੱਚ ਆਉਂਦੀ ਐ ਤਾਂ ਦਾਦੀ ਦੀ ਸਿੱਖੀ-ਸਿਖਾਈ ਮੈਨੂੰ 'ਹੱਪ-ਹੱਪ...ਹੱਤ-ਹੱਤ' ਕਰਨ ਲੱਗ ਜਾਂਦੀ ਐ !

ਇੱਕ ਦਿਨ ਫੁੱਲ ਭਰ ਪੋਤਰੀ ਨੇ ਸਾਨੂੰ ਸਭ ਨੂੰ ਹੈਰਾਨ ਕਰ ਦਿੱਤਾ! ਅਸੀਂ ਸ੍ਰੀ ਦਰਬਾਰ ਸਾਹਬ ਤੋਂ ਕੀਰਤਨ ਸੁਣ ਰਹੇ ਸਾਂ! ਉਹ ਟੇਬਲ ਫੜ ਕੇ ਬੜੇ ਗੌਰ ਨਾਲ ਟੀ.ਵੀ ਦੀ ਸਕਰੀਨ ਵੱਲ੍ਹ ਦੇਖ ਰਹੀ ਸੀ। ਕਿਉਂ ਕਿ ਮੈਂ ਅਕਸਰ ਨੀਲੀ ਪੱਗ ਜਾਂ ਘਰੇ ਵੀ ਨੀਲਾ-ਕਾ਼ਲਾ ਸਾਫਾ ਬੰਨ੍ਹ ਕੇ ਰੱਖਦਾ ਹਾਂ ਇਸ ਕਰਕੇ ਉਹ ਖੜ੍ਹੀ ਖੜ੍ਹੀ ਰਾਗੀਆਂ ਵੱਲ੍ਹ ਦੇਖਦੀ ਹੋਈ ਉਨ੍ਹਾਂ ਨੂੰ ਮੇਰੇ ਭੁਲੇਖੇ 'ਹੱਪ-ਹੱਪ' ਕਰਕੇ ਝਿੜਕੇ ਜਿਹੇ ਮਾਰ ਰਹੀ ਸੀ !

ਮੈਂ ਆਪਣੀ ਘਰ ਵਾ਼ਲੀ ਵੱਲ੍ਹ ਦੇਖਿਆ ਤਾਂ ਉਹ ਮੁਸ਼ਕੜੀਏਂ ਹੱਸਦੀ ਹੋਈ ਕਹਿੰਦੀ-"ਖੌਰੇ ਇਹ ਵੀ ਤੁਹਾਡੇ ਵਾਂਗ ਹੀ 'ਪੀ.ਟੀ.ਸੀ' ਨੂੰ ਦਬਕੇ ਮਾਰਦੀ ਆ !"

## ਕਾਵਿ ਵਿਅੰਗ

## ਨਾਹਰੇ ਹੋਰ ਤੇ ਕਾਰੇ ਹੋਰ !

ਨਾਹਰੇ ਹੋਰ ਤੇ ਕਾਰੇ ਹੋਰ !
ਚੁਣੀ ਹੋਈ ਸਰਕਾਰ ਬੇਵੱਸ ਕਰ'ਤੀ
ਰਾਜਪਾਲ ਨੂੰ ਸਿਰ ਬਹਾਉਂਦਿਆਂ ਨੇ।
ਪਾਈਆਂ ਵੰਡੀਆਂ ਧਰਮੀਆਂ ਵਿੱਚ ਦੇਖੋ
ਇੱਕ ਧਰਮ ਦੇ 'ਖਾਸ' ਸਦਾਉਂਦਿਆਂ ਨੇ।
ਉਮਰ ਕੈਦੀ ਨੂੰ ਬਖਸ਼ੇ 'ਪੈਰੋਲ ਗੱਫੇ'
ਬਲਾਤਕਾਰੀ ਨਾਲ ਹੇਜ ਜਤਾਉਂਦਿਆਂ ਨੇ।
ਸੁਣੀ ਇੱਕ ਨਹੀਂ ਕੁੜੀਆਂ ਭਲਵਾਨਣਾ ਦੀ
ਗੁੰਡੇ ਲੀਡਰਾਂ ਤਾਈਂ ਬਚਾਉਂਦਿਆਂ ਨੇ।
ਕੰਡੇ ਬੀਜਣੇ ਪਤਾ ਨਹੀਂ ਹੋਰ ਕੀ ਕੀ
'ਚੌਵੀ' ਲਈ ਮਾਹੌਲ ਬਣਾਉਂਦਿਆਂ ਨੇ।
ਇੱਜਤ ਰੋ਼ਲ'ਤੀ ਧੀਆਂ ਧਿਆਣੀਆਂ ਦੀ
ਨਾਹਰੇ 'ਬੇਟੀ ਬਚਾਉ' ਦੇ ਲਾਉਂਦਿਆਂ ਨੇ !

**-ਤਰਲੋਚਨ ਸਿੰਘ ਦੁਪਾਲ ਪੁਰ**

**001-408-915-1268**

# ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਖ਼ਤਰੇ ਦੀ ਘੰਟੀ : ਬਗਾਵਤੀ ਸੁਰਾਂ ਉਠਣ ਲੱਗੀਆਂ



ਉਜਾਗਰ ਸਿੰਘ
91-94178 13072

ਸ਼੍ਰੋਮਣੀ ਅਕਾਲੀ ਦਲ ਬਾਦਲ ਆਪਣੀ ਖੁਸੀ ਜ਼ਮੀਨ ਨੂੰ ਮੁੜ ਪ੍ਰਾਪਤ ਕਰਨ ਦੀ ਥਾਂ ਅਕਾਲੀ ਦਲ ਦੇ ਕੇਡਰ ਵਿੱਚ ਅਨਿਸਚਤਤਾ ਦਾ ਮਾਹੌਲ ਪੈਦਾ ਕਰ ਰਿਹਾ ਹੈ। ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਨਾਲੋਂ ਨਰਾਜ਼ ਹੋ ਕੇ ਹੋਰ ਪਾਰਟੀਆਂ ਵਿੱਚ ਗਏ ਨੇਤਾਵਾਂ ਨੂੰ ਵਾਪਸ ਮੁੱਖ ਧਾਰਾ ਵਿੱਚ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਉਹ ਤਾਂ ਸਗੋਂ ਜਿਹੜੇ ਨੇਤਾ ਪਾਰਟੀ ਵਿੱਚ ਪਹਿਲਾਂ ਹੀ ਅਸੰਤੁਸ਼ਟ ਬੈਠੇ ਹਨ, ਉਨ੍ਹਾਂ ਨੂੰ ਹੋਰ ਨਰਾਜ਼ ਕਰਨ ਦੀ ਕੋਈ ਕਸਰ ਨਹੀਂ ਛੱਡ ਰਿਹਾ। ਇਸਤਰੀ ਅਕਾਲੀ ਦਲ ਦੇ ਟਕਸਾਲੀ ਨੇਤਾਵਾਂ ਨੂੰ ਅਣਡਿਠ ਕਰਕੇ ਇਕ ਆਂਗਨਵਾੜੀ ਨੇਤਾ ਨੂੰ ਪਾਰਟੀ ਵਿੱਚ ਸ਼ਾਮਲ ਕਰਦਿਆਂ ਹੀ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬਣਾ ਦਿੱਤਾ ਹੈ। ਇਸਤਰੀ ਅਕਾਲੀ ਦਲ ਦੀਆਂ ਟਕਸਾਲੀ ਨੇਤਾਵਾਂ ਵਿੱਚ ਘੁਸਰ ਮੁਸਰ ਹੋਣਾ ਕੁਦਰਤੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਖ਼ਤਰੇ ਦੀ ਘੰਟੀ ਵੱਜ ਗਈ ਹੈ ਕਿਉਂਕਿ ਪਾਰਟੀ ਵਿੱਚ ਬਗਾਬਤੀ ਸੁਰਾਂ ਉਠਣ ਲੱਗੀਆਂ ਹਨ। ਤਾਜਾ ਘਟਨਾਕਰਮ ਅਨੁਸਾਰ ਇਸਤਰੀ ਅਕਾਲੀ ਦਲ ਦੀਆਂ 25 ਟਕਸਾਲੀ ਆਗੂਆਂ ਨੇ ਸਾਂਝੇ ਤੌਰ ਤੇ ਆਪਣੇ ਅਸਤੀਫ਼ੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭੇਜਕੇ ਅਕਾਲੀ ਦਲ ਲਈ ਗੰਭੀਰ ਸੰਕਟ ਖੜ੍ਹਾ ਕਰ ਦਿੱਤਾ ਹੈ। ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲੀ ਦਲ ਦੇ ਕਮਜ਼ੋਰ ਹੋ ਜਾਣ ਤੋਂ ਬਾਅਦ ਦੂਜੀਆਂ ਪਾਰਟੀਆਂ ਦੇ ਅਜਿਹੇ ਨੇਤਾ ਤੇ ਵਰਕਰ ਸ਼ਾਮਲ ਕੀਤੇ ਜਾ ਰਹੇ ਹਨ, ਜਿਹੜੇ ਅਕਾਲੀ ਦਲ ਦੀ ਵਿਚਾਰਧਾਰਾ ਬਾਰੇ ਅਣਜਾਣ ਹਨ। ਇਸ ਕਰਕੇ ਟਕਸਾਲੀ ਨੇਤਾਵਾਂ ਅਤੇ ਵਰਕਰਾਂ ਨੂੰ ਘੁਟਨ ਮਹਿਸੂਸ ਹੋਣ ਲੱਗ ਪਈ ਹੈ। ਟਕਸਾਲੀਆਂ ਨੂੰ ਆਪਣਾ ਸਿਆਸੀ ਕੈਰੀਅਰ ਖ਼ਤਮ ਹੁੰਦਾ ਦਿਸ ਰਿਹਾ ਹੈ। ਦਿਨ-ਬਦਿਨ ਅਕਾਲੀ ਦਲ ਨੂੰ ਖ਼ੋਰਾ ਲੱਗ ਰਿਹਾ ਹੈ। ਬੀਬੀ ਹਰਗੋਬਿੰਦ ਕੌਰ ਜੋ ਲੰਬੇ ਸਮੇਂ ਤੋਂ ਖੱਬੇ ਪੱਖੀ ਪਾਰਟੀਆਂ ਨਾਲ ਜੁੜੇ ਹੋਏ ਹਨ ਅਤੇ ਪੰਜਾਬ ਦੀਆਂ ਆਂਗਨਵਾੜੀ ਮਹਿਲਾਵਾਂ ਦੇ ਪ੍ਰਧਾਨ ਵਜੋਂ ਕਾਰਜਸ਼ੀਲ ਹਨ, ਉਸ ਨੂੰ ਚੰਡੀਗੜ੍ਹ ਵਿਖੇ ਆਂਗਨਵਾੜੀ ਮਹਿਲਾਵਾਂ ਦੀ ਇਕ ਮੀਟਿੰਗ ਕਰਕੇ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਕਰ ਲਿਆ। ਇਥੇ ਹੀ ਬਸ ਨਹੀਂ ਸਗੋਂ ਉਸ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਪ੍ਰਧਾਨ ਬਣਾ ਦਿੱਤਾ ਗਿਆ ਹੈ। ਬੀਬੀ ਹਰਗੋਬਿੰਦ ਕੌਰ ਨੂੰ ਇਸਤਰੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਪ੍ਰਧਾਨ ਬਣਾਉਣ ਨਾਲ ਇਸਤਰੀ ਅਕਾਲੀ ਦਲ ਦੀਆਂ ਟਕਸਾਲੀ ਆਗੂਆਂ ਵਿੱਚ ਨਿਰਾਸ਼ਾ ਪੈਦਾ ਹੋ ਗਈ। ਉਨ੍ਹਾਂ ਤੁਰੰਤ ਮੋਹਾਲੀ ਦੇ ਅੰਬ ਸਾਹਿਬ ਗੁਰਦੁਆਰਾ ਸਾਹਿਬ ਵਿੱਚ ਬੀਬੀ ਪਰਮਜੀਤ ਕੌਰ ਲਾਂਡਰਾਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੋਹਾਲੀ ਦੀ ਪ੍ਰਧਾਨਗੀ ਵਿੱਚ ਇੱਕ ਐਮਰਜੈਂਸੀ ਮੀਟਿੰਗ ਕੀਤੀ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀਆਂ ਸੀਨੀਅਰ ਟਕਸਾਲੀ ਵਰਤਮਾਨ ਅਤੇ ਸਾਬਕਾ ਸਟੇਟ ਪ੍ਰਧਾਨ, ਜਿਲ੍ਹਾ ਪ੍ਰਧਾਨ ਅਤੇ ਵਿਧਾਨਕਾਰ 25 ਬੀਬੀਆਂ ਸ਼ਾਮਲ ਹੋਈਆਂ। ਉਨ੍ਹਾਂ ਨੇ ਆਪਣੇ ਸਮੂਹਿਕ ਅਸਤੀਫ਼ੇ ਸੁਖਬੀਰ ਸਿੰਘ ਬਾਦਲ ਨੂੰ ਭੇਜਦਿਆਂ ਕਿਹਾ ਹੈ ਕਿ ਉਹ ਨਵੇਂ ਆਗੂਆਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਸਵਾਗਤ ਕਰਦੀਆਂ ਹਨ ਪ੍ਰੰਤੂ ਨਵੇਂ ਆਗੂ ਨੂੰ ਟਕਸਾਲੀ ਬੀਬੀਆਂ ਤੋਂ ਅੱਗੇ ਪ੍ਰਧਾਨਗੀ ਦੀ ਕੁਰਸੀ 'ਤੇ ਬਿਠਾਉਣ ਦੇ ਵਿਰੁੱਧ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਅਕਾਲੀ ਦਲ ਦੀ ਵਿਚਾਰਧਾਰਾ ਅਤੇ ਪਰੰਪਰਾ ਤੋਂ ਉਲਟ ਕੰਮ ਹੋ ਰਿਹਾ ਹੈ। ਬੀਬੀ ਹਰਗੋਬਿੰਦ ਕੌਰ ਦਾ ਪਾਰਟੀ ਦੀ ਵਿਚਾਰਧਾਰਾ ਨਾਲ ਕੋਈ ਦੂਰ ਦਾ ਵੀ ਸੰਬੰਧ ਨਹੀਂ। ਇਸ ਤੋਂ ਪਹਿਲਾਂ ਵੀ ਪਾਰਟੀ ਵਿੱਚ ਅਜਿਹੀਆਂ ਗ਼ਲਤੀਆਂ ਹੋਈਆਂ ਹਨ, ਜਿਸ ਕਰਕੇ ਪਾਰਟੀ ਵਿੱਚ ਨਮੋਸ਼ੀ ਪੈਦਾ ਹੁੰਦੀ ਰਹੀ ਅਤੇ ਖੋਰਾ ਲਗਦਾ ਆ ਰਿਹਾ ਹੈ। ਬੀਬੀ ਹਰਗੋਬਿੰਦ ਕੌਰ ਦੇ ਪ੍ਰਧਾਨ ਬਣਨ ਨਾਲ ਅਕਾਲੀ ਦਲ ਬਾਦਲ ਵਿੱਚ ਪਹਿਲਾਂ ਹੀ ਚਲ ਰਿਹਾ ਅਸੰਤੋਸ਼ ਹੋਰ ਵੱਧ ਜਾਵੇਗਾ। ਪਾਰਟੀ ਦੇ ਸੀਨੀਅਰ ਨੇਤਾਵਾਂ ਵਿੱਚ ਘੁਸਰ ਮੁਸਰ ਸ਼ੁਰੂ ਹੋ ਗਈ ਹੈ। ਉਹ ਇਸਤਰੀਆਂ ਦੀ ਇਸ ਬਗਾਬਤ ਨੂੰ ਪਾਰਟੀ ਲਈ ਘਾਤਕ ਸਮਝ ਰਹੇ ਹਨ, ਕਿਉਂਕਿ ਜਿਸ ਪਾਰਟੀ ਦੀਆਂ ਇਸਤਰੀਆਂ ਨਿਰਾਸ਼ਾ ਦੇ ਆਲਮ ਵਿੱਚ ਹੋਣਗੀਆਂ ਉਹ ਪਾਰਟੀ ਸਥਿਰ ਨਹੀਂ ਹੋ ਸਕਦੀ। ਇਸਤਰੀਆਂ ਪੰਜਾਬ ਦੀ ਕੁਲ ਵਸੋਂ ਦਾ ਅੱਧਾ ਹਿੱਸਾ ਹਨ। ਜੇਕਰ ਇਸਤਰੀਆਂ ਪਾਰਟੀ ਤੋਂ ਦੂਰ ਹੋ ਗਈਆਂ ਅਕਾਲੀ ਦਲ ਲਈ ਸਿਆਸਤ ਵਿੱਚ ਸਫਲਤਾ ਪ੍ਰਾਪਤ ਕਰਨੀ ਮੁਸ਼ਕਲ ਹੋ ਜਾਵੇਗੀ ਕਿਉਂਕਿ ਅਕਾਲੀ ਦਲ ਬਾਦਲ ਵਿੱਚ ਇਸਤਰੀਆਂ ਦੀ ਗਿਣਤੀ ਪਹਿਲਾਂ ਹੀ ਘੱਟ ਹੈ। ਅਕਾਲੀ ਦਲ ਬਾਦਲ ਤਾਂ ਪਹਿਲਾਂ ਹੀ ਲੋਕਾਂ ਤੋਂ ਦੂਰ ਹੋ ਚੁੱਕਿਆ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪ੍ਰਮੁਖ ਸਿਆਸੀ ਪਾਰਟੀ ਕਹਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਵਿਧਾਨ ਸਭਾ ਦੀਆਂ ਸਿਰਫ ਤਿੰਨ ਸੀਟਾਂ ਹੀ ਜਿੱਤ ਸਕਿਆ ਹੈ।



ਪਰਕਾਸ਼ ਸਿੰਘ ਬਾਦਲ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਤਾਂ ਪਾਰਟੀ ਵਿੱਚ ਮੌਕਾਪ੍ਰਸਤ ਅਤੇ ਚਾਪਲੂਸ ਭਾਰੂ ਪੈ ਗਏ ਹਨ, ਜਿਸ ਕਰਕੇ ਪਾਰਟੀ ਵਿੱਚ ਨਿਘਾਰ ਆ ਗਿਆ ਹੈ। ਸੁਖਬੀਰ ਸਿੰਘ ਬਾਦਲ ਦੀਆਂ ਆਪ ਹੁਦਰੀਆਂ ਨੀਤੀਆਂ ਅਤੇ ਚਾਪਲੂਸਾਂ ਦੇ ਘੇਰੇ ਵਿੱਚ ਰਹਿਣ ਕਰਕੇ ਨੇਤਾ ਅਤੇ ਵਰਕਰ ਪਾਰਟੀ ਤੋਂ ਪੈਰ ਪਿਛੇ ਖਿਚਣ ਲੱਗ ਗਏ ਹਨ। ਸੁਖਬੀਰ ਸਿੰਘ ਬਾਦਲ ਹਰ ਫ਼ੈਸਲਾ ਪਾਰਟੀ ਦੇ ਨੇਤਾਵਾਂ ਨੂੰ ਭਰੋਸੇ ਵਿੱਚ ਲੈਣ ਦੀ ਥਾਂ ਮਨਮਾਨੀਆਂ ਕਰ ਰਹੇ ਹਨ। ਪੰਥਕ ਪਾਰਟੀ ਦਾ ਮੁੱਖੀ ਪਹਿਲੀ ਵਾਰ ਪੰਥਕ ਦਿਖ ਅਤੇ ਪੰਥਕ ਸੋਚ ਤੋਂ ਕੋਹਾਂ ਦੂਰ ਹੈ। ਉਹ ਪਾਰਟੀ ਨੂੰ ਇਕ ਪ੍ਰਾਈਵੇਟ ਵਿਓਪਾਰਕ ਅਦਾਰੇ ਦੀ ਤਰ੍ਹਾਂ ਚਲਾ ਰਹੇ ਹਨ। ਜਦੋਂ ਤੋਂ ਸੁਖਬੀਰ ਸਿੰਘ ਬਾਦਲ ਪਰਕਾਸ਼ ਸਿੰਘ ਬਾਦਲ ਦੀ ਵਜ਼ਾਰਤ ਵਿੱਚ ਉਪ ਮੁੱਖ ਮੰਤਰੀ ਸ਼ਾਮਲ ਹੋਏ ਸਨ, ਉਦੋਂ ਤੋਂ ਹੀ ਪਾਰਟੀ ਗੰਭੀਰ ਸੰਕਟ ਵਿੱਚ ਜਾਣ ਲੱਗ ਪਈ ਸੀ। ਸਤੰਬਰ 2015 ਵਿੱਚ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਡੇਰਾ ਸੱਚਾ ਸੌਦਾ ਦੇ ਮੁੱਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਮਾਫੀ ਦੇਣ ਤੋਂ ਬਾਅਦ ਅਕਾਲੀ ਦਲ ਬਾਦਲ ਵਿੱਚ ਖਲਬਲੀ ਮੱਚ ਗਈ ਸੀ। ਉਸ ਸਮੇਂ ਅਕਾਲੀ ਦਲ ਦਾ ਵੱਡੇ ਪੱਧਰ 'ਤੇ ਵਿਰੋਧ ਹੋਇਆ ਸੀ ਕਿਉਂਕਿ ਪੰਜਾਬ ਦੇ ਲੋਕ ਅਕਾਲ ਤਖ਼ਤ ਦੇ ਇਸ ਫ਼ੈਸਲੇ ਪਿਛੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਦਾ ਹੱਥ ਸਮਝਦੇ ਸਨ। ਇਸ ਫ਼ੈਸਲੇ ਨੂੰ ਜਾਇਜ਼ ਠਹਿਰਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਖ਼ਬਾਰਾਂ ਵਿੱਚ ਇਸ਼ਤਿਹਾਰ ਵੀ ਦਿੱਤੇ ਗਏ ਸਨ। ਅਕਾਲੀ ਨੇਤਾਵਾਂ ਦਾ ਇਕ ਮਹੀਨਾ ਪਿੰਡਾਂ ਵਿੱਚ ਵੜਨਾ ਅਸੰਭਵ ਹੋ ਗਿਆ ਸੀ। ਭਾਵੇਂ ਬਾਅਦ ਵਿੱਚ ਉਹ ਫ਼ੈਸਲਾ ਵਾਪਸ ਲੈ ਲਿਆ ਸੀ ਪ੍ਰੰਤੂ ਉਸ ਤੋਂ ਬਾਅਦ ਅਕਾਲੀ ਦਲ ਦਾ ਅਕਸ ਖ਼ਰਾਬ ਹੋ ਕੇ ਗਿਰਦਾ ਹੀ ਗਿਆ ਸੀ। ਅਕਾਲੀ ਦਲ ਦੇ ਵਰਕਰ ਪਾਰਟੀ ਤੋਂ ਖਫਾ ਹੋ ਕੇ ਦੂਰ ਹੋ ਗਏ ਸਨ। ਉਸ ਤੋਂ ਬਾਅਦ ਲਗਾਤਾਰ ਅਕਾਲੀ ਲੀਡਰਸ਼ਿਪ ਵੱਲੋਂ ਗ਼ਲਤੀਆਂ ਤੇ ਗ਼ਲਤੀਆਂ ਹੋ ਰਹੀਆਂ ਹਨ।

ਇਸੇ ਸਿਲਸਲੇ ਵਿੱਚ ਸ਼ਰੋਮਣੀ ਅਕਾਲੀ ਦਲ ਬਾਦਲ ਦੇ ਸਿਤਾਰੇ ਪਿਛਲੇ 4 ਸਾਲਾਂ ਤੋਂ ਗਰਦਸ਼ ਵਿੱਚ ਹਨ। 2019 ਵਿੱਚ ਮਾਝੇ ਦੇ ਜਰਨੈਲ ਕਹੇ ਜਾਂਦੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਸੀਨੀਅਰ ਉਪ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਪਾਰਟੀ ਵਿਰੋਧੀ ਸਰਗਰਮੀਆਂ ਦਾ ਨਾਮ ਦੇ ਕੇ ਅਕਾਲੀ ਦਲ ਵਿੱਚੋਂ ਕੱਢ ਦਿੱਤਾ ਗਿਆ ਸੀ। ਉਸ ਤੋਂ ਬਾਅਦ ਅਕਤੂਬਰ 2019 ਵਿੱਚ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਅਕਾਲੀ ਦਲ ਛੱਡ ਗਏ। ਨਵੰਬਰ 2022 ਵਿੱਚ ਪਾਰਟੀ ਵਿਰੋਧੀ ਕਾਰਵਾਈਆਂ ਕਰਕੇ ਬੀਬੀ ਜਾਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲੀ ਦਲ ਬਾਦਲ ਵਿੱਚੋਂ ਕੱਢ ਦਿੱਤਾ ਗਿਆ। ਸ਼ਰੋਮਣੀ ਅਕਾਲੀ ਦਲ ਦੇ ਟਕਸਾਲੀ ਦਿਗਜ਼ ਨੇਤਾਵਾਂ ਜਿਨ੍ਹਾਂ ਵਿੱਚ ਜਥੇਦਾਰ ਮੋਹਣ ਸਿੰਘ ਤੁੜ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਕੈਪਟਨ ਕੰਵਲਜੀਤ ਸਿੰਘ, ਜਸਦੇਵ ਸਿੰਘ ਸੰਧੂ, ਸੁਰਜਨ ਸਿੰਘ ਠੇਕੇਦਾਰ ਅਤੇ ਧੰਨਾ ਸਿੰਘ ਗੁਲਸ਼ਨ ਦੇ ਪਰਿਵਾਰਾਂ ਨੂੰ ਬਾਦਲ ਪਰਿਵਾਰ ਨੇ ਅਣਡਿਠ ਕੀਤਾ ਤੇ ਫਿਰ ਨਿਰਾਸ਼ਾ ਵਿੱਚ ਉਹ ਪਰਿਵਾਰ ਅਕਾਲੀ ਦਲ ਤੋਂ ਅਸਤੀਫ਼ੇ ਦੇ ਗਏ। ਮਾਸਟਰ ਤਾਰਾ ਸਿੰਘ ਦੇ ਪਰਿਵਾਰ ਨੂੰ ਪਾਰਟੀ ਵਿੱਚ ਅਣਡਿਠ ਕੀਤਾ ਜਾ ਰਿਹਾ ਹੈ।

ਇਸ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਲਗਾਤਾਰ ਖ਼ੋਰਾ ਲਗਦਾ ਰਿਹਾ ਜੋ ਅਜੇ ਤੱਕ ਵੀ ਜ਼ਾਰੀ ਹੈ। ਸੁਖਬੀਰ ਸਿੰਘ ਬਾਦਲ ਦੀਆਂ ਨੀਤੀਆਂ ਅਤੇ ਉਨ੍ਹਾਂ ਦੀ ਕਾਰਜਸ਼ੈਲੀ ਤੋਂ ਅਕਾਲੀ ਨੇਤਾ ਅਤੇ ਵਰਕਰ ਨਾਖ਼ੁਸ਼ ਹਨ।

ਸ਼੍ਰੋਮਣੀ ਅਕਾਲੀ ਦਲ ਸਿੱਖ ਜਗਤ ਦੀ ਸਿਰਮੌਰ ਸੰਸਥਾ ਹੈ। ਅਕਾਲੀ ਦਲ ਦਾ ਇਤਿਹਾਸ ਜਦੋਜਹਿਦ ਅਤੇ ਕੁਰਬਾਨੀਆਂ ਨਾਲ ਸਿੰਜਿਆ ਹੋਇਆ ਹੈ। ਇਸ ਪਾਰਟੀ ਨੂੰ ਝੁਜਾਰੂਆਂ ਦੀ ਪ੍ਰਤੀਨਿਧ ਪਾਰਟੀ ਕਿਹਾ ਜਾਂਦਾ ਹੈ। ਦੇਸ਼ ਦੀ ਆਜ਼ਾਦੀ ਵਿੱਚ ਇਸ ਪਾਰਟੀ ਦੇ ਪਰਵਾਨਿਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸ਼ਹੀਦੀਆਂ ਪ੍ਰਾਪਤ ਕਰਨ ਵਾਲਿਆਂ ਵਿੱਚ ਬੀਬੀ ਗੁਲਾਬ ਕੌਰ ਵਰਗੀਆਂ ਵੀਰਾਂਗਣਾ ਵੀ ਸਨ। ਭਾਵ ਅਕਾਲੀ ਵਿੱਚ ਬੀਬੀਆਂ ਦਾ ਯੋਗਦਾਨ ਹਮੇਸ਼ਾ ਮਹੱਤਵਪੂਰਨ ਰਿਹਾ ਹੈ। 1920 ਵਿੱਚ ਅਕਾਲੀ ਦਲ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਹੋਂਦ ਵਿੱਚ ਆਇਆ ਸੀ।

ਪ੍ਰੰਤੂ ਬਾਅਦ ਵਿੱਚ ਇਸ ਨੂੰ ਰਾਜਨੀਤਕ ਪਾਰਟੀ ਬਣਾਇਆ ਗਿਆ। ਅਕਾਲੀ ਦਲ ਨੂੰ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਲਈ ਅਨੇਕ ਵਾਰ ਧਰਨੇ ਅਤੇ ਅੰਦੋਲਨ ਕਰਨੇ ਪਏ। ਇਥੋਂ ਤੱਕ ਕਿ ਪੰਜਾਬੀ ਸੂਬਾ ਵੀ ਸ਼ਰੋਮਣੀ ਅਕਾਲੀ ਦਲ ਦੀ ਲੰਬੀ ਜਦੋਜਹਿਦ ਤੋਂ ਬਾਅਦ ਬਣਿਆਂ ਸੀ। ਭਾਵੇਂ ਪੰਜਾਬ ਵਿੱਚ ਬਹੁਤਾ ਸਮਾਂ ਕਾਂਗਰਸ ਪਾਰਟੀ ਰਾਜ ਕਰਦੀ ਰਹੀ ਪ੍ਰੰਤੂ ਅਕਾਲੀ ਦਲ ਦਾ ਯੋਗਦਾਨ ਵੀ ਘੱਟ ਨਹੀਂ ਸੀ। ਪਰਕਾਸ਼ ਸਿੰਘ ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਅਕਾਲੀ ਦਲ ਨੂੰ ਸਿਆਸੀ ਤਾਕਤ ਵਿੱਚ ਲਿਆਉਣ ਲਈ ਇਸਤਰੀਆਂ ਦੇ ਯੋਗਦਾਨ ਨੂੰ ਅਣਡਿਠ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀ ਆਬਾਦੀ ਦਾ ਅੱਧਾ ਹਿੱਸਾ ਇਸਤਰੀਆਂ ਹਨ। ਜੇਕਰ ਇਹ ਅੱਧਾ ਹਿੱਸਾ ਕਿਸੇ ਸਿਆਸੀ ਪਾਰਟੀ ਤੋਂ ਮੁੱਖ ਮੋੜ ਲੈਣ ਤਾਂ ਉਸ ਪਾਰਟੀ ਦਾ ਅਸਤਿਤਵ ਖ਼ਤਰੇ ਵਿੱਚ ਪੈ ਸਕਦਾ ਹੈ। ਇਸਤਰੀਆਂ ਦੀ ਬਗਾਬਤ ਤੋਂ ਬਾਅਦ ਵੇਖੋ ਅਕਾਲੀ ਦਲ ਦਾ ਭਵਿਖ ਕੌਣ ਤਹਿ ਕਰੇਗਾ।

# ਨਵੇਂ ਸਾਲ ਤੋਂ ਪਾਕਿ ਬਾਰਡਰ ਤਕ ਸਾਈਕਲ ਟ੍ਰੈਕ ਹੋਵੇਗਾ ਮੁਕੰਮਲ

**ਚੰਡੀਗੜ੍ਹ-** ਅਟਾਰੀ 'ਤੇ ਬੀਟਿੰਗ ਦ ਰਿਟਰੀਟ ਸਮਾਰੋਹ ਕਾਰਨ ਨੈਸ਼ਨਲ ਹਾਈਵੇ-3 'ਤੇ ਪਿਛਲੇ ਸਮੇਂ ਦੌਰਾਨ ਟ੍ਰੈਫਿਕ ਦੀ ਆਵਾਜਾਈ ਕਾਫ਼ੀ ਵਧ ਗਈ ਹੈ। ਅਜਿਹੇ ਵਿਚ ਸਾਈਕਲ ਚਲਾਉਣ ਵਾਲਿਆਂ ਲਈ ਵਾਹਨਾਂ ਕਾਰਨ ਹਾਦਸੇ ਦੀਆਂ ਸੰਭਾਵਨਾਵਾਂ ਵਧੀਆਂ ਹਨ। ਇਸ ਗੱਲ ਨੂੰ ਵੇਖਦੇ ਹੋਏ ਨੈਸ਼ਨਲ ਹਾਈਵੇ ਅਥਾਰਟੀ ਨੇ ਆਪਣੇ ਅਧਿਕਾਰ ਖੇਤਰ ਵਿਚ ਆਉਣ ਵਾਲੀ ਜ਼ਮੀਨ 'ਤੇ ਸਾਈਕਲ ਟ੍ਰੈਕ ਬਣਾਉਣ ਦੀ ਪਹਿਲ ਕੀਤੀ ਹੈ। ਅੰਮ੍ਰਿਤਸਰ ਦੀ ਰਾਮਤੀਰਥ ਸੜਕ ਤੋਂ ਛੇਤੀ ਹੀ ਸਾਈਕਲ ਟ੍ਰੈਕ ਦੇ ਜ਼ਰੀਏ ਪਾਕਿਸਤਾਨ ਬਾਰਡਰ ਤਕ ਦਾ ਸਫਰ ਤੈਅ ਹੋ ਸਕੇਗਾ। ਤਕਰੀਬਨ 24 ਕਿਲੋਮੀਟਰ ਦੇ ਇਸ ਸਾਈਕਲ ਟ੍ਰੈਕ ਨੂੰ ਵਾਤਾਵਰਣ ਮੰਤਰਾਲਾ ਨੇ ਹਰੀ ਝੰਡੀ ਦੇ ਦਿੱਤੀ ਹੈ। ਅਗਸਤ ਮਹੀਨੇ ਦੇ ਅੰਤ ਤਕ ਇਸ ਸਾਈਕਲ ਟ੍ਰੈਕ ਦਾ ਨਿਰਮਾਣ ਕਾਰਜ ਚਾਲੂ ਕਰ ਦਿੱਤਾ ਜਾਵੇਗਾ। ਕੋਸ਼ਿਸ਼ ਹੈ ਕਿ ਨਵੇਂ ਸਾਲ ਤਕ ਇਸ ਟ੍ਰੈਕ ਨੂੰ ਮੁਕੰਮਲ ਕਰ ਦਿੱਤਾ ਜਾਵੇ। ਪੰਜਾਬ ਦਾ ਇਹ ਪਹਿਲਾ ਸਾਈਕਲ ਟ੍ਰੈਕ ਹੈ, ਜਿਸਨੂੰ ਨੈਸ਼ਨਲ ਹਾਈਵੇ ਅਥਾਰਟੀ ਵਲੋਂ ਬਣਾਇਆ ਜਾਵੇਗਾ। ਸੜਕ ਸੁਰੱਖਿਆ ਕਾਰਜ ਤਹਿਤ ਅਮਲ ਵਿਚ ਲਿਆਂਦੀ ਜਾਣ ਵਾਲੀ ਇਸ ਯੋਜਨਾ ਦਾ ਮੁੱਖ ਮਕਸਦ ਸਥਾਨਕ ਬਾਸ਼ਿੰਦਿਆਂ ਅਤੇ ਸੈਲਾਨੀਆਂ ਨੂੰ ਪਾਕਿਸਤਾਨ ਬਾਰਡਰ ਤੱਕ ਸੁਰੱਖਿਅਤ ਸਫਰ ਦੀ ਸਹੂਲਤ ਦੇਣਾ ਹੈ।

### 3.6 ਮੀਟਰ ਚੌੜਾ ਹੋਵੇਗਾ ਸਾਈਕਲ ਟ੍ਰੈਕ

24 ਕਿਲੋਮੀਟਰ ਲੰਬਾ ਇਹ ਸਾਈਕਲ ਟ੍ਰੈਕ ਤਕਰੀਬਨ 3.6 ਮੀਟਰ ਚੌੜਾ ਹੋਵੇਗਾ। ਰਾਮਤੀਰਥ ਪੁਲ ਤੋਂ ਅਟਾਰੀ ਬਾਰਡਰ ਤਕ ਇਸ ਟ੍ਰੈਕ 'ਤੇ ਕਈ ਛੋਟੇ ਪੁਲ ਅਤੇ ਪਾਈਪਾਂ ਵਾਲੀਆਂ ਕਈ ਪੁਲੀਆਂ ਦਾ ਇਸਤੇਮਾਲ ਕੀਤਾ ਜਾਵੇਗਾ, ਜਿਸ 'ਤੇ ਤਕਰੀਬਨ 5.65 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਅਧਿਕਾਰੀਆਂ ਦੀ ਮੰਨੀਏ ਤਾਂ ਨੈਸ਼ਨਲ ਹਾਈਵੇ ਅਥਾਰਟੀ ਦੇ ਖੇਤਰੀ ਦਫ਼ਤਰ ਨੇ ਇਸ ਯੋਜਨਾ 'ਤੇ ਤਕਰੀਬਨ 7-8 ਕਰੋੜ ਰੁਪਏ ਖਰਚ ਦਾ ਅਨੁਮਾਨ ਲਗਾਇਆ ਸੀ। ਯੋਜਨਾ ਲਈ ਨਿਰਮਾਣ ਕਾਰਜ ਨਾਲ ਜੁੜੀਆਂ ਏਜੰਸੀਆਂ ਤੋਂ ਅਰਜ਼ੀਆਂ ਮੰਗੀਆਂ ਗਈਆਂ ਸਨ, ਜਿਸ ਵਿਚ ਇਕ ਏਜੰਸੀ ਨੇ ਤਕਰੀਬਨ 5.65 ਕਰੋੜ ਰੁਪਏ ਦਾ ਕਾਂਟਰੈਕਟ ਪ੍ਰਾਈਸ ਦਿੱਤਾ। ਏਜੰਸੀ ਵਲੋਂ ਪ੍ਰਫਾਰਮੈਂਸ ਸਕਿਓਰਿਟੀ ਲੈ ਕੇ ਐਗਰੀਮੈਂਟ ਸਾਈਨ ਕਰ ਲਿਆ ਗਿਆ ਹੈ।

### 8.052 ਹੈਕਟੇਅਰ ਵਣ ਭੂਮੀ ਦਾ ਇਸਤੇਮਾਲ, ਡਿਫੈਂਸ ਇਲਾਕੇ ਦਾ ਰੱਖਿਆ ਗਿਆ ਖਾਸ ਖਿਆਲ

ਅਧਿਕਾਰੀਆਂ ਦੀ ਮੰਨੀਏ ਤਾਂ ਬੇਸ਼ੱਕ ਇਸ ਯੋਜਨਾ ਲਈ ਤਕਰੀਬਨ 8.052 ਹੈਕਟੇਅਰ ਵਣ ਭੂਮੀ ਦਾ ਇਸਤੇਮਾਲ ਹੋਵੇਗਾ ਪਰ ਘੱਟ ਤੋਂ ਘੱਟ ਦਰੱਖਤਾਂ ਦੀ ਕਟਾਈ ਹੋਵੇਗੀ। ਅਜਿਹਾ ਇਸ ਲਈ ਹੈ ਕਿਉਂਕਿ ਸਾਈਕਲ ਟ੍ਰੈਕ ਨੂੰ ਉਨ੍ਹਾਂ ਥਾਂਵਾਂ ਤੋਂ ਮੋੜ ਦਿੱਤਾ ਗਿਆ ਹੈ, ਜਿੱਥੇ ਰਾਹ ਵਿਚ ਦਰੱਖਤ ਆ ਰਹੇ ਹਨ। ਸਿਰਫ਼ ਉਨ੍ਹਾਂ ਦਰੱਖਤਾਂ ਦੀ ਕਟਾਈ ਸਬੰਧੀ ਮਨਜ਼ੂਰੀ ਲਈ ਗਈ ਹੈ, ਜਿਨ੍ਹਾਂ ਨੂੰ ਹਟਾਉਣਾ ਜ਼ਰੂਰੀ ਹੈ। ਇਸ ਤਹਿਤ ਤਕਰੀਬਨ 70-75 ਦਰੱਖਤਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਉੱਧਰ, ਡਿਫੈਂਸ ਇਲਾਕਾ ਹੋਣ ਕਾਰਨ ਸੁਰੱਖਿਆ ਵਿਚ ਕੋਈ ਭੁੱਲ ਨਾ ਹੋਣ ਦਾ ਵੀ ਖਾਸ ਧਿਆਨ ਰੱਖਿਆ ਗਿਆ ਹੈ। ਇਸ ਲਈ ਜਿੱਥੇ ਟ੍ਰੈਕ ਨੂੰ ਡਿਫੈਂਸ ਇਲਾਕੇ ਤੋਂ ਦੂਰੀ 'ਤੇ ਰੱਖਿਆ ਗਿਆ ਹ, ਉੱਥੇ ਹੀ, ਜਿੱਥੇ ਇਹ ਟ੍ਰੈਕ ਡਿਫੈਂਸ ਇਲਾਕੇ ਕੋਲੋਂ ਲੰਘ ਰਿਹਾ ਹੈ, ਉੱਥੇ ਸ਼ੀਲਡ ਲਗਾਉਣ ਦਾ ਪ੍ਰਸਤਾਵ ਹੈ, ਤਾਂ ਕਿ ਸਾਈਕਲ ਟ੍ਰੈਕ 'ਤੇ ਚੱਲਣ ਵਾਲੇ ਕਿਸੇ ਵੀ ਤਰ੍ਹਾਂ ਨਾਲ ਸੁਰੱਖਿਆ ਵਿਚ ਸੰਨ੍ਹ ਨਾ ਲਗਾ ਸਕਣ। ਇੱਥੋਂ ਤਕ ਕਿ ਸਾਈਕਲ ਟ੍ਰੈਕ 'ਤੇ ਲੰਘਣ ਵਾਲੇ ਡਿਫੈਂਸ ਇਲਾਕੇ ਵਿਚ ਦੇਖ ਵੀ ਨਹੀਂ ਸਕਣਗੇ।



### ਵਣ ਵਿਭਾਗ ਦੇ ਸੁਝਾਅ 'ਤੇ ਖੇਤਾਂ ਦੀ ਬਾਊਂਡਰੀ ਕੋਲੋਂ ਹੋ ਕੇ ਲੰਘੇਗਾ ਟ੍ਰੈਕ

ਇਸ ਯੋਜਨਾ ਲਈ ਪੰਜਾਬ ਵਣ ਵਿਭਾਗ ਨੇ ਵੀ ਵਣ ਖੇਤਰ ਨੂੰ ਘੱਟ ਤੋਂ ਘੱਟ ਪ੍ਰਭਾਵਿਤ ਕਰਨ ਸਬੰਧੀ ਕਈ ਸੁਝਾਅ ਦਿੱਤੇ ਸਨ। ਕਿਹਾ ਗਿਆ ਸੀ ਕਿ ਜੇਕਰ ਟ੍ਰੈਕ ਬਣਾਉਣਾ ਹੈ ਤਾਂ ਟ੍ਰੈਕ ਦੀ ਅਲਾਇਨਮੈਂਟ ਖੇਤਾਂ ਦੀ ਬਾਊਂਡਰੀ ਤੋਂ ਹੋਣੀ ਚਾਹੀਦੀ ਹੈ ਕਿਉਂਕਿ ਜੰਗਲ ਵਿਚੋਂ ਜੇਕਰ ਟ੍ਰੈਕ ਬਣਾਇਆ ਜਾਂਦਾ ਹੈ ਤਾਂ ਦੋਵੇਂ ਪਾਸੇ ਦਾ ਜੰਗਲ ਪ੍ਰਭਾਵਿਤ ਹੋਵੇਗਾ। ਇਸ ਕੜੀ ਵਿਚ ਕਈ ਜਗ੍ਹਾ ਪ੍ਰਾਜੈਕਟ ਸਾਈਟ ਦੀ ਫਾਈਲ ਵਿਚ ਕਈ ਜਗ੍ਹਾ ਗੈਪ ਨੂੰ ਦੂਰ ਕਰਨ ਦਾ ਸੁਝਾਅ ਦਿੱਤਾ ਗਿਆ ਸੀ, ਕਿਉਂਕਿ ਉਸ ਜਗ੍ਹਾ ਦਰੱਖਤ ਖੜ੍ਹੇ ਵਿਖਾਈ ਦੇ ਰਹੇ ਸਨ। ਇਸ ਆਧਾਰ 'ਤੇ ਨੈਸ਼ਨਲ ਹਾਈਵੇ ਅਥਾਰਟੀ ਨੇ ਨਾ ਸਿਰਫ਼ ਅਲਾਇਨਮੈਂਟ ਨੂੰ ਖੇਤਾਂ ਦੀ ਬਾਊਂਡਰੀ ਕੋਲੋਂ ਕੀਤਾ, ਸਗੋਂ ਉਨ੍ਹਾਂ ਥਾਂਵਾਂ 'ਤੇ ਸਾਈਕਲ ਟ੍ਰੈਕ ਨੂੰ ਮੋੜ ਦਿੱਤਾ, ਤਾਂ ਕਿ ਦਰੱਖਤ ਪ੍ਰਭਾਵਿਤ ਨਾ ਹੋਣ। ਬਕਾਇਦਾ ਵਣ ਵਿਭਾਗ ਦੇ ਅਧਿਕਾਰੀਆਂ ਵਲੋਂ ਮੌਕੇ ਦਾ ਮੁਆਇਨਾ ਕਰਵਾਇਆ ਗਿਆ। ਅਥਾਰਟੀ ਨੇ ਵਣ ਵਿਭਾਗ ਦੀਆਂ ਉਨ੍ਹਾਂ ਸਾਰੀਆਂ ਸ਼ਰਤਾਂ ਨੂੰ ਵੀ ਪੂਰਾ ਕਰਨ ਦਾ ਭਰੋਸਾ ਦਿੱਤਾ ਹੈ, ਜੋ ਦੱਸੀਆਂ ਗਈਆਂ ਹਨ।

### ਅਗਸਤ ਦੇ ਅੰਤ ਤਕ ਕੰਮ ਚਾਲੂ ਕਰ ਦਿੱਤਾ ਜਾਵੇਗਾ

ਸਾਈਕਲ ਟ੍ਰੈਕ ਪ੍ਰਾਜੈਕਟ ਨੂੰ ਵਾਤਾਵਰਣ ਮੰਤਰਾਲਾ ਨੇ ਸਟੇਜ ਵਨ ਦੀ ਮਨਜ਼ੂਰੀ ਦੇ ਦਿੱਤੀ ਹੈ। ਪੈਸੇ ਜਮ੍ਹਾ ਕਰਵਾਉਣ ਤੋਂ ਬਾਅਦ ਸਟੇਜ ਟੂ ਦੀ ਮਨਜ਼ੂਰੀ ਵੀ ਛੇਤੀ ਮਿਲ ਜਾਵੇਗੀ। ਪੰਜਾਬ ਵਿਚ ਨੈਸ਼ਨਲ ਹਾਈਵੇ ਅਥਾਰਟੀ ਦਾ ਸਾਈਕਲ ਟ੍ਰੈਕ ਵਾਲਾ ਇਹ ਪਹਿਲਾ ਪ੍ਰਾਜੈਕਟ ਹੈ। ਇਸ ਯੋਜਨਾ ਨੂੰ ਲੈ ਕੇ ਫੌਜ ਵਾਲੇ ਖੇਤਰ ਵਿਚ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟ ਕੀਤੀ ਗਈ ਸੀ, ਜਿਸ ਤੋਂ ਬਾਅਦ ਫੌਜ ਵਾਲੇ ਖੇਤਰ ਕੋਲ ਵਿਊ ਕਟਰ ਮਤਲਬ ਸਪੈਸ਼ਲ ਸ਼ੀਟਾਂ ਲਗਾਉਣ ਦੀ ਪਹਿਲ ਕੀਤੀ ਗਈ ਹੈ, ਤਾਂ ਕਿ ਸਾਈਕਲ ਟ੍ਰੈਕ 'ਤੇ ਚੱਲਣ ਵਾਲਾ ਫੌਜ ਦੇ ਇਲਾਕੇ ਵਿਚ ਦੇਖ ਨਾ ਸਕੇ। ਮੀਂਹ ਕਾਰਨ ਯੋਜਨਾ ਵਿਚ ਥੋੜ੍ਹੀ ਦੇਰ ਹੋਈ ਹੈ ਪਰ ਅਗਸਤ ਦੇ ਅੰਤ ਤਕ ਕੰਮ ਚਾਲੂ ਕਰ ਦਿੱਤਾ ਜਾਵੇਗਾ।

### ਬੀ. ਐੱਸ. ਐੱਫ. ਦੇ ਸਾਈਕਲ ਮਾਰਚ ਨਾਲ ਹੁਣ ਰਾਹ ਨਹੀਂ ਰੁਕੇਗਾ

ਅਧਿਕਾਰੀਆਂ ਦੀ ਮੰਨੀਏ ਤਾਂ ਇਸ ਸਾਈਕਲ ਟ੍ਰੈਕ ਦੇ ਨਿਰਮਾਣ ਨਾਲ ਬੀ. ਐੱਸ. ਐੱਫ. ਵਲੋਂ ਕੱਢੇ ਜਾਣ ਵਾਲੇ ਸਾਈਕਲ ਮਾਰਚ ਨੂੰ ਵੀ ਬਿਹਤਰ ਸਹੂਲਤ ਮਿਲੇਗੀ। ਆਮ ਤੌਰ 'ਤੇ ਹੁਣ ਤਕ ਜਦੋਂ ਸਾਈਕਲ ਮਾਰਚ ਕੱਢਿਆ ਜਾਂਦਾ ਹੈ ਤਾਂ ਮੁੱਖ ਸੜਕ ਦਾ ਇਕ ਹਿੱਸਾ ਬੰਦ ਕਰ ਦਿੱਤਾ ਜਾਂਦਾ ਹੈ, ਜਿਸ ਨਾਲ ਟ੍ਰੈਫਿਕ ਦੀ ਆਵਾਜਾਈ ਪ੍ਰਭਾਵਿਤ ਹੁੰਦੀ ਹੈ। ਅਜਿਹੇ ਵਿਚ ਵੱਖਰਾ ਸਾਈਕਲ ਟ੍ਰੈਕ ਬਣਨ ਨਾਲ ਇਹ ਮੁਸ਼ਕਿਲ ਦੂਰ ਹੋਵੇਗੀ। ਨਾਲ ਹੀ ਹਾਈਵੇ 'ਤੇ ਪੜ੍ਹਨ ਵਾਲੇ ਕਈ ਸਕੂਲਾਂ ਦੇ ਬੱਚਿਆਂ ਨੂੰ ਵੀ ਸਹੂਲਤ ਮਿਲੇਗੀ। ਉੱਥੇ ਹੀ, ਇਸ ਨਾਲ ਸੈਰ-ਸਪਾਟੇ ਨੂੰ ਵੀ ਹੱਲਾਸ਼ੇਰੀ ਮਿਲੇਗੀ।

# ਅਲਵਿਦਾ ! ਦਮਦਾਰ ਲੋਕ ਗਾਇਕੀ ਦੀਆਂ ਸੁਰਾਂ ਦੇ ਸਿਕੰਦਰ: ਸੁਰਿੰਦਰ ਛਿੰਦਾ



ਉਜਾਗਰ ਸਿੰਘ
91-94178 13072

ਪੰਜਾਬੀ ਲੋਕ ਗਾਇਕੀ ਨੂੰ ਲੋਕਾਂ ਵਿੱਚ ਹਰਮਨ ਪਿਆਰਾ ਬਣਾਉਣ ਵਾਲੇ ਮਿਠਬੋਲੜੇ ਗਾਇਕ ਦੇ ਤੁਰ ਜਾਣ ਨਾਲ ਸੰਗੀਤ ਦੀ ਦੁਨੀਆਂ ਵਿੱਚ ਖਲਾਅ ਪੈਦਾ ਹੋ ਗਿਆ ਹੈ। ਦੋਸਤਾਂ ਮਿੱਤਰਾਂ ਦਾ ਦਿਲਜਾਨੀ ਪਿਆਰ ਮੁਹੱਬਤ ਦੀਆਂ ਬਾਤਾਂ ਪਾਉਣ ਵਾਲਾ ਸੁਰਿੰਦਰ ਛਿੰਦਾ ਰੂਹ ਦੀ ਖ਼ੁਰਾਕ ਦਿੰਦਾ ਹੋਇਆ ਆਪ ਇਕ ਰੂਹ ਬਣ ਗਿਆਹੈ। ਪੰਜਾਬੀ ਲੋਕ ਗਾਇਕੀ ਦੀ ਵਿਰਾਸਤ ਦਾ ਪਹਿਰੇਦਾਰ ਸੁਰਿੰਦਰ ਛਿੰਦਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਤਾਂ ਕਹਿ ਗਿਆ ਹੈ ਪ੍ਰੰਤੂ ਉਸ ਦੇ ਤੁਰ ਜਾਣ ਨਾਲ ਹੀ ਲੋਕ ਗਾਥਾਵਾਂ ਦੀ ਸ਼ਾਨਦਾਰ ਗਾਇਕੀ ਦਾ ਅੰਤ ਵੀ ਹੋ ਗਿਆ ਹੈ। ਕੁਲਦੀਪ ਮਾਣਕ ਅਤੇ ਸੁਰਿੰਦਰ ਛਿੰਦਾ ਲੋਕ ਗਾਥਾਵਾਂ ਦੀ ਗਾਇਕੀ ਦੇ ਸਭਿਅਚਾਰਕ ਥੰਮ ਸਨ, ਇਨ੍ਹਾਂ ਦੋਵਾਂ ਥੰਮਾਂ ਦੇ ਗਿਰਨ ਨਾਲ ਸਭਿਅਚਾਰਕ ਵਿਰਾਸਤ ਦੀ ਇਮਾਰਤ ਢਹਿ ਢੇਰੀ ਹੋ ਗਈ ਹੈ। ਇਕ ਕਿਸਮ ਨਾਲ ਪੰਜਾਬੀ ਲੋਕ ਗਾਇਕੀ ਦੇ ਸ਼ਾਨਦਾਰ ਦੌਰ ਦਾ ਅੰਤ ਹੋ ਗਿਆ ਹੈ। ਆਮ ਤੌਰ ਤੇ ਲੋਕ ਗਾਇਕੀ ਦੇ ਇਤਿਹਾਸ 'ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਬਹੁਤੇ ਗਾਇਕਾਂ ਦੇ ਗੀਤ ਪਰਿਵਾਰਾਂ ਵਿੱਚ ਬੈਠ ਕੇ ਸੁਣੇ ਨਹੀਂ ਜਾ ਸਕਦੇ ਸਨ। ਉਨ੍ਹਾਂ ਗੀਤਾਂ ਦੇ ਸਿਰ 'ਤੇ ਉਹ ਗਾਇਕ ਪ੍ਰਸਿੱਧੀ ਪ੍ਰਾਪਤ ਕਰਦੇ ਸਨ ਕਿਉਂਕਿ ਨੌਜਵਾਨ ਚੱਕਮੇਂ ਗੀਤਾਂ ਨੂੰ ਪਸੰਦ ਕਰਦੇ ਸਨ ਪ੍ਰੰਤੂ ਸੁਰਿੰਦਰ ਛਿੰਦੇ ਨੂੰ ਮਾਣ ਜਾਂਦਾ ਹੈ ਕਿ ਉਸ ਨੇ ਲੋਕ ਗਾਇਕੀ ਵਿੱਚ ਪ੍ਰਸਿੱਧੀ ਜਿਓਣਾ ਮੌੜ ਦੀ ਲੋਕ ਗਾਥਾ ਨਾਲ ਪ੍ਰਾਪਤ ਕੀਤੀ ਸੀ। ਜੀਓਣਾ ਮੌੜ ਸੁਰਿੰਦਰ ਛਿੰਦਾ ਦੀ ਗਾਇਕੀ ਦਾ ਸਿਖਰ ਸੀ। ਉਸ ਨੂੰ ਇਹ ਵੀ ਮਾਣ ਜਾਂਦਾ ਹੈ ਕਿ ਉਸ ਦੇ ਗੀਤ ਸਮਾਜ ਦੇ ਹਰ ਵਰਗ ਨੇ ਪਸੰਦ ਕੀਤੇ ਹਨ। ਉਹ ਬਹੁ-ਰੰਗਾ ਅਤੇ ਬਹੁ-ਪੱਖੀ ਗਾਇਕ ਅਤੇ ਸਰਬਾਂਗੀ ਅਦਾਕਾਰ ਸੀ। ਉਸ ਦੀ ਕਮਾਲ ਇਹ ਸੀ ਕਿ ਉਹ ਲੋਕ ਗਾਥਾਵਾਂ ਹਿੱਕ ਦੇ ਜ਼ੋਰ ਨਾਲ ਗਾਉਂਦਾ ਸੀ। ਆਪਣੀ ਗਾਇਕੀ ਦੇ ਪੰਜਾਹ ਸਾਲ ਦੌਰਾਨ ਉਸ ਨੇ ਜ਼ਿੰਦਗੀ ਦੇ ਹਰ ਰੰਗ ਦਾ ਆਨੰਦ ਮਾਣਿਆਂ। ਜੇਕਰ ਉਸ ਨੇ ਜਿਓਣੇ ਮੌੜ ਦੀ ਲੋਕ ਗਾਥਾ ਨਾਲ ਨਾਮਣਾ ਖੱਟਿਆ ਤਾਂ ਇਸ ਦੇ ਨਾਲ ਹੀ ਉਸ ਨੇ ਉਚਾ ਦਰ ਬਾਬੇ ਨਾਨਕ ਦੀ ਗਾਇਕੀ ਨਾਲ ਵੀ ਸਮਾਜ ਵਿੱਚ ਵਿਸ਼ੇਸ਼ ਦਰਜਾ ਪ੍ਰਾਪਤ ਕੀਤਾ। ਉਹ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਦਾ ਹੋਇਆ ਉਨ੍ਹਾਂ ਦੇ ਦਿਲ ਕੱਢ ਕੇ ਲੈ ਗਿਆ ਹੈ। ਸੁਰਿੰਦਰ ਛਿੰਦਾ ਨੂੰ ਲੋਕ ਗਾਇਕੀ ਦਾ ਬਾਦਸ਼ਾਹ ਕਿਹਾ ਜਾ ਸਕਦਾ ਹੈ। ਉਸ ਨੇ ਭਾਵੇਂ ਆਪਣੀ ਗਾਇਕੀ ਦਾ ਸਫਰ 1970 ਵਿੱਚ ਸ਼ੁਰੂ ਕਰ ਲਿਆ ਸੀ ਪ੍ਰੰਤੂ 1972 ਵਿੱਚ ਉਨ੍ਹਾਂ ਜਸਵੰਤ ਸਿੰਘ ਭੰਵਰਾ ਦੀ ਸ਼ਾਗਿਰਦੀ ਕੀਤੀ ਸੀ। ਉਸ ਨੇ ਗਾਇਕੀ ਨੂੰ ਰਿਆਜ਼ ਕਰਨ ਨਾਲ ਅਜਿਹਾ ਚਮਕਾਇਆ ਕਿ ਉਸ ਦਾ ਨਾਮ ਸੰਸਾਰ ਵਿੱਚ ਚਮਕਣ ਲੱਗ ਪਿਆ। ਸੁਰਿੰਦਰ ਛਿੰਦਾ ਦੇ ਵਿਵਹਾਰ, ਪਿਆਰ ਅਤੇ ਸਤਿਕਾਰ ਨੇ ਜਸਵੰਤ ਸਿੰਘ ਭੰਵਰਾ ਦੇ ਸੰਗੀਤਕ ਮਨ ਨੂੰ ਅਜਿਹਾ ਮੋਹ ਲਿਆ ਕਿ ਉਹ ਭੰਵਰਾ ਦਾ ਲਾਡਲਾ ਤੇ ਬਿਹਤਰੀਨ ਸ਼ਾਗਿਰਦ ਬਣ ਗਿਆ। ਜਸਵੰਤ ਸਿੰਘ ਭੰਵਰਾ ਨੇ ਹੀ ਸੁਰਿੰਦਰ ਛਿੰਦਾ ਨੂੰ 1975 ਵਿੱਚ ਗਾਇਕਾ ਸੁਦੇਸ਼ ਕਪੂਰ ਨਾਲ ਦੋਗਾਣੇ ਵਿੱਚ ਮੌਕਾ ਦਿੱਤਾ। ਫਿਰ ਤਾਂ ਜਿਵੇਂ ਉਸ ਦੀ ਲਾਟਰੀ ਹੀ ਖੁਲ੍ਹ ਗਈ, ਉਹ ਲਗਾਤਾਰ ਅੱਗੇ ਹੀ ਵੱਧਦਾ ਗਿਆ। ਉਸ ਤੋਂ ਬਾਅਦ 1977 ਵਿੱਚ ਨਾਮਵਰ ਗੀਤਕਾਰ ਦੇਵ ਥਰੀਕਿਆਂ ਵਾਲਾ ਦੀਆਂ



ਲਿਖੀਆਂ ਚਾਰ ਲੋਕ ਗਾਥਾਵਾਂ ਉਚਾ ਬੁਰਜ ਲਾਹੌਰ ਦਾ ਅਜਿਹਾ ਗਾਇਆ ਕਿ ਉਹ ਲੋਕਾਂ ਦੇ ਦਿਲਾਂ 'ਤੇ ਛਾ ਗਿਆ। ਇਨ੍ਹਾਂ ਲੋਕ ਗਾਥਾਵਾਂ ਨੂੰ ਸੰਗੀਤ ਸੰਗੀਤਕਾਰ ਰਾਮ ਸਰਨ ਦਾਸ ਨੇ ਸੰਗੀਤਬੱਧ ਕੀਤਾ ਸੀ। ਇਨ੍ਹਾਂ ਲੋਕ ਗਾਥਾਵਾਂ ਕਰਕੇ ਸੁਰਿੰਦਰ ਛਿੰਦਾ ਦੀ ਗਾਇਕੀ ਦੀਆਂ ਧੁੰਮਾਂ ਪੈਣ ਲੱਗ ਗਈਆਂ। ਫਿਰ ਤਾਂ ਹਰ ਸਟੇਜ 'ਤੇ ਸੁਰਿੰਦਰ ਛਿੰਦਾ ਦੀ ਧਾਂਕ ਪੈਣ ਲੱਗੀ। ਇਸ ਤੋਂ ਬਾਅਦ 1978 ਵਿੱਚ ਆਧੁਨਿਕ ਸੰਗੀਤਕਾਰ ਚਰਨਜੀਤ ਆਹੂਜਾ ਨੇ 12 ਲੋਕ ਗਾਥਾਵਾਂ ਨੈਣਾਂ ਦੇ ਵਣਜਾਰੇ ਨੂੰ ਸੰਗੀਤਬੱਧ ਕੀਤਾ, ਜਿਸ ਨੂੰ ਜਦੋਂ ਸੁਰਿੰਦਰ ਛਿੰਦਾ ਦੀ ਆਵਾਜ਼ ਦਾ ਜਾਦੂ ਚੜ੍ਹਿਆ ਤਾਂ ਨੌਜਵਾਨ ਕਾਲਜਾਂ ਦੇ ਲੜਕੇ ਅਤੇ ਲੜਕੀਆਂ ਉਸ ਦੇ ਦੀਵਾਨੇ ਹੋ ਗਏ। ਸੁਰਿੰਦਰ ਛਿੰਦਾ ਦੀਆਂ ਕਲੀਆਂ ਅਤੇ ਲੋਕ ਗਾਥਾਵਾਂ ਨੂੰ ਲੋਕਾਂ ਨੇ ਅਜਿਹੀ ਪ੍ਰਵਾਨਗੀ ਦਿੱਤੀ ਕਿ ਹਮੇਸ਼ਾ ਜਦੋਂ ਛਿੰਦਾ ਸਟੇਜ ਤੇ ਚੜ੍ਹਦਾ ਤਾਂ ਲੋਕ ਇਕ ਆਵਾਜ਼ ਵਿੱਚ ਕਲੀਆਂ ਅਤੇ ਲੋਕ ਗਾਥਾਵਾਂ ਦੀ ਮੰਗ ਕਰਦੇ ਸਨ। ਸੁਰਿੰਦਰ ਛਿੰਦਾ ਦੀ ਗਾਇਕੀ ਦੀ ਵਿਲੱਖਣ ਕਮਾਲ ਇਹੋ ਸੀ ਕਿ ਲੋਕ ਰੁਮਾਂਟਿਕ ਗੀਤਾਂ ਦੀ ਥਾਂ ਲੋਕ ਗਾਥਾਵਾਂ ਦੀ ਮੰਗ ਕਰਦੇ ਸਨ। ਸੁਰਿੰਦਰ ਛਿੰਦਾ ਨੇ ਪਹਿਲੀ ਕੈਸਟ 1975 ਵਿੱਚ ਸੁਦੇਸ਼ ਕਪੂਰ ਨਾਲ ਕੱਢਣ ਤੋਂ ਬਾਅਦ ਸਿਰਫ 6 ਸਾਲ ਦੇ ਗਾਇਕੀ ਦੇ ਖੇਤਰ ਤੋਂ ਬਾਅਦ 1981 ਵਿੱਚ ਦੇਵ ਥਰੀਕਿਆਂ ਵਾਲੇ ਦੀ ਲੋਕ ਗਾਥਾ ਜਿਓਣਾ ਮੌੜ ਗਾਉਣ ਕਰਕੇ ਗਾਇਕੀ ਦੇ ਖੇਤਰ ਵਿੱਚ ਧਰੂ ਤਾਰੇ ਦੀ ਤਰ੍ਹਾਂ ਚਮਕਣ ਲੱਗ ਗਿਆ ਸੀ। ਉਸ ਦੀ ਗਾਇਕੀ ਨੂੰ ਹਰ ਉਮਰ ਦੇ ਸਰੋਤੇ ਪਸੰਦ ਕਰਦੇ ਸਨ। ਸੁਰਿੰਦਰ ਛਿੰਦਾ ਨੇ ਜਿਓਣੇ ਮੌੜ ਦੀ ਗਾਥਾ ਦੇ ਨਾਲ ਹੀ 1981 ਵਿੱਚ ਪੁੱਤ ਜੱਟਾਂ ਦੇ ਬੁਲਾਉਣ ਬੱਕਰੇ ਗੀਤ ਗਾਇਆ ਜਿਸ ਨੇ ਉਸ ਦੀ ਗਾਇਕੀ ਨੂੰ ਚਾਰ ਚੰਦ ਲਾ ਦਿੱਤੇ। ਇਸ ਸਮੇਂ ਸੁਰਿੰਦਰ ਛਿੰਦੇ ਦੀ ਗਾਇਕੀ ਵਿੱਚ ਇਤਨਾ ਨਿਖ਼ਾਰ ਆ ਗਿਆ ਕਿ ਉਸ ਦਾ ਸਿੱਕਾ ਚਲਣ ਲੱਗ ਪਿਆ। ਉਸ ਨੇ ਦੋਗਾਣੇ ਮਹਿੰਦਰ ਕਪੂਰ, ਸੁਰੇਸ਼ ਵਾਡੇਕਰ, ਅਨੁਰਾਧਾ ਪੌਡਵਾਲ, ਸੁਖਵੰਤ ਸੁੱਖੀ, ਹੰਸ ਰਾਜ ਹੰਸ, ਸੁਦੇਸ਼ ਕਪੂਰ, ਸੁਰਿੰਦਰ ਸੋਨੀਆ, ਨਰਿੰਦਰ ਬੀਬਾ, ਪਰਮਿੰਦਰ ਸੰਧੂ ਅਤੇ ਰੰਜਨਾ ਨਾਲ ਗਾਏ ਸਨ। ਸੋਲੋ ਗਾਣਿਆਂ ਵਿੱਚ ਵੀ ਉਸ ਦਾ ਕੋਈ ਮੁਕਾਬਲਾ ਨਹੀਂ ਸੀ। ਸੁਰਿੰਦਰ ਛਿੰਦਾ ਲੋਕ ਗਾਇਕੀ ਦੇ ਨਾਲ ਹੀ ਬਿਹਤਰੀਨ ਅਦਾਕਾਰ ਸੀ। ਉਸ ਨੂੰ ਟੂ ਇਨ ਵਨ ਕਿਹਾ ਜਾ ਸਕਦਾ ਹੈ। ਉਸ ਨੇ ਡੇਢ ਦਰਜਨ ਫਿਲਮਾਂ ਵਿੱਚ ਅਦਾਕਾਰੀ ਕੀਤੀ ਅਤੇ ਗੀਤ ਗਾਏ। ਉਸ ਨੇ ਪੁੱਤ ਜੱਟਾਂ ਦੇ, ਯਾਰਾਂ ਦਾ ਟਰੱਕ ਬੱਲੀਏ, ਬਲਬੀਰੋ ਭਾਬੀ, ਕੇਹਰ ਸਿੰਘ ਦੀ ਮੌਤ, ਉਚਾ ਦਰ ਬਾਬੇ ਨਾਨਕ ਦਾ, ਟਰੱਕ ਡਰਾਇਵਰ, ਬਦਲਾ ਜੱਟੀ ਦਾ, ਜੱਟ ਯੋਧੇ, ਬਗਾਬਤ, ਜੱਟ ਪੰਜਾਬ ਦਾ ਆਦਿ ਫ਼ਿਲਮਾਂ ਵਿੱਚ ਅਦਾਕਾਰੀ ਕੀਤੀ ਅਤੇ ਗੀਤ ਗਾਏ। ਉਸ ਦੇ ਡਾਇਲਾਗ ਦਮਦਾਰ ਹੁੰਦੇ ਸਨ।

ਸੁਰਿੰਦਰ ਛਿੰਦਾ ਦਾ ਜਨਮ 20 ਮਈ 1953 ਨੂੰ ਲੁਧਿਆਣਾ ਜਿਲ੍ਹੇ ਦੇ ਪਿੰਡ ਛੋਟੀ ਇਯਾਲੀ ਵਿਖੇ ਮਾਤਾ ਵਿਦਿਆਵਤੀ ਅਤੇ ਪਿਤਾ ਬਚਨ ਰਾਮ ਦੇ ਘਰ ਹੋਇਆ ਸੀ। ਉਸ ਨੇ ਹਾਇਰ ਸੈਕੰਡਰੀ ਤੱਕ ਦੀ ਪੜ੍ਹਾਈ ਮਲਟੀਪਰਪਜ਼ ਸਕੂਲ ਲੁਧਿਆਣਾ ਤੋਂ ਪ੍ਰਾਪਤ ਕੀਤੀ ਸੀ। ਥੋੜ੍ਹੀ ਦੇਰ ਉਹ ਕਿਸੇ ਵਰਕਸ਼ਾਪ ਵਿੱਚ ਮਕੈਨਿਕੀ ਵੀ ਸਿਖਦਾ ਰਿਹਾ। ਗਾਇਕੀ ਦਾ ਸ਼ੌਕ ਉਸ ਨੂੰ ਸਕੂਲ ਵਿੱਚ ਪੜ੍ਹਦਿਆਂ ਹੀ ਲੱਗ ਗਿਆ ਸੀ। ਉਹ ਸਕੂਲ ਦੀਆਂ ਸਟੇਜਾਂ 'ਤੇ ਸਭਿਅਚਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦਾ ਰਹਿੰਦਾ। ਕਲਾਕਾਰ ਬਣਨ ਦੀ ਪ੍ਰਵਿਰਤੀ ਉਸ ਨੂੰ ਗਾਉਣ ਲਈ ਪ੍ਰੇਰਦੀ ਰਹਿੰਦੀ ਸੀ। ਫਿਰ ਉਸ ਨੇ ਗਾਇਕੀ ਵਲ ਮੁਹਾਰਾਂ ਮੋੜ ਦਿੱਤੀਆਂ। ਉਸ ਦਾ ਵਿਆਹ ਬੀਬੀ ਜੋਗਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੀਆਂ ਦੋ ਲੜਕੀਆਂ ਅਤੇ ਦੋ ਲੜਕੇ ਹਨ। ਉਨ੍ਹਾਂ ਦਾ ਇਕ ਲੜਕਾ ਮਨਿੰਦਰ ਛਿੰਦਾ ਗਾਇਕ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਉਸ ਦਾ ਲੜਕਾ ਪਰਿਵਾਰਿਕ ਵਿਰਾਸਤ ਨੂੰ ਬਰਕਰਾਰ ਰੱਖੇਗਾ।

ਸੁਰਿੰਦਰ ਛਿੰਦਾ ਦਾ ਨਾਮ ਸੁਰਿੰਦਰ ਪਾਲ ਧੰਮਾ ਸੀ ਪ੍ਰੰਤੂ ਜਦੋਂ ਉਹ ਗਾਇਕੀ ਵਿੱਚ ਆਇਆ ਤਾਂ ਸੁਰਿੰਦਰ ਛਿੰਦਾ ਹੀ ਲਿਖਣ ਲੱਗ ਪਿਆ। ਉਸ ਦਾ ਪਿਤਾ ਬਚਨ ਰਾਮ ਇਕ ਕਾਰਪੈਂਟਰ ਸੀ ਪ੍ਰੰਤੂ ਇਸ ਦੇ ਨਾਲ ਹੀ ਉਹ ਗਾਇਕ ਵੀ ਸੀ। ਸੁਰਿੰਦਰ ਛਿੰਦਾ ਨੂੰ ਗਾਇਕੀ ਦੀ ਗੁੜ੍ਹਤੀ ਆਪਣੀ ਪਰਿਵਾਰਕ ਵਿਰਾਸਤ ਵਿੱਚੋਂ ਹੀ ਮਿਲੀ ਸੀ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਜਿਸ ਗਵਰਧਨ ਦਾਸ ਤੋਂ ਉਸ ਦੇ ਪਿਤਾ ਬਚਨ ਰਾਮ ਨੇ ਸੰਗੀਤ ਸਿਖਿਆ ਸੀ ਉਸ ਤੋਂ ਹੀ ਸੁਰਿੰਦਰ ਛਿੰਦੇ ਨੇ ਸੰਗੀਤ ਦੀ ਸਿਖਿਆ ਲਈ ਸੀ।

## ਦੁਕਾਨਦਾਰੀ ਕਿ ਧਾਰਮਿਕ ਸਥਾਨ?



ਗੁਰਜਿੰਦਰ ਸਿੰਘ 'ਸਾਹਦੜਾ'

ਸੌਖਾ ਈ ਕੰਮ ਐ ਜੀ ! ਦੂਰ ਵੀ ਕਾਹਨੂੰ ਜਾਣਾ? ਭਾਵੇਂ ਆਪਦੇ ਘਰੇ ਈ ਗੁਰੂਆਂ, ਪੀਰਾਂ, ਮਾਤਾਵਾਂ ਤੇ ਬਾਬਿਆਂ ਦੀਆਂ ਕਾਲਪਨਿਕ ਤਸਵੀਰਾਂ ਲਾ ਲਓ। ਜੇ ਹੋਰ ਥੋੜਾ ਜਿਹਾ ਵਧੀਆ ਕਰਨਾ ਏ ਤਾਂ ਨਾਲ ਕੋਈ ਧਾਰਮਿਕ ਪੋਥੀ ਜਾਂ ਗ੍ਰੰਥ ਰੱਖ ਲਓ ਤੇ ਆਲੇ ਦੁਆਲੇ ਮੋਰ ਦੇ ਖੰਭ ਖੜੇ ਕਰ ਲਓ। ਅਗਰਬੱਤੀਆਂ ਧੁਖਣ ਲਾ ਦਿਉ ! ਲਾਲ, ਕੇਸਰੀ, ਨੀਲਾ, ਚਿੱਟਾ ਜਾਂ ਹਰਾ ਕੱਪੜਾ ਵਿਛਾ ਕੇ ਗੱਦੀ ਬਣਾ ਲਓ ਤੇ ਉੱਤੇ ਹੋ ਜਾਓ ਬਿਰਾਜਮਾਨ। ਇਹ ਖੁੱਲ੍ਹ ਗਈ ਤੁਹਾਡੀ ਉਹ ਹੱਟੀ,ਜਿਹਦੇ ਵਿੱਚ ਘਾਟਾ ਪੈਣ ਦੀ ਕੋਈ ਗੁੰਜਾਇਸ਼ ਈ ਨੀ। ਇੱਕੋ ਵਾਰ ਆ ਨਿੱਕ-ਸੁੱਕ ਜਿਹਾ ਖ਼ਰੀਦਣ ਦੀ ਲੋੜ ਪਵੇਗੀ ਬਾਅਦ 'ਚ ਇਹ ਸੇਵਾ ਵੀ ਦੁਖਿਆਰੀ ਜਨਤਾ ਆਪਣੇ ਹੱਥਾਂ ਚ ਲੈ ਲਵੇਗੀ। ਸੰਗਤ ਦੀ ਗਰੀਬੀ ਚੁੱਕ ਹੋਵੇ ਜਾਂ ਨਾ ਪਰ ਤੁਹਾਡੇ ਦਿਨ, ਚੰਦ ਦਿਨਾਂ ਚ ਈ ਬਦਲ ਜਾਣਗੇ !

ਇਹ ਹਕੀਕਤ ਹੈ ਸਾਡੇ ਪੰਜ-ਆਬ ਦੇ ਬਹੁਤੇ ਧਾਰਮਿਕ ਸਥਾਨਾਂ ਦੇ !ਬੜੇ ਬੜੇ ਦਮਗਜੇ ਮਾਰਨ ਵਾਲੇ, ਕਹਿੰਦੇ ਕਹਾਉਂਦੇ ਭੱਦਰਪੁਰਸ਼ ਤੇ ਉਹਨਾਂ ਦੀਆਂ ਗ੍ਰਹਿਣੀਆਂ ਨੂੰ ਜਦੋਂ ਗੱਡੀਆਂ ਖੜੀਆਂ ਕਰ ਇਨ੍ਹਾਂ 'ਹੱਟੀਆਂ' ਵਿੱਚ ਵੜਦਿਆਂ ਵੇਖੀ ਦਾ ਹੈ ਤਾਂ ਇੱਕੋ ਗੱਲ ਦਿਮਾਗ ਚ ਆਉਂਦੀ ਏ "ਕੁਝ ਨੀ ਹੋ ਸਕਦਾ ਇਹਨਾਂ ਸ਼ਰਧਾ-ਊਲੂਆਂ ਦਾ !! ਗੱਲਾਂ ਕਰਨੀਆਂ ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਬ ਦੀਆਂ ਪਰ ਪੈਰੀਂ ਡਿਗਣਾ ਅਨਪੜ੍ਹ ਬੂਬਨਿਆਂ ਤੇ ਬੂਬਨੀਆਂ ਦੇ। ਸ਼ਰਮ ਆਉਂਦੀ ਏ ਇਹਨਾਂ ਅਖੌਤੀ 'ਸਿੱਖਾਂ' ਵੱਲ ਵੇਖ ਕੇ।

ਸਾਡੇ ਗੁਆਂਢ ਈ ਪਿੰਡ ਏ ਖੁਰਦਾਂ। ਇੱਕ ਦਿਨ ਸਬੱਬੀਂ ਗੱਡੀ ਵਿੱਚ ਤੇਲ ਪੁਆਉਣ ਗਿਆ ਤਾਂ ਉੱਥੇ ਇੱਕ ਘਰ ਦੇ ਬਾਹਰ ਮੋਟਰ ਸਾਈਕਲਾਂ ਤੇ ਗੱਡੀਆਂ ਦੀ ਭਾਰੀ ਪਾਰਕਿੰਗ ਵੇਖ ਕੇ ਕੁਝ ਚਿਰ ਪਹਿਲਾਂ ਦਾ ਸਮਾਂ ਯਾਦ ਆਇਆ। ਉੱਥੇ ਇੱਕ ਔਰਤ ਕਾਫੀ ਸਮੇਂ ਤੋਂ ਪੁੱਛਾਂ ਦੇਣ ਦਾ 'ਧੰਦਾ' ਕਰਦੀ ਏ। ਉਹਦਾ ਘਰਵਾਲਾ (ਜੋ ਸ਼ਕਲੋਂ ਸੂਰਤੋਂ ਗੁਰਸਿੱਖ ਏ) ਮੇਰੇ ਕੋਲ ਸਮਾਨ ਖਰੀਦਣ ਆਇਆ ਤਾਂ ਮੈਨੂੰ ਕਹਿੰਦਾ,"ਭਾਅ ਸਹੀ ਸਹੀ ਲਾ ਲਿਓ ਗੁਰਦੁਆਰਾ ਸਾਹਬ ਦਾ ਕੰਮ ਏ।" ਮੈਂ ਪੁੱਛਿਆ, "ਕਿਹੜਾ ਗੁਰਦੁਆਰਾ?" ਕਹਿੰਦਾ, "ਆਪਣੇ ਘਰ ਵਿੱਚ ਈ ਬਣਾਉਣ ਲੱਗੇ ਆਂ।" ਮੈਂ ਕਿਹਾ, "ਉਹ ਤਾਂ ਤੁਸੀਂ ਦੁਕਾਨ 'ਅੱਪਗ੍ਰੇਡ' ਕਰਨ ਲੱਗੇ ਓ ਜੀ !" ਉਸਨੂੰ ਮੁੜ ਭੱਜਦੇ ਨੂੰ ਰਾਹ ਨੀ ਲੱਭਿਆ।

ਹੁਣ ਉੱਥੇ ਹੀ ਕੱਲ ਫੇਰ ਵੇਖਿਆ- ਸੁੱਖ ਨਾਲ ਉਨ੍ਹਾਂ ਦੀ 'ਦੁਕਾਨਦਾਰੀ' ਵਧੀਆ ਚੱਲ ਪਈ ਲਗਦੀ ਸੀ!

ਕਹਿੰਦੇ ਉੱਥੇ ਹੁਣ ਹਰ ਐਤਵਾਰ ਸਵੇਰੇ-ਸਵੇਰੇ ਵਾਹਵਾ ਈ ਮੇਲਾ ਭਰਦਾ ਏ।ਮਤਲਬ ਕਿ ਉਸ ਟੱਬਰ ਨੂੰ ਕਮਾਈ ਦਾ ਸਾਧਨ ਮਿ਼ਲ ਗਿਆ ਐ !

## ਸ਼ਾਨਦਾਰ ਰਹੇ ਭਾਸ਼ਾ ਵਿਭਾਗ ਦਫ਼ਤਰ ਹੁਸ਼ਿਆਰਪੁਰ ਵਲੋਂ ਕਰਵਾਏ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ

ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਦੀਆਂ ਹਿਦਾਇਤਾਂ, ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਡਾ. ਵੀਰਪਾਲ ਕੌਰ ਹੁਰਾਂ ਦੇ ਦਿਸ਼ਾ ਨਿਰਦੇਸ਼ ਅਤੇ ਡਾ. ਜਸਵੰਤ ਰਾਏ ਖੋਜ ਅਫ਼ਸਰ ਭਾਸ਼ਾ ਵਿਭਾਗ ਦੀ ਅਗਵਾਈ ਵਿੱਚ ਵਿਦਿਆਰਥੀਆਂ ਵਿੱਚ ਸਿਰਜਣਾਤਮਕ ਰੁਚੀਆਂ ਵਿਕਸਤ ਕਰਨ ਖਾਤਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸ਼ੇਰਗੜ੍ਹ ਵਿਖੇ ਪੰਜਾਬੀ ਭਾਸ਼ਾ ਸਾਹਿਤ ਸਿਰਜਣ ਅਤੇ ਰੇਲਵੇਮੰਡੀ, ਕਹਾਣੀ ਲਿਖਣ ਮੁਕਾਬਲੇ ਵਿੱਚ ਨੈਨਸੀ ਸਰਕਾਰੀ ਸੈਕੰਡਰੀ ਸਕੂਲ ਬੋੜਾ, ਅੰਸ਼ਿਕਾ ਵਿਦਿਆ ਮੰਦਰ ਮਾਡਲ ਸਕੂਲ, ਤਰੁਣਪ੍ਰੀਤ ਕੌਰ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਪਬਲਿਕ ਸਕੂਲ, ਲੇਖ ਲਿਖਣ ਮੁਕਾਬਲੇ ਵਿੱਚ ਹਰਸ਼ਿਤਾ ਸ਼ਰਮਾ ਵਿਦਿਆ ਮੰਦਰ ਸਕੂਲ, ਨਵਦੀਪ ਸਰਕਾਰੀ ਸੈਕੰਡਰੀ ਸਕੂਲ ਲਾਂਬੜਾ, ਦੀਆ ਸਰਕਾਰੀ ਸਕੂਲ ਰੇਲਵੇ ਮੰਡੀ ਨੇ ਪ੍ਰਾਪਤ ਕੀਤਾ। ਜੇਤੂ ਵਿਦਿਆਰਥੀਆਂ ਨੂੰ ਹਰ ਵਿਧਾ ਵਿੱਚ



ਕਵਿਤਾ ਗਾਇਨ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੂੰ ਕਵਿਤਾ, ਕਹਾਣੀ ਅਤੇ ਲੇਖ ਲਿਖਣ ਲਈ ਮੌਕੇ ਤੇ ਹੀ ਵਿਸ਼ੇ ਦਿੱਤੇ ਗਏ ਜਦ ਕਿ ਕਵਿਤਾ ਗਾਇਨ ਮੁਕਾਬਲੇ ਵਿੱਚ ਵਿਦਿਆਰਥੀਆਂ ਨੂੰ ਕਾਵਿ ਰਚਨਾਵਾਂ ਵਾਲੇ ਕਵੀਆ ਦੇ ਨਾਂ ਪਹਿਲਾਂ ਹੀ ਦਿੱਤੇ ਜਾ ਚੁੱਕੇ ਸਨ।ਇਸ ਮੁਕਾਬਲੇ ਦੇ ਅਗਾਜ਼ ਤੋਂ ਪਹਿਲਾਂ ਡਾ. ਜਸਵੰਤ ਰਾਏ ਨੇ ਆਏ ਹੋਏ ਸਾਰੇ ਪ੍ਰਤੀਯੋਗੀਆਂ ਅਤੇ ਅਧਿਆਪਕਾਂ ਲਈ ਜੀ ਆਇਆਂ ਸ਼ਬਦ ਆਖੇ। ਉਪਰੰਤ ਭਾਸ਼ਾ ਵਿਭਾਗ ਦੇ ਕੰਮਾਂ, ਪ੍ਰਕਾਸ਼ਨਾਵਾਂ ਬਾਰੇ ਗੱਲ ਸਾਂਝੀ ਕਰਦਿਆਂ ਵਿਭਾਗ ਵਲੋਂ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੇ ਜਾ ਰਹੇ ਤਰੱਦਦ ਬਾਰੇ ਦੱਸਿਆ। ਸਭ ਤੋਂ ਔਖੀ ਚਾਰ ਘੰਟੇ ਤੱਕ ਚੱਲੀ ਵਿਧਾ ਕਵਿਤਾ ਗਾਇਨ ਮੁਕਾਬਲੇ ਵਿੱਚ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਨਿਪੁੰਨ ਟੌਡਲਰ ਹੋਮ ਸਕੂਲ, ਦੂਜਾ ਸਥਾਨ ਕਵਿਤਾਪਾਲ ਸਰਕਾਰੀ ਰੇਲਵੇ ਮੰਡੀ ਸਕੂਲ, ਤੀਜਾ ਸਥਾਨ ਜਸਮਨਪ੍ਰੀਤ ਕੌਰ ਹਾਈ ਸਕੂ.ਲ ਬਹਾਦਰਪੁਰ ਬਾਹੀਆਂ, ਇਵੇਂ ਕਵਿਤਾ ਲਿਖਣ ਮੁਕਾਬਲੇ 'ਚ ਕ੍ਰਮਵਾਰ ਹਰਲੀਨ ਕੌਰ ਜੀ.ਐਮ. ਏ. ਪਬਲਿਕ ਸਕੂਲ ਸਿੰਗੜੀਵਾਲਾ, ਬੰਸ਼ਿਕਾ ਸਰਕਾਰੀ ਸੈਕੰਡਰੀ ਸਕੂਲ ਤਲਵਾੜਾ, ਏਕਾਂਕਸ਼ਾ ਸਰਕਾਰੀ ਸਕੂਲ ਪਹਿਲਾ, ਦੂਜਾ, ਤੀਜਾ ਸਥਾਨ ਨੂੰ 1000/-, 750/-, 500/- ਰੁਪਏ ਦੀਆਂ ਭਾਸ਼ਾ ਵਿਭਾਗ ਦੀਆਂ ਦੁਰਲਭ ਪ੍ਰਕਾਸ਼ਨਾਵਾਂ ਦੇ ਸੈੱਟ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਸਨਮਾਨ ਸਮਾਰੋਹ ਤੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਰਾਜਨ ਅਰੋੜਾ ਨੇ ਕਿਹਾ ਕਿ ਭਾਸ਼ਾ ਵਿਭਾਗ ਵਲੋਂ ਕਰਵਾਏ ਜਾਂਦੇ ਇਹ ਮੁਕਾਬਲੇ ਵਿਦਿਆਰਥੀਆਂ ਦੀ ਮੌਲਿਕਤਾ ਨੂੰ ਨਿਖਾਰਨ ਵਿੱਚ ਕਮਾਲ ਦਾ ਵਾਧਾ ਕਰਦੇ ਹਨ। ਇਹ ਮੁਕਾਬਲੇ ਸਾਡੇ ਸਕੂਲ ਵਿੱਚ ਹੋਣੇ ਹੋਰ ਵੀ ਮਾਣ ਵਾਲੀ ਗੱਲ ਹੈ। ਮੁਕਾਬਲਿਆਂ ਦੌਰਾਨ ਜੱਜਮੈਂਟ ਦੀ ਭੂਮਿਕਾ ਪ੍ਰੋ. ਹਰਜਿੰਦਰ ਅਮਨ ਸਰਕਾਰੀ ਕਾਲਜ ਹੁਸ਼ਿਆਰਪੁਰ, ਡਾ. ਸ਼ਮਸ਼ੇਰ ਮੋਹੀ ਅਤੇ ਲੈਕਚਰਾਰ ਨਰਿੰਦਰ ਕੁਮਾਰ ਨੇ ਬਾਖੂਬੀ ਨਿਭਾਈ।ਭਾਸ਼ਾ ਵਿਭਾਗ ਵਲੋਂ ਸਕੂਲ ਮੁਖੀ, ਜੱਜ ਸਹਿਬਾਨਾਂ ਦਾ ਵੀ ਵਿਸ਼ੇਸ਼ ਸਨਾਮਨ ਕੀਤਾ ਗਿਆ।ਸਟੇਜ ਸਕੱਤਰ ਅਤੇ ਟਾਈਮ ਕੀਪਰ ਦੀ ਸੇਵਾ ਜਸਵੀਰ ਸਿੰਘ ਅਤੇ ਲੈਕ. ਪੂਰਨ ਸਿੰਘ ਨੇ ਨਿਭਾਈ। ਇਸ ਮੌਕੇ ਜੁਗਲ ਕਿਸ਼ੋਰ, ਪਵਨ ਕੁਮਾਰ, ਸੁਰਿੰਦਰ ਪਾਲ, ਵਰਿੰਦਰ ਨਿਮਾਣਾ, ਗੁਰਪ੍ਰੀਤ ਸਿੰਘ, ਵੱਖ-ਵੱਖ ਸਕੂਲਾਂ ਦੇ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।


ਗਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਯੂ ਐਸ ਏ ਵੱਲੋਂ
ਮੇਲਾ ਗਦਰੀ ਬਾਬਿਆਂ ਦਾ
ਸੋਹਣ ਸਿੰਘ ਭਕਨਾ
ਬਾਬਾ ਵਿਸਾਖਾ ਸਿੰਘ
ਸ਼ਹੀਦ ਊਧਮ ਸਿੰਘ
ਕਰਤਾਰ ਸਿੰਘ ਸਰਾਭਾ
ਸ਼ਹੀਦ ਭਗਤ ਸਿੰਘ
ਗਦਰ ਪਾਰਟੀ ਦੇ ਸ਼ਹੀਦਾਂ
ਸਮੂਹ ਇਨਕਲਾਬੀਆਂ ਤੇ ਦੇਸ਼ ਭਗਤਾਂ ਦੀ
ਯਾਦ 'ਚ ਮੇਲਾ
6 ਅਗਸਤ 2023
ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ
ਸਭ ਨੂੰ ਇਸ ਸੱਦੇ ਤੇ ਆਉਣ ਲਈ ਬੇਨਤੀ ਹੈ
Free Enrty, Free Food.
Hotel Holiday Inn Express
ਦੇ Yuba Hall ਵਿਖੇ ਮਨਾਇਆ ਜਾ ਰਿਹਾ ਹੈ
9175 W Stockton Blvd, Elk Grove, CA 95758
ਇਹ Highway 99 ਅਤੇ Laguna Blvd ਦੇ Corner ਉੱਤੇ ਹੈ
ਮੁੱਖ ਮਹਿਮਾਨ
Host
ਬੌਬੀ ਸਿੰਘ ਐਲਨ
Mayor of Elk Grove
ਡਾ. ਪਿਆਰਾ ਲਾਲ ਗਰਗ
ਪ੍ਰੋ. ਮਨਜੀਤ ਸਿੰਘ
ਪਰਮਵੀਰ ਸਿੰਘ ਬਾਠ
ਗੁਰਪ੍ਰੀਤ ਸੰਧਾਵਾਲੀਆ
ਜੋਤ ਰਣਜੀਤ
ਵਧੇਰੇ ਜਾਣਕਾਰੀ ਲਈ ਕਾਲ ਕਰੋ :
(916) 256 7497, 916-844-5310

### ਇਕਬਾਲ ਢਿੱਲੋਂ ਨਾਲ ਮੁਲਾਕਾਤ ’ਤੇ ਅਧਾਰਿਤ

# ਰੱਬ ਦੀ ਮਿਹਰ, ਸੱਚੀ ਨੀਯਤ, ਹਰ ਫ਼ਿਲਮ ਸੁਪਰ ਹਿੱਟ ਰਹੀ- ਇਕਬਾਲ ਢਿੱਲੋਂ

ਅੱਜ ਨਹੀਂ ਪਿਛਲੇ 37 ਸਾਲ ਤੋਂ ਸ਼ਾਇਦ ਕੁੱਝ ਸਾਲ ਹੋਰ ਹੋਣਗੇ ਇਕਬਾਲ ਸਿੰਘ ਢਿੱਲੋਂ ਨੇ ਪੰਜਾਬੀ ਦੀਆਂ ਜਿਹੜੀਆਂ ਵੀ ਫ਼ਿਲਮਾਂ ਬਣਾ ਜਾਰੀ ਕੀਤੀਆਂ ਸੁਪਰ ਡੁਪਰ ਰਹੀਆਂ। ਅਚਾਨਕ ਮੁਲਾਕਾਤ ਹੋਈ ਗੱਲ ਚੱਲ ਪਈ ਤੇ ਮਲੂਮ ਹੋਇਆ ਕਿ ਹਾਂ ਪਹਿਲੀ ਫਿਲਮ "ਮਾਹੀ ਮੁੰਡਾ" ਆਈ ਸੀ ਪਰ ਚਲੀ ਨਹੀਂ ਖੈਰ ਇਹ ਤਜ਼ਰਬਾ ਸੀ। ਫਿਰ ਇਕਬਾਲ ਨੇ ਮਾਹਣੀ ਖੇੜਾ ਪਰਿਵਾਰ ਨਾਲ ਮਿਲ ਕਿ "ਪੁੱਤ ਜੱਟਾਂ ਦੇ" ਬਣਾਈ ਤੇ ਟਰੈਕਟਰ ਟਰਾਲੀ ਤੇ ਲੋਕ, ਸਿਨਮੇ ਭਰ ਜਾਂਦੇ, ਸ਼ਯੋਲੇ ਜਿਹੀਆਂ ਫ਼ਿਲਮਾਂ ਨੂੰ ਮਾਤ ਪਈ ਤੇ ਬਹੁਤ ਪੈਸਾ ਇਸ ਫਿਲਮ ਨੇ ਵੱਟਿਆ। ਮੁੰਬਈ ਰਹਿਣ ਸਮੇਂ ਰਵਿੰਦਰ ਰਵੀ ਨਿਰਦੇਸ਼ਕ, ਨਾਲ ਰੁਪਿੰਦਰ ਗਿੱਲ, ਗੁੱਗੂ ਗਿੱਲ, ਭੂਸਨ ਮਦਾਨ ਇੱਕ ਟੀਮ ਬਣੀ। ਇਕਬਾਲ ਢਿੱਲੋਂ ਦੇ ਪਲਾਨ ਕਾਮਯਾਬ ਰਹੇ। ਦਸਦਾ ਇਕਬਾਲ ਕਿ ਬਲਦੇਵ ਖੋਸਾ, ਸ਼ਤਰੂਘਨ ਸਿਨ੍ਹਾ,ਧਰਮਿੰਦਰ ਜੀ ਦਾ ਬਹੁਤ ਪਿਆਰ ਮਿਲਿਆ। ਫਿਰ "ਅਣਖ ਜੱਟਾ ਦੀ" ਬਦਲਾ ਜੱਟੀ ਦਾ, ਬਾਗੀ ਸੂਰਮੇ ਹਿਟ।"ਬਦਲਾ ਜੱਟੀ ਦਾ "ਯਾਦ ਆ ਜਦ ਜਲੰਧਰ ਦੂਰਦਰਸ਼ਨ ਤੇ ਆਈ ਤਾਂ ਬਜ਼ਾਰਾਂ ਵਿੱਚ ਇੱਕ ਟੀਵੀ ਤੇ ਸੈਂਕੜੇ ਲੋਕ ਦੇਖ ਰਹੇ ਸਨ। ਇਸ ਤਰਾਂ ਹੀ "ਗੱਭਰੂ ਪੰਜਾਬ ਦਾ, ਸਫਲ ਰਹੀ।" ਸ਼ਹੀਦ ਊਧਮ ਸਿੰਘ ਨੂੰ ਰਾਸ਼ਟਰਪਤੀ ਅਵਾਰਡ ਪ੍ਰਾਪਤ ਹੋਇਆ। ਰਾਜ ਬੱਬਰ ਜੀ ਦੇ ਸਹਯੋਗ ਦਾ ਧੰਨਵਾਦ ਕਰਦਾ ਹੈ। ਇਕਬਾਲ ਢਿੱਲੋਂ ਨੇ ਸੋਨੂੰ ਸੂਦ ਨਾਲ ਵੀ ਫਿਲਮ ਤਿਆਰ ਕੀਤੀ। ਖੈਰ ਫ਼ਿਲਮਾਂ ਹੋਰ ਵੀ ਬਹੁਤ ਕੀਤੀਆਂ ਪਰ ਮਜ਼ਾ ਆ ਗਿਆ ਜਦ "ਜੱਟ ਜਿਉਣਾ ਮੌੜ"ਆਈ।ਫਿਲਮ ਨੇ ਰਿਕਾਰਡ ਹੀ ਤੋੜ ਦਿੱਤੇ । ਇਹੀ ਜਿਉਣਾ ਮੌੜ ਫਿਰ ਦੋਬਾਰਾ ਨਵੀਂ ਤਬਦੀਲੀ ਨਾਲ ਰਲੀਜ਼ ਕੀਤੀ ਗਈ। ਚੌਪਾਲ ਤੇ ਵੀ ਆਈ ਹੈ। ਮਿਸ ਪੂਜਾ, ਮੰਨਤ ਸਿੰਘ , ਕੀਰਤੀ ਸਿੰਘ, ਵਿਸ਼ਾਲ ਸਿੰਘ, ਰਵਿੰਦਰ ਮਾਨ, ਮਨਜੀਤ ਕੁਲਾਰ, ਮਿੱਠੀ ਨੂੰ ਮੌਕਾ ਦਿੱਤਾ। ਇਕਬਾਲ ਦੀ ਹੀ ਫਿਲਮ "ਤਬਾਹੀ ", ਨੇ ਵੀ ਕਾਮਯਾਬੀ ਦੀ "ਤਬਾਹੀ "ਮਚਾ ਦਿੱਤੀ ਸੀ।"ਸੁੱਖਾ "ਮਹਿੰਦੀ ਵਾਲੇ ਹੱਥ"ਵੀ ਤਿਆਰ ਕੀਤੀਆਂ ਤੇ ਗੋਲਡੀ ਸੁਮਲ ਨੂੰ ਅੱਗੇ ਲਿਆਂਦਾ। ਲਾਈਨ ਲੰਬੀ, ਬੰਦਾ ਲਿਖਦਾ ਥੱਕ ਜਾਏ ਪਰ ਇਕਬਾਲ ਢਿੱਲੋਂ ਨਹੀਂ ਥੱਕਿਆ ਨਾ ਥਕੇਗਾ। ਸਫਲ ਫਿਲਮ ਤਿਆਰ ਕਰਨੀ ਹੀ ਨਹੀਂ ਇਸ ਦੀ ਸਫਲ ਰਲੀਜ਼ ਦਾ ਵੀ ਵੱਲ ਓਸ ਨੂੰ ਹੈ। ਹੁਣ "ਤਬਾਹੀ "ਦਾ ਅਗਲਾ ਭਾਗ ਵੀ ਤਿਆਰ ਹੈ। ਮੂੰਹ ਦਾ ਕੌੜਾ ਜਰੂਰ ਏ ਪਰ ਨੀਯਤ, ਦਿਲ ਸਾਫ਼ ਹੈ। ਰਿਟ੍ਰਨ ਆਫ ਜੱਟ ਜਿਉਣਾ ਮੌੜ ਵੀ ਤਿਆਰ ਕਰੇਗਾ। ਓਸ ਨੇ ਸੰਗੀਤ ਟਰੈਕ ਵੀ ਰਲੀਜ਼ ਕੀਤੇ ਹਨ। ਸਹਿਮਤ ਏ ਕਿ ਪੰਜਾਬੀ ਮਨੋਰੰਜਨ ਖੇਤਰ ਵਿੱਚ ਤਿੰਨ ਸੁਲਤਾਨ ਨੇ, ਗੁੱਗੂ ਗਿੱਲ ਕੋਈ ਬਦਲ ਨਹੀਂ, ਸਿੱਧੂ ਮੂਸੇ ਵਾਲਾ ਮਰ ਕੁ ਵੀ ਸਟਾਰ ਹੈ ਤੇ ਸੁਲਤਾਨ ਰਾਹੀ ਲਾਲੀ ਵੁਡ ਸਟਾਰ ਇਹ ਵਾਰਿਸ ਪੰਜਾਬੀ ਮਨੋਰੰਜਨ ਦੇ ਹਨ।ਆਖ਼ਿਰੀ ਗੱਲ ਕਿ ਕਾਮਯਾਬ ਫਿਲਮ ਕਿਵੇ ਬਣੇ, ਕਿਵੇਂ ਲੱਗ ਕਿ ਸਫਲ ਹੋਏ ਨੁਸਖੇ ਦੀ ਪੰਡ ਹੈ ਇਕਬਾਲ ਸਿੰਘ ਢਿੱਲੋਂ ਜਿਸ ਦਾ ਯਾਰ ਅਣਮੁੱਲੇ ਸੀ ਸੁਰਿੰਦਰ ਛਿੰਦਾ, ਗੁਰ ਕੀਰਤਨ ਮਰ ਕਿ ਵੀ ਅਮਰ ਹਨ।ਛਿੰਦੇ ਦੇ ਤੁਰ ਜਾਣ ਤੇ ਨਮ ਹੋਈਆਂ ਅੱਖਾਂ ਪਰ, ਦੁਨੀਆਂ ਚਲੋ ਚਲੀ ਦਾ ਮੇਲਾ ਹੈ।



ਇਕਬਾਲ ਸਿੰਘ



ਰਾਸ਼ਟਰਪਤੀ ਤੋਂ ਰਾਸ਼ਟਰੀ ਫਿਲਮ ਸਨਮਾਨ ਲੈਂਦੇ ਇਕਬਾਲ



ਯਾਰ ਅਣਮੁੱਲੇ ਸਵਰਗੀ ਸੁਰਿੰਦਰ ਛਿੰਦਾ ਨਾਲ ਇਕਬਾਲ ਢਿੱਲੋਂ

**-ਅੰਮ੍ਰਿਤ ਪਵਾਰ**

**ਵਿਅੰਗ**

# ਡਾਕਟਰ ਦੀ ਸਲਾਹ ਜਰੂਰ ਲਉ ਜੀ

ਕੱਕੋ ਵੀ ਬਥੇਰਾ ਪਿੱਟੀ ਤੇ ਯਾਰਾਂ ਦੋਸਤਾਂ ਵੀ ਬੜਾ ਸਮਝਾਇਆ ਕਿ ਮੰਗੂ ਰਾਮਾਂ ਕਿਉਂ ਫਿਕਰ ਕਰੀਂ ਜਾਣੈ, ਮਾਮੂਲੀ ਜਿਹਾ ਬੁਖਾਰ ਐ, ਚੁਟਕੀ ਮਾਰਿਆਂ ਉਡਜੂ....ਲੋਕਾਂ ਦੇ ਬੁਖਾਰ ਵੀ ਤਾਂ ਉਡੰਤਰ ਕਰ ਦਿੰਨੈ। ਆਹ ਗਲੋਬ ਦੀਆਂ ਚਾਰ ਲਗਰਾਂ ਘੋਟ ਕੇ ਪੀ ਲੈ ਜਾਂ ਬਾਬਾ-ਬੀਮਾਰੀ-ਬੰਦ ਦੀ ਕਬਰ ਤੇ ਸੁਖਨਾ ਸੁਖ ਆ। ਪਰ ਕਿੱਥੇ? ਡਾ. ਮੰਗੂ ਰਾਮ ਤਾਂ ਵੱਡੇ ਸ਼ਹਿਰ ’ਚ ਕਿਸੇ ਵੱਡੇ ਡਾਕਟਰ ਨੂੰ ਦਿਖਾਕੇ ਆਉਣ ਦੀ ਰੀਲ ਜੀਭ ’ਤੇ ਚੜਾਈ ਬੈਠਾ ਸੀ। ‘ਬੀਮਾਰੀ ਦੇ ਲੱਗਦਿਆਂ ਹੀ ਡਾ. ਦੀ ਸਲਾਹ ਲੈਣਾ ਅਤਿ ਜ਼ਰੂਰੀ ਹੈ’ ਦੇ ਇਸ਼ਤਿਹਾਰ ਚੈਨਲਾਂ, ਅਖਬਾਰਾਂ ’ਚ ਵੇਖ ਕੇ ਉਹਨੇ ਪੱਕਾ ਮਨ ਬਣਾ ਲਿਆ ਸੀ ਕਿ ਸ਼ੁਰੂਆਤੀ ਬੁਖਾਰ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ।ਲੁਧਿਆਣੇ ਸ਼ਹਿਰ ਚ ਕਹਿੰਦੇ-ਕਹਾਉਂਦੇ “ਆਲ ਰੈਮਡੀ ਚਾਰੂ ਹਸਪਤਾਲ" ਦੇ ਮਸ਼ਹੂਰ ਡਾ. ਚਾਰੂ ਤੋਂ ਚੈਕ ਅੱਪ ਕਰਵਾਉਣ ਲਈ ਕਾਰ ਕਿਰਾਏ ’ਤੇ ਕਰ ਲਈ।ਪਹਿਲਾਂ ਸਲਾਹ ਸੀ ਕਿ ਬੱਸ ’ਤੇ ਜਾਇਆ ਜਾਵੇ ਪਰ ਦਿਲ ਨਾ ਮੰਨਿਆ.. ‘.ਲੋਕ ਕੀ ਕਹਿਣਗੇ? ਚੱਲਿਆ ਡਾ. ਚਾਰੂ ਤੋਂ ਚੈਕ ਅੱਪ ਕਰਵਾਉਣ ਅਤੇ ਜਾਂਦੈ ਬੱਸ ’ਤੇ.....। ਨਹੀਂ ਨਹੀਂ ਇਸ ਤਰਾਂ ਤਾਂ ਮਰੀਜ਼ ਕੈਟੇਗਰੀ ਦੇ ਵਕਾਰ ਨੂੰ ਢਾਅ ਲੱਗ ਜੂ।’ ਸੋਚਦਿਆਂ ਏ.ਸੀ. ਕਾਰ ਕਿਰਾਏ ਤੇ ਕਰ ਲਈ। ਕੱਕੋ ਨੇ ਕਿਹਾ, “ਮੈਂ ਵੀ ਨਾਲ ਚੱਲਦੀ ਹਾਂ।" ਪਹਿਲਾਂ ਤਾਂ ਨਾ ਕਰ ਦਿੱਤੀ। ਫਿਰ ਸੋਚਿਆ, ‘ਯਾਰ ਜੇ ਮਰੀਜ਼ ਦੇ ਨਾਲ ਘਰ ਵਾਲੀ ਹੋਵੇ ਤਾਂ ਦੇਖਣ ਵਾਲਿਆਂ ’ਚ ਮਰੀਜ਼ ਦੀ ਟੌਹਰ ਬਣ ਜਾਂਦੀ ਹੈ।’--ਤਿਆਰੀ ਕਰਨ ਦਾ ਹੁਕਮ ਚਾੜ ਦਿੱਤਾ।

ਬੂਹੇ ਅੱਗੇ ਖੜਾ ਕਾਰ ਵਾਲਾ ਹਾਰਨ ’ਤੇ ਹਾਰਨ ਮਾਰੀ ਜਾਵੇ ਅਤੇ ਦੇਰੀ ਹੋਣ ਨਾਲ ਮੰਗੂ ਰਾਮ ਰਾਮ ਦੀ ਵੀ ਹੂੰਗਰ ’ਤੇ ਹੂੰਗਰ ਵੱਜੀ ਜਾਵੇ ਪਰ ਕੱਕੋ ਨੇ ਘੰਟਾ ਮੇਕ ਅੱਪ ’ਤੇ ਹੀ ਲਾ ਤਾ।ਬਥੇਰਾ ਕਿਹਾ,“ਭਾਗਵਾਨੇ ਕਿਉਂ ਟਾਈਮ ਨੂੰ ਫ਼ਾਸੀ ਦੇਈ ਜਾਣੀ ਐ, ਆਪਾਂ ਹਸਪਤਾਲ ਜਾਣੈ, ਕਿਸੇ ਵਿਆਹ ਤੇ ਨਹੀਂ।" ਤੇ ਕੱਕੋ ਦਾ ਕਹਿਣਾ ਸੀ।

“ਭਾਵੇਂ ਹਸਪਤਾਲ ਹੀ ਜਾਣੈ ਪਰ ਜਾਨੈਂ ਤਾਂ ਵੱਡੇ ਸ਼ਹਿਰ ’ਚ ਹੀ ਨਾ? ਸੁਣਿਐ ਵੱਡੇ ਹਸਪਤਾਲਾਂ ਦੀ ਤਾਂ ਇਕ ਇਕ ਇੱਟ ਹੀ ਫ਼ੈਸ਼ਨਾਂ-ਪੱਟੀ ਹੁੰਦੀ ਐ, ਆਪਣੇ ਵਰਗੇ ਸਿੱਧੇ-ਸਿੱਧੜਾਂ ਨੂੰ ਵੇਖ ਕੇ ਤਾਂ ਉਹ ਵੀ ਦੰਦ ਕੱਢਣੋਂ ਨਹੀਂ ਹਟਦੀਆਂ, ਲੋਕਾਂ ਨੇ ਤਾਂ ਹੱਸਣਾ ਹੀ ਹੋਇਆ। ਨਾਲੇ ਜੇ ਮਾੜਾ ਮੋਟਾ ਮੂੰਹ ਮੱਥਾ ਨਾ ਸੰਵਾਰਿਆਂ ਹੋਵੇ ਤਾਂ ਸ਼ਰਮ ਦੇ ਮਾਰਿਆਂ ਉਥੇ ਧਰਤੀ ਸਮਾਉਣ ਨੂੰ ਥਾਂ ਨਹੀਂ ਦਿੰਦੀ।"

ਸਾਰੇ ਰਸਤੇ ਕੱਕੋ ਡਾ. ਮੰਗੂ ਰਾਮ ਨੂੰ ਤਾਕੀਦਾਂ ਕਰਦੀ ਗਈ, “ਜੀ ਐਂਵੇ ਨਾ ਬਾਹਲੇ ਟੈਸਟ ਕਰਵਾਉਣ ਬਹਿ ਜਿਉ। ਕਹਿ ਦੇਣਾ ਡਾਕਟਰ ਨੂੰ ਬਈ ਟੀਕਾ-ਟੂਕਾ ਲਾਕੇ ਤੋਰ ਛੇਤੀ ਸਾਨੂੰ ਘਰ ਨੂੰ..... ਨਾਲੇ ਹੁਣ ਰੱਬ-ਰੁਬ ਦਾ ਨਾਂ ਲੈ ਲਿਆ ਕਰੋ,ਅੱਖਾਂ ਮੀਚ ਉਹਦਾ ਧਿਆਨ ਧਰ ਲਉ, ਬੀਮਾਰੀ ਆਪੇ ਛੂ ਮੰਤਰ ਹੋ ਜਾਊ।" ਇਕ ਵਾਰ ਤਾਂ ਮੰਗੂ ਰਾਮ ਦੇ ਮਨ ਚ ਆਇਆ ਬਈ ਕਹਿ ਦੇਵਾਂ, “ਜਦੋਂ ਤੇਰੇ ਵਰਗੀ ਸੂਰਤ ਅੱਖਾਂ ਸਾਹਮਣੇ ਹੋਵੇ ਉਦੋਂ ਕਿਹੜਾ ਭੜੂਆ ਰੱਬ ਦਾ ਧਿਆਨ ਕਰ ਲਊ।" ਪਰ ਪੁਰਾਣੇ ਕੌੜੇ ਤਜਰਬਿਆਂ ਨੂੰ ਯਾਦ ਕਰਦਿਆਂ ਚੁੱਪ ਰਿਹਾ।

ਲੁਧਿਆਣੇ ਪਹੁੰਚ ਹਸਪਤਾਲ ਦੀ ਇਮਾਰਤ ਦੀ ਬਾਹਰੀ-ਦਿੱਖ ਨੂੰ ਵੇਖ ਕੇ ਡਾ. ਮੰਗੂ ਰਾਮ ਨੂੰ ਲੱਗਿਆ ਕਿ ਅੰਦਰ ਬੈਠਾ ਬੁਖਾਰ ਤਾਂ ਤਿੱਤਰ ਹੋਣ ਲਈ ਅੱਚਵੀਂ ਜਿਹੀ ਕਰੀ ਜਾਂਦੈ।ਆਪਣੇ ਕਸਬੇ ਵਾਲਾ ਹਿਸਾਬ ਸਮਝਦਿਆਂ ਮੰਗੂ ਰਾਮ ਅਤੇ ਕੱਕੋ, ਹਸਪਤਾਲ ਦੇ ਆਉ- ਭਗਤੀ ਵਾਲੇ ਹਾਲ ਵਿੱਚ ਲਚਕਦਾਰ ਕੁਰਸੀਆਂ ਤੇ ਬੈਠੇ, ਟੀ.ਵੀ. ਦਾ ਆਨੰਦ ਮਾਣ ਰਹੇ ਅਤੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਲੋਕਾਂ ਦੀ ਪ੍ਰਵਾਹ ਨਾ ਕਰਦਿਆਂ ਧੁਸ ਦੇ ਕੇ ਅੰਦਰ ਵੜਨ ਲਈ ਅਹੁਲੇ, ਉਦੋਂ ਹੀ ਆਉ-ਭਗਤੀ ਕਾਊਂਟਰ ਤੇ ਬੈਠੀ ਹੁਸੀਨਾ ਨੇ ਸਾਹਮਣੇ ਖੜੇ ਚੌਂਕੀਦਾਰ ਨੂੰ ਇਸ਼ਾਰਾ ਕੀਤਾ। ਚੌਂਕੀਦਾਰ ਨੇ ਉਹਨਾਂ ਨੂੰ ਅੰਦਰੋਂ ਵੜਨ ਤੋਂ ਰੋਕ ਕਾਊਂਟਰ ’ਤੇ ਬੈਠੀ ਹੁਸੀਨਾ ਦੇ ਪੇਸ਼ ਕਰ ਦਿੱਤਾ।ਬਹੁਤ ਹੀ ਹਲੀਮੀ ਨਾਲ ਅੰਗਰੇਜ਼ੀ-ਪੰਜਾਬੀ ਖਿੱਚੜੀ ਭਾਸ਼ਾ ਵਿੱਚ ਉਹਨਾਂ ਨੂੰ ਜੀ ਆਇਆਂ ਕਹਿੰਦਿਆਂ ਪੰਜ ਸੌ ਦਾ ਨੋਟ ਮੰਗੂ ਰਾਮ ਦੀ ਜੇਬ ਵਿੱਚੋਂ ਕਢਵਾ ਕੇ ਸਾਹਮਣੇ ਕੁਰਸੀਆਂ ਤੇ ਬੈਠ ਇੰਤਜ਼ਾਰ ਕਰਨ ਦਾ ਇਸ਼ਾਰਾ ਕਰ ਦਿੱਤਾ।

ਕੱਕੋ ਨੂੰ ਤਾਂ ਅੱਚਵੀਂ ਲੱਗ ਗਈ, ਜਾ ਰਸ਼ੈਪਸਨਿਸ਼ਟ ਦੇ ਦੁਆਲੇ ਹੋਈ,“ਭਾਈ ਬੀਬਾ ,ਇੰਨੇ ਮਰੀਜ਼ਾਂ ਨੂੰ ਸਾਥੋਂ ਪਹਿਲਾਂ ਵੇਂਹਦਿਆਂ ਵੇਂਹਦਿਆਂ ਤਾਂ ਸਾਨੂੰ ਰਾਤ ਪੈ ਜਾਊ,ਅਸੀਂ ਤਾਂ ਬਹੁਤ ਹੀ ਦੂਰ ਜਾਣੈ।ਸਾਨੂੰ ਪਹਿਲਾਂ ਭੇਜ ਅੰਦਰ।" ਇਸ ਤੋਂ ਪਹਿਲਾਂ ਕਿ ਰੀਸ਼ੈਪਸਨਿਸ਼ਟ ਕੁਝ ਬੋਲਦੀ, ਮੰਗੂ ਰਾਮ ਨੇ ਕੱਕੋ ਨੂੰ ਕੋਲ ਸੱਦ ਕੇ ਸਮਝਾਇਆ ਕਿ ਕਮਲੀਏ ਇਹ ਸਾਰੇ ਮਰੀਜ਼ ਨਹੀਂ ਇਹ ਤਾਂ ਮਰੀਜ਼ ਦੇ ਨਾਲ ਆਏ ਪਰਿਵਾਰਕ ਮੈਂਬਰ ਨੇ, ਸਾਡੇ ਲੀਡਰਾਂ ਵਾਂਗ ਹੁਣ ਮਰੀਜ਼ ਆਪਣੀ ਟੌਹਰ ਬਣਾਉਣ ਲਈ ਪੰਜ ਛੇ ਮੈਂਬਰਾਂ ਦਾ ਅਮਲਾ-ਸ਼ਮਲਾ ਨਾਲ ਲਿਆਉਂਦੇ ਨੇ, ਨਾਲੇ ਪਰਿਵਾਰਿਕ ਮੈਂਬਰ ਵੀ ਸੋਚਦੇ ਨੇ ਚੱਲੋ ਏ.ਸੀ. ਦੀ ਦੋ ਘੰਟੇ ਠੰਢੀ ਹਵਾ ਲੈ ਆਵਾਂਗੇ ਨਾਲੇ ਟੀ.ਵੀ. ਦਾ ਆਨੰਦ ਮਾਣ ਆਵਾਂਗੇ--ਘਰੇ ਬਿਜਲੀ ਦਾ ਖਰਚਾ ਬਚੂ।

ਡਾ. ਮੰਗੂ ਰਾਮ ਨੂੰ ਬਹੁਤਾ ਇੰਤਜ਼ਾਰ ਨਾ ਕਰਨਾ ਪਿਆ।ਵੱਡੇ ਡਾਕਟਰ ਸਾਹਮਣੇ ਬੈਠ ਜਿਉਂ ਹੀ ਬੁਖਾਰ ਚੜਣ ਦੀ ਗਾਥਾ ਸੁਣਾਉਣ ਲੱਗਿਆ, ਉਂਗਲ ਦੇ ਇਸ਼ਾਰੇ ਨਾਲ ਡਾਕਟਰ ਨੇ ਮੰਗੂ ਰਾਮ ਨੂੰ ਚੁਪ ਕਰਵਾ ਦਿੱਤਾ ਪਰ ਕੱਕੋ ਵੀਚਾਰੀ ਦੇ ਮੂੰਹ ਨੂੰ ਜਿੰਦਰਾ ਕਿਵੇਂ ਲਾਵੇ? “ਵੇ ਡਾਕਦਰਾ ਇਹਦਾ ਚਿੱਤ ਕਈ ਦਿਨਾਂ ਤੋਂ ਘਾਊਂ-ਮਾਊਂ ਹੋਈ ਜਾਂਦੈ... ਟੁੱਟ ਪੈਣਾ ਬੁਖਾਰ ਮੇਰੀ ਸ਼ੌਕਣ ਬਣਿਆ ਬੈਠਾ। ਬਥੇਰਾ ਇਹਨੂੰ ਕਿਹਾ ਸੀ ਘਰੇ ਹੀ ਓਹੜ-ਪੋਹੜ ਕਰ ਲੈ, ਪਰ ਕਿੱਥੇ? ਕਹਿੰਦਾ, ਵੱਡੇ ਡਾਕਦਰ ਨੂੰ ਮਿਲ ਕੇ ਆਉਣੈ.... ਪੁੱਛਣ ਵਾਲਾ ਹੋਵੇ ਬਈ ਵੱਡੇ ਡਾਕਦਰ ਕੋਲ ਕੋਈ ਝੁਰਲੂ ਐ ਜੀਹਦੇ ਨਾਲ ਬੁਖਾਰ ਨੂੰ ਲੋਪ ਕਰਦੂ?" ਡਾਕਟਰ ਨੇ ਇਕ ਦੋ ਵਾਰ ਇਸ਼ਾਰੇ ਨਾਲ ਕੱਕੋ ਨੂੰ ਚੁਪ ਰਹਿਣ ਲਈ ਕਿਹਾ ਪਰ ਉਹ ਛੇਤੀ ਹੀ ਸਮਝ ਗਿਆ ਕਿ ਇਹ ਤਾਂ ‘ਨਾਨ-ਸਟਾਪ-ਸਪੀਕਿੰਗ ਸਾਫ਼ਟਵੇਅਰ ਫਿਟਡ ਰੱਬ ਦਾ ਘੜਿਆ ਵਿਲੱਖਣ-ਪੀਸ ਹੈ’ ਅਤੇ ਡਾਕਟਰ ਨੇ ਆਪਣੇ ਕੰਨਾਂ ਦੇ ਦਰਵਾਜ਼ੇ ਸਟੈਥੋ ਦੇ ਸਹਾਰੇ ਬੰਦ ਕਰ ਲਏ। ਨਬਜ਼ ਵੇਖ, ਦਿਲ ਦੀ ਧੜਕਣ ਮਿਣ, ਬਲੱਡ-ਪ੍ਰੈਸ਼ਰ ਵੇਖ, ਸਰੀਰ ਦੇ ਵੱਖ ਵੱਖ ਅੰਗਾਂ ਨੂੰ ਟੋਹ ਤੇ ਮੰਗੂ ਰਾਮ ਦੇ ਮੂੰਹੋਂ ਦੋ-ਚਾਰ ਵਾਰ ਹਾਂ-ਹੂੰ ਅਖਵਾ ਆਪਣਾ ਪਹਿਲਾਂ ਪ੍ਰਵਚਨ ਕੀਤਾ, “ਚੰਗਾ ਕੀਤੈ ਮੰਗੂ ਰਾਮਾ ਟਾਈਮ ਤੇ ਆ ਗਿਆ ਜੇ ਕਿਤੇ ਹੋਰ ਲੇਟ ਹੋ ਜਾਂਦੇ ਤਾਂ ਜਾਹ-ਜਾਂਦੀ ਹੋ ਜਾਣੀ ਸੀ।

ਤੂੰ ’ਤਾ ਆਪ ਮੈਡੀਕਲ ਲਾਈਨ ਨਾਲ ਬਾ-ਵਾਸਤਾ ਹੈਂ। ਦਾਖਲ ਕੀਤਿਆਂ ਬਗੈਰ ਇਲਾਜ ਕਰਨ ਦਾ ਸਵਾਦ ਨਹੀਂ ਆਉਂਦਾ।ਬਥੇਰਾ ਕੱਕੋ ਨੇ ਕਿਹਾ, “ਜੀ ਛੱਡੋ, ਦਾਖਲ ਕਰਨ ਦੀ ਕੀ ਲੋੜ ਐ, ਇੱਕ ਟੀਕਾ ਲਾ ਦਿਉ, ਸ਼ੀਸੀ ਦੇ ਦਿਉ, ਚਾਰ ਟਿੱਕੀਆਂ ਦੇ ਦਿਉ ਆਪੇ ਰਮਾਨ ਆਜੂ । "ਕੱਕੋ ਦੀ ਆਵਾਜ਼ ਨੂੰ ਸਿਰ ਉਪਰੋਂ ਲੰਘਾਉਂਦਿਆਂ ਡਾਕਟਰ ਨੇ ਕੰਮਪਾਊਡਰ ਨੂੰ ਆਵਾਜ਼ ਮਾਰੀ,“ਬਈ ਕਾਕਾ ਆਹ ਮੰਗੂ ਰਾਮ ਨੂੰ ਸਪੈਸ਼ਲ ਕਮਰਾ ਨੰ. ਸਤਾਰਾਂ ’ਚ ਲੈ ਚੱਲੋ।"

ਕਾਰ ਚੋਂ ਨਿਕਲ ਬਿਨ੍ਹਾਂ ਕਿਸੇ ਸਹਾਰੇ ਦੇ ਡਾਕਟਰ ਕੋਲ ਪਹੁੰਚੇ ਮੰਗੂ ਰਾਮ ਨੂੰ ਹੁਣ ਦੋ ਜਣਿਆ ਫੜ ਕੇ ਸਤਾਰਾਂ ਨੰਬਰ ਕਮਰੇ ਵਿੱਚ ਮਸਾਂ ਪਹੁੰਚਾਇਆ। ਕਮਰੇ ਵਿੱਚ ਵਿਛੇ ਰੰਗ-ਬਰੰਗੀਆਂ ਪਾਈਪਾਂ ਦੇ ਜਾਲ,ਵੱਖ ਵੱਖ ਸਾਈਜ਼ ਦੇ ਪਏ ਸਲਿੰਡਰਾਂ ਅਤੇ ਹੋਰ ਮੈਡੀਕਲ ਸਾਮਾਨ ਨੂੰ ਆਪਣੇ ਆਲੇ-ਦੁਆਲੇ ਦੇਖ ਮੰਗੂ ਰਾਮ ਨੇ ਹਉਂਕਾ ਲਿਆ,“ਲੱਗਦੈ ਚੰਦ ਤੇ ਘਰ ਬਣਾਉਣ ਦੀ ਖਾਹਿਸ਼ ਵਿੱਚੇ ਹੀ ਰਹਿ ਜਾਊ।" ਤੇ ਉਧਰ ਉਸਨੂੰ ਕੱਕੋ ਦਾ ਭੇਦ ਨਹੀਂ ਸੀ ਆ ਰਿਹਾ ਕਿ ਉਹ ਹੌਂਸਲਾ ਦੇ ਰਹੀ ਸੀ ਜਾਂ ਨਿਹੋਰੇ ਮਾਰ ਰਹੀ ਸੀ, “ਮਖਿਆ ਜੀ ਕੋਈ ਫਿਕਰ ਨਾ ਕਰਨਾ, ਇਹੇ ਜਿਹੇ ਬਹਿਸ਼ਤੀ ਅਸਪਤਾਲ ਤਾਂ ਕਰਮਾਂ ਵਾਲਿਆਂ ਨੂੰ ਨਸੀਬ ਹੁੰਦੇ ਨੇ, ਰੱਬ ਆਪੇ ਹੀ ਠੀਕ ਕਰਦੂ।" ਉਦੋਂ ਹੀ ਲਬਾਰਟਰੀ ਵਾਲਾ ਆ ਹਾਜ਼ਰ ਹੋਇਆ। ਮੰਗੂ ਰਾਮ ਦੇ ਪੁਛਦਿਆਂ ਪੁਛਦਿਆਂ ਕਿ ਕਿਹੜੇ ਕਿਹੜੇ ਟੈਸਟ ਕਰਨੇ ਨੇ, ਸਰਿੰਜ਼ ਖੂਨ ਦੀ ਭਰ ਲਈ।ਵਾਰ ਵਾਰ ਕਹਿਣ ਤੇ ਕੰਮਪਾਊਡਰ ਨੇ ਮੰਗੂ ਰਾਮ ਦੇ ਮੂਹਰੇ ਟੈਸਟਾਂ ਵਾਲੀ ਪਰਚੀ ਕਰ ਦਿੱਤੀ। ਉਸ ਉਪਰ ਲਿਖੇ ਟੈਸਟਾਂ---ਐਚ.ਬੀ, ਸ਼ੂਗਰ, ਟੀ.ਐਲ.ਸੀ, ਮਲੇਰੀਆ, ਯੂਰਿਕ ਏਸਿਡ, ਪ੍ਰੋਟੀਨ, ਕਰੀਟੇਨਿਨ, ਡੇਂਗੂ, ਵਾਇਰਲ ਅਤੇ ਲਿਵਰ- ਫੰਕਸ਼ਨ ਪੜ੍ਹ ਕੇ ਉਸ ਦੀਆਂ ਅੱਖਾਂ ਅਗੇ ਅੰਧੇਰਾ ਛਾ ਗਿਆ। ਬੰਦ ਅੱਖਾਂ ਕਰਨ ਤੇ ਕੰਨੀਂ ਆਵਾਜ਼ ਪਈ-ਡਾਕਟਰ ਚਾਰੂ ਕਹਿ ਰਹੇ ਸਨ,“ਹਾਂ ਬਈ ਕਾਕਾ, ਅੱਜ ਕੱਲ ਏਡਜ਼ ਦਾ ਬੜਾ ਰੌਲਾ ਪੈ ਰਿਹਾ ਹੈ, ਐਚ. ਆਈ ਵੀ .ਵੀ ਕਰ ਲਈਂ।"

“ਕਿਉਂ ਮੰਗੂ ਰਾਮਾ ਖੰਘ-ਖੁੰਘ ਆਉਂਦੀ ਹੈ ਕਿ ਨਹੀਂ?" ਡਾਕਟਰ ਚਾਰੂ ਦੇ ਪੁਛਣ ’ਤੇ ਮੰਗੂ ਰਾਮ ਨੇ ਮਨ ਹੀ ਮਨ ਪਿੱਛਲ- ਝਾਤ ਪਾਈ ਅਤੇ ਯਾਦ ਕਰਦਿਆਂ ਦੱਸਿਆ, “ਜੀ ਵਰ੍ਹੇ-ਛਿਮਾਹੀ।" “ਤਾਹੀਉਂ ਮੈਨੂੰ ਵੀ ਲੱਗ ਰਿਹਾ ਸੀ ਤੇਰੇ ਚੇਹਰੇ ਦੀ ਦਿੱਖ ਤੋਂ।" ਤੇ ਡਾਕਟਰ ਸਾਹਿਬ ਐਲ.ਟੀ. ਨੂੰ ਸੰਬੋਧਿਤ ਹੋਏ,“ਹਾਂ ਕਾਕਾ ਟੀ.ਬੀ.ਦੇ ਟੈਸਟ ਵੀ ਕਰ ਲਈਂ ...ਕੋਈ ਪਤਾ ਨਹੀਂ ਲੱਗਦਾ ਕਿਤੇ ਟੀ.ਬੀ. ਦਾ ਕੀਟਾਣੂੰ ਫੇਫੜਿਆਂ ’ਚ ਲੁਕਿਆ ਨਾ ਬੈਠਾ ਹੋਵੇ।" ਥੋਹੜੇ ਸਮੇਂ ਬਾਅਦ ਵਾਰਡ-ਬੁਆਏ ਟਰਾਲੀ ਲੈ ਕੇ ਆ ਗਿਆ ਤਾਂ ਡਾਕਟਰ ਮੰਗੂ ਰਾਮ ਨੇ ਕੰਮਪਾਊਡਰ ਨੂੰ ਕਿਹਾ ,“ਯਾਰ ਇਹਦੀ ਕੀ ਲੋੜ ਐ, ਮੈਂ ਤੁਰ ਕੇ ਚੱਲਿਆ ਚੱਲਦਾ ਹਾਂ, ਕਿੱਥੇ ਜਾਣੈ?"

“ਨਹੀਂ ,ਨਹੀਂ ਸਰ ਜੀ, ਤੁਸੀਂ ਇੱਥੇ ਬਿਲਕੁਲ ਨਹੀਂ ਤੁਰਨਾ, ਇਹ ਕੋਈ ਲੱਲੂ- ਪੰਜੂ ਹਸਪਤਾਲ ਨਹੀਂ ।ਇਹਦਾ ਕੋਈ ਸਟੈਂਡਰਡ ਹੈ।" ਕਹਿੰਦਿਆ ਉਸਨੇ ਮੰਗੂ ਰਾਮ ਨੂੰ ਮੱਲੋਜ਼ੋਰੀ ਟਰਾਲੀ ’ਤੇ ਲਿਟਾ ਕੇ ਐਕਸਰੇ ਰੂਮ ’ਚ ਪਹੁੰਚਾ ਦਿੱਤਾ। ਵੰਗਾ-ਟੇਢਾ ਲਿਟਾ, ਕਦੇ ਸਿੱਧਾ ਖੜਾ, ਫਿਰ ਟੀਕਾ ਲਗਾ, ਅੱਠ ਐਕਸਰੇ ਖਿੱਚ ਲਏ।

“ਹਾਂ ਬਈ ਮੰਗੂ ਰਾਮਾ ਟੈਸਟਾਂ ਦੀ ਰੀਪੋਰਟ ਤਾਂ ਅਜੇ ਆਈ ਨਹੀਂ ,ਪਰ ਹੋਣ ਤੈਨੂੰ ਮੁਬਾਰਕਾਂ, ਲੱਗਭਗ ਸਾਰੇ ਐਕਸਰੇ ਹੀ ਠੀਕ ਆਏ ਨੇ।ਆਹ ਇਕ ਐਕਸਰੇ ’ਚ ਸਪਾਟ ਜਿਹਾ ਦਿਖਾਈ ਦਿੰਦਾ ਹੈ, ਜੀਅ ਤਾਂ ਨਹੀਂ ਸੀ ਕਰਦਾ ਤੇਰਾ ਬਾਹਲਾ ਖਰਚ ਕਰਵਾਉਣ ਨੂੰ ਪਰ ਤੈਨੂੰ ਪਤੈ ਸ਼ੱਕ ਬੜੀ ਭੈੜੀ ਚੀਜ਼ ਹੁੰਦੈ।" ਮੁਬਾਰਕਾਂ ਮਿਲਣ ਨਾਲ ਮਨ ਨੂੰ ਜਿੰਨਾਂ ਕੁ ਹੌਂਸਲਾ ਹੋਇਆ ਸੀ ਉਹ ਸ਼ਬਦ ‘ਸ਼ੱਕ’ ਨਾਲ ਢਹਿ-ਢੇਰੀ ਹੋ ਗਿਆ।ਕੁਝ ਸੋਚਦਿਆਂ ਡਾਕਟਰ ਚਾਰੂ ਬੋਲਿਆ, “ਮੇਰੀ ਸਲਾਹ ਹੈ ਲੱਗਦੇ ਹੱਥ ਐਮ. ਆਰ. ਆਈ. ਵੀ ਕਰਵਾ ਲਈ ਜਾਵੇ... ਐਵੇਂ ਸ਼ੱਕ ਸ਼ੱਕ ’ਚ ਹੀ ਨੁਕਸਾਨ ਨਾ ਕਰਵਾ ਬਹੀਏ। ਆਹ ਮੈਂ ਪਰਚੀ ਲਿਖ ਦੇਨਾਂ ਤੁਸੀਂ ਜਾਕੇ ਰੋਬੋ ਡਾਇਅਗਨੌਸਟਿਕ ਸੈਂਟਰ ਵਾਲਿਆਂ ਤੋਂ ਕਰਵਾ ਲਿਆਉ।"

ਰੋਬੋ ਵਾਲਿਆਂ ਨੂੰ ਬੜਾ ਕਿਹਾ ਬਈ ਮੈਂ ਵੀ ਮੈਡੀਕਲ -ਲਾਈਨ ਨਾਲ ਸਬੰਧਿਤ ਹਾਂ, ਕੁਝ ਪੈਸੇ ਤਾਂ ਘੱਟ ਕਰੋ ਤਾਂ ਉਹਨਾਂ ਦਾ ਜਵਾਬ ਸੀ, “ਜਨਾਬ ਸਾਡੇ ਰੇਟ ਤਾਂ ਪਹਿਲਾਂ ਹੀ ਬਹੁਤ ਘੱਟ ਨੇ ਨਾਲੇ ਸਾਨੂੰ ਖਰਚੇ ਬਹੁਤ ਪੈਂਦੇ ਨੇ-ਬਿਲਡਿੰਗ ਦੀ ਮੇਨਟੀਨੈਸ ਦਾ ਖਰਚਾ,ਕਰਮਚਾਰੀਆਂ ਦੀਆਂ ਤਨਖਾਹਾਂ, ਰਕਮਾਂ ਦਾ ਵਿਆਜ, ਮਹਿਕਮਿਆਂ ਦੀਆਂ ਵੰਗਾਰਾਂ, ਡਾਕਟਰਾਂ ਦੇ ਹਿੱਸੇ ਵਗੈਰਾ ਵਗੈਰਾ ।ਇਸ ਲਈ ਭਾਈ ਸਾਹਿਬ ਹੁਣ ਤਾਂ ਛੇ ਹਜ਼ਾਰ ਹੀ ਲੱਗੇਗਾ। ਹਾਂ ਜੇਕਰ ਤੁਸੀਂ ਮਰੀਜ਼ ਸਿੱਧੇ ਇਧਰ ਭੇਜ ਦਿਆ ਕਰੋਗੇ ਤਾਂ ਤੁਹਾਡਾ ਘਰ ਪੂਰਾ ਕਰ ਦਿਆ ਕਰਾਂਗੇ।" ਜਦੋਂ ਮੰਗੂ ਰਾਮ ਨੇ ਪੁਛਿਆ ਰੀਪੋਰਟ ਕੀ ਆਹਦੀ ਹੈ ਤਾਂ ਓਹਨਾਂ ਦਾ ਜਵਾਬ ਸੀ, “ਜੀ ਤੁਸੀਂ ਤਾਂ ਬੜੀ ਕਿਸਮਤ ਵਾਲੇ ਹੋ... ਕੋਈ ਵੀ ਬੀਮਾਰੀ ਨਹੀਂ ਆਈ ਪਰ ਫਿਰ ਵੀ ਡਾ. ਚਾਰੂ ਜੀ ਨੂੰ ਜਾਕੇ ਦਿਖਾ ਲਉ।"



**ਮੰਗਤ ਕੁਲਜਿੰਦ**

425-286-0163 ਸਿਆਟਲ,
+91 94177-53892 ਬਠਿੰਡਾ

ਤੇ ਡਾਕਟਰ ਚਾਰੂ ਨੇ ਵਧਾਈਆਂ ਦੀ ਝੜੀ ਲਾ ਦਿੱਤੀ, “ਬਈ ਮੰਗੂ ਰਾਮਾ ਬੜਾ ਨਸੀਬਾਂ ਵਾਲਾ ਹੈਂ,ਸਾਰੀਆਂ ਰੀਪੋਰਟਾਂ ਠੀਕ ਆਈਆਂ ਨੇ।" ਮੋਢੇ ਤੇ ਥਾਪੀ ਦਿੰਦਿਆਂ ਕਿਹਾ,“ਚੱਲ ਐਸ਼ ਕਰ,ਫਿਕਰ ਨਾ ਕਰ ਭੋਰਾ.. ਤੈਨੂੰ ਕੁਝ ਨ੍ਹੀ ਹੋਇਆ,ਮੈਨੂੰ ਤਾਂ ਪਹਿਲਾਂ ਈ ਲੱਗਦਾ ਸੀ ਕਿ ਤੂੰ ਨੌ-ਬਰ-ਨੌ ਹੈ। ਚੱਲ ਸ਼ੱਕ ਤਾਂ ਨਿਕਲ ਗਿਆ ਐਂਵੇ ਕਿਸੇ ਕੰਮ ਦੇ ਥਕੇਵੇਂ ਕਾਰਨ ਜਾਂ ਬਦਲਦੇ ਮੌਸਮ ਕਾਰਨ ਬੁਖਾਰ ਹੋ ਗਿਆ ਹੋਣੈ।" ਸਾਰੀਆਂ ਰੀਪੋਰਟਾਂ ਐਕਸਰੇ ਇਕੱਠੇ ਕਰ ਨਰਸ ਨੂੰ ਫੜਾਉਦਿਆਂ ਡਾ. ਮੰਗੂ ਰਾਮ ਨੂੰ ਉਹਦੇ ਮਗਰ ਤੋਰ ਦਿੱਤਾ। ਕੋਈ ਵੀ ਬੀਮਾਰੀ ਨਾ ਹੋਣ ਦੀ ਤਸੱਲੀ ਮਿਲ ਜਾਣ ਤੇ ਮੰਗੂ ਰਾਮ ਨਰਸ ਦੀ ਪੈੜ "ਚ ਪੈੜ ਮਿਲਾਉਦਿਆਂ ਭੱਜਿਆ ਜਾ ਰਿਹਾ ਸੀ।ਕਾਊਂਟਰ ਤੇ ਬੈਠੇ ਕਰਮਚਾਰੀ ਨੂੰ ਕਾਗਜ਼ ਫੜਾਕੇ ਨਰਸ ਨੇ ਕਿਹਾ, “ਸਤਾਰਾਂ ਨੰਬਰ, ਹਿਸਾਬ ਕਰ ਦਿਉ," “ਜੀ ਤੁਹਾਡੇ ਬਣ ਗਏ ਕੁਲ ਸੋਲਾਂ ਹਜ਼ਾਰ ਨੌਂ ਸੌ ਨੜਿੰਨਵੇਂ ਰੁਪੈ ਤੇ ਨੜਿਨਵੇਂ ਪੈਸੇ।" ਜਿਵੇਂ ਉਹ ਪਹਿਲਾਂ ਹੀ ਹਿਸਾਬ ਬਣਾਈ ਬੈਠਾ ਸੀ।

“ਹੈਂ! ਇੰਨੇ ਪੈਸੇ?ਕਾਹਦੇ?" ਮੰਗੂ ਰਾਮ ਦਾ ਮੂੰਹ ਇੰਗਲਿਸ਼ ਦੀ ਓ ਵਰਗਾ ਬਣ ਗਿਆ।

ਕੰਮਪਿਊਟਰ ਵਿੱਚੋਂ ਡੀਟੇਲ ਕੱਢਕੇ ਮੰਗੂ ਰਾਮ ਦੇ ਮੂਹਰੇ ਧਰਦਿਆਂ ਕਰਮਚਾਰੀ ਨੇ ਵਧਾਈ ਦਿੱਤੀ,“ਜਨਾਬ ਥੋਡੀ ਤਾਂ ਕਿਸਮਤ ਬਹੁਤ ਹੀ ਚੰਗੀ ਐ, ਇਥੋਂ ਤਾਂ ਲੋਕ ਰੈਫਰ ਹੋ ਕੇ ਉਪਰ ਨੂੰ ਮੇਰਾ ਮਤਲਬ ਏਦੂੰ ਵੀ ਵੱਡੇ ਹਸਪਤਾਲਾਂ ਨੂੰ ਜਾਂਦੇ ਨੇ ਤੁਸੀਂ ਕਰਮਾਂ ਵਾਲੇ ਹੋ ਜੋ ਵਾਪਿਸ ਜਾ ਰਹੇ ਹੋ।"

ਬੜਾ ਹੀ ਮਾਯੂਸ ਹੋਕੇ ਜੇਬ ਚੋਂ ਪੈਸੇ ਕੱਢ ਕਰਮਚਾਰੀ ਨੂੰ ਫੜਾਉਂਦਿਆ ਮੰਗੂ ਰਾਮ ਨੇ ਕਿਹਾ, “ਆਹ ਲੈ ਕਾਕਾ, ਸੋਲਾਂ ਹਜ਼ਾਰ ਨੌ ਸੌ ਨੜਿੰਨਵੇਂ ਰੁਪੈ ਅਤੇ ਨੜਿੰਨਵੇਂ ਪੈਸਿਆਂ ਚ ਆਹ ਸਾਰੀਆਂ ਰੀਪੋਰਟਾਂ ਅਤੇ ਲਟਰਮ ਪਟਰਮ ਰੱਖ ਲੈ,ਇਹਨਾਂ ’ਚ ਕਿਹੜਾ ਕੁਛ ਹੈਗਾ ਬਈ ਮੈਂ ਕਿਸੇ ਹੋਰ ਨੂੰ ਦਿਖਾ ਲਊਂ।"

"ਕਿਉਂ ਸਰ ਜੀ , ਟਿਚਰਾਂ ਕਰਦੇ ਹੋ.... ਇਹ ਸਾਡੇ ਕਿਸ ਕੰਮ ਨੇ, ਜੇ ਖੁਸ਼ੀ ਸਾਂਝੀ ਹੀ ਕਰਨੀ ਹੈ ਤਾਂ ਨੀਲਾ ਨੋਟ ਦੇ ਕੇ ਜਾਉ ਅਸੀਂ ਵੀ ਚਾਹ ਪਾਣੀ ਪੀ ਲਾਂ ਗੇ।"

ਵਿਸ਼ਾਣੂੰਆਂ, ਕੀਟਾਣੂੰਆਂ ਅਤੇ ਜੀਵਾਣੂੰਆਂ ਤੋਂ ਬਚਿਆ ਡਾ. ਮੰਗੂ ਰਾਮ ਜੇਬ ਹਲਕੀ ਹੋ ਜਾਣ ਤੇ ਕਈ ਦਿਨ ਕੱਕੋ ਦੇ ਡੰਗ ਸਹਿੰਦਾ ਰਿਹਾ।

### ਬਾਬਾ ਸ਼ੇਖ਼ ਫ਼ਰੀਦ ਸ਼ਕਰਗੰਜ ਜੀ ਦੇ ਜਨਮ ਦਿਨ ’ਤੇ ਵਿਸ਼ੇਸ਼

# ‘ਫ਼ਰੀਦ ਜੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪੱਥ-ਪ੍ਰਦਰਸ਼ਕ’



ਪ੍ਰੋ: ਐਚ.ਐਲ.ਕਪੂਰ

ਹਰ ਸੱਭਿਆਚਾਰ ਦੀ ਆਪਣੀ ਨਿਵੇਕਲੀ ਹੀ ਪਛਾਣ ਹੁੰਦੀ ਹੈ। ਜਿਸ ਤਰ੍ਹਾਂ ਸੰਗੀਤ, ਨਾਚ, ਖ਼ੁਰਾਕ, ਪਹਿਰਾਵਾ, ਭਾਸ਼ਾ ਆਦਿ। ਇਨ੍ਹਾਂ ਸਭ ਰੂਪਾਂ ’ਚੋਂ ਇਹ ਸੰਭਵ ਹੈ ਕਿ ਭਾਸ਼ਾ ਦਾ ਦ੍ਰਿਸ਼ਟੀਕੋਣ ਸਭ ਤੋਂ ਜ਼ਿਆਦਾ ਮਹੱਤਵ ਰੱਖਦਾ ਹੈ। ਭਾਸ਼ਾ ਸਾਨੂੰ ਸੱਭਿਆਚਾਰ ਸਿਖਾਉਂਦੀ ਹੈ, ਇਕ ਵਿਲੱਖਣ ਪਛਾਣ ਦਿੰਦੀ ਹੈ; ਇਸ ਲਈ ਭਾਸ਼ਾ ਹੀ ਇਕ ਅਜਿਹੀ ਚੀਜ਼ ਹੈ, ਜਿਹੜੀ ਸਾਨੂੰ ਅਲੱਗ ਜਾਂ ਵੱਖਰੀ ਪਛਾਣ ਦਿਵਾਉਂਦੀ ਹੈ। ਇਸ ਸੰਸਾਰ ’ਚ ਹਜ਼ਾਰਾਂ ਹੀ ਭਾਸ਼ਾਵਾਂ, ਬੋਲੀਆਂ ਤੇ ਲਿਖੀਆਂ ਜਾਂਦੀਆਂ ਹਨ। ਯੂਰਪ ਦਾ ਆਧੁਨਿਕ ਸੱਭਿਆਚਾਰ ਹੋਵੇ ਭਾਵੇਂ ਅਫ਼ਰੀਕਾ ਜਾਂ ਦੱਖਣੀ ਅਮਰੀਕਾ ਦੇ ਜੰਗਲਾਂ ਦੇ ਆਦਿਵਾਸੀ ਕਬੀਲੇ ਹੋਣ, ਹਰ ਇਕ ਦੀ ਆਪਣੀ ਵੱਖਰੀ ਪਛਾਣ ਭਾਸ਼ਾ ਕਰਕੇ ਹੀ ਹੈ। ਅਸੀਂ ਭਾਸ਼ਾ ਤੋਂ ਹੀ ਕਿਸੇ ਕੌਮ ਦੇ ਸੱਭਿਆਚਾਰ ਦੀ ਸ਼ੁਰੂ ਤੋਂ ਜਾਣਕਾਰੀ ਪ੍ਰਾਪਤ ਕਰਦੇ ਹਾਂ ਤੇ ਭਾਸ਼ਾ ’ਚ ਲਿਖਿਆ ਇਤਿਹਾਸ ਹੀ ਸਾਨੂੰ ਇਹ ਦੱਸਦਾ ਹੈ ਕਿ ਕਿਹੜਾ ਸੱਭਿਆਚਾਰ, ਕਿਹੜੇ ਤੋਂ ਪਹਿਲਾਂ ਹੋਂਦ ’ਚ ਆਇਆ ਤੇ ਉਹ ਕਿੰਨਾ ਪੁਰਾਣਾ ਹੈ। ਸੰਸਾਰ ਦੀਆਂ ਪੁਰਾਣੀਆਂ ਭਾਸ਼ਾਵਾਂ ਚੀਨੀ, ਅਰਬੀ, ਸੰਸਕ੍ਰਿਤ ਆਦਿ ’ਚ ਲਿਖਿਆ ਗਿਆ ਇਤਿਹਾਸ ਹੀ ਸਭ ਤੋਂ ਪੁਰਾਣਾ ਇਤਿਹਾਸ ਹੈ ਪਰ ਕਿਸੇ ਨੁਕਤੇ ਤੋਂ ਜਾਂ ਦੂ-ਜੀਆਂ ਭਾਸ਼ਾਵਾਂ ਦੇ ਸਮੂਹ ਤੋਂ ਦੇਖਿਆ ਜਾਵੇ ਤਾਂ ਫਰਾਂਸ ਤੇ ਜਰਮਨੀ ਆਦਿ ਦਾ ਸੱਭਿਆਚਾਰ ਤੇ ਭਾਸ਼ਾਵਾਂ ਦਾ ਵਿਕਾਸ ਲਾਤੀਨੀ ਭਾਸ਼ਾ ’ਚ ਹੀ ਹੋਇਆ ਹੈ ਤੇ ਇਸ ਤਰ੍ਹਾਂ ਹੀ ਸਾਡੀਆਂ ਭਾਸ਼ਾਵਾਂ ਪੰਜਾਬੀ, ਹਿੰਦੀ, ਉਰਦੂ ਆਦਿ ਭਾਸ਼ਾਵਾਂ ਦਾ ਵਿਕਾਸ ਵੀ ਸੰਸਕ੍ਰਿਤ, ਫਾਰਸੀ ਵਗੈਰਾ ’ਚੋ. ਹੀ ਹੋਇਆ ਹੈ।

ਪੰਜਾਬੀ ਭਾਸ਼ਾ ਦੀ ਪਛਾਣ ਪਹਿਲਾਂ ਸਪਤਸਿੰਧੂ ਭਾਵ ਸੱਤਾਂ ਦਰਿਆਵਾਂ ਦਾ ਦੇਸ਼ ਤੇ ਹੁਣ ਪੰਜਾਬ ਦੇ ਪੰਜ ਦਰਿਆਵਾਂ ਦੇ ਇਲਾਕਿਆਂ ’ਚ ਰਹਿਣ ਵਾਲੇ ਲੋਕਾਂ ਤੋਂ ਕੀਤੀ ਜਾਂਦੀ ਹੈ। ਜੰਮੂ ਦੇ ਪੂਰਬ ਤੇ ਪੱਛਮ ’ਚ ਵਗਦੇ ਦਰਿਆਵਾਂ ਦੇ ਗਿਰਦ ਰਹਿੰਦੇ ਲੋਕ ਵੀ, ਪੰਜਾਬੀ ਅਖਵਾਉਂਦੇ ਹਨ। ਪੰਜਾਬੀ ਸੱਭਿਆਚਾਰ ਤੇ ਬੋਲੀ ਦਾ ਇਤਿਹਾਸ ਸਹੀ ਮਾਅਨਿਆਂ ’ਚ 1173 ਈਸਵੀ ਨੂੰ ਰਮਜ਼ਾਨ ਦੇ ਦਿਨਾਂ ਤੋਂ ਸ਼ੁਰੂ ਹੁੰਦਾ ਹੈ। ਮੇਰੇ ਕਹਿਣ ਤੋਂ ਭਾਵ ਫ਼ਰੀਦ-ਉੱਦ-ਦੀਨ ਮਸਾਊਦ ਸ਼ਕਰਗੰਜ਼, ਬਾਬਾ ਫ਼ਰੀਦ ਦੇ ਪਾਕਪਟਨ ਵਿਖੇ ਜਨਮ ਤੋਂ ਹੁੰਦਾ ਹੈ। ਸ਼ੇਖ ਸੁਲੇਮਾਨ ਦੇ ਘਰ ਇਕ ਅਜਿਹੇ ਚਰਾਗ ’ਤੇ ਮਹਾਨ ਆਤਮਾ ਨੇ ਜਨਮ ਲਿਆ, ਜਿਸ ਨੇ ਆਪਣੇ ਮਾਤਾ-ਪਿਤਾ ਦੇ ਘਰ ਨੂੰ ਹੀ ਰੌਸ਼ਨ ਨਹੀਂ ਕੀਤਾ ਸਗੋਂ ਉਹ ਸਮੁੱਚੀ ਮਾਨਵਤਾ ਲਈ ਸੂਰਜ ਬਣ ਕੇ ਚਮਕਿਆ।

ਹਾਂ, ਇੱਥੇ ਇਹ ਗੱਲ ਸਪਸ਼ਟ ਕਰ ਦੇਣੀ ਬੜੀ ਜ਼ਰੂਰੀ ਹੈ ਕਿ ਸ਼ੇਖ ਫ਼ਰੀਦ ਜੀ ਦੀ ਬਾਣੀ ਅੱਜ ਦੀ ਆਧੁਨਿਕ ਪੰਜਾਬੀ ਦੇ ਸਰਲ ਰੂਪ ਦੇ ਬਹੁਤ ਨਜ਼ਦੀਕ ਜਾਪਦੀ ਹੈ ਕਿਉਂਕਿ ਉਸ ਸਮੇਂ ਪੰਜਾਬੀ ਭਾਸ਼ਾ ਆਪਣੇ ਅੱਪਭ੍ਰੰਸ਼ਕ ਰੂਪ ਤੋਂ ਪਰਿਵਰਤਿਤ ਹੋ ਕੇ ਆਧੁਨਿਕ ਪੰਜਾਬੀ ਦਾ ਰੂਪ ਗ੍ਰਹਿਣ ਕਰ ਰਹੀ ਸੀ। ਇਸ ਲਈ ਕਈ ਇਤਿਹਾਸਕਾਰ ਕਾਫੀ ਸਮਾਂ ਪਹਿਲਾਂ ਕਹਿੰਦੇ ਹੁੰਦੇ ਸਨ ਕਿ ਪੰਜਾਬੀ ਸਾਹਿਤ ਦਾ ਇਤਿਹਾਸ ਹੀ ਬਾਬਾ ਫ਼ਰੀਦ ਤੋਂ ਸ਼ੁਰੂ ਹੁੰਦਾ ਹੈ। ਪਰ ਨਹੀਂ, ਇਹ ਇਸ ਤਰ੍ਹਾਂ ਨਹੀਂ ਹੈ। ਪੰਜਾਬੀ ਭਾਸ਼ਾ ਦੇ ਆਰੰਭ ਨੂੰ ਡਾਕਟਰ ਮੋਹਨ ਸਿੰਘ ‘ਦੀਵਾਨਾ’ ਆਪਣੇ ਲਿਖੇ ਗਏ ਅੰਗਰੇਜ਼ੀ ਭਾਸ਼ਾ ’ਚ, ਪੰਜਾਬੀ ਸਾਹਿਤ ਦੇ ਇਤਿਹਾਸ ‘ਐਨ ਇੰਟਰੋਡਕਸ਼ਨ ਟੂ ਦੀ ਸਟੱਡੀ ਆਫ ਪੰਜਾਬੀ ਲਿਟਰੇਚਰ’ ’ਚ ਅੱਠਵੀਂ ਸਦੀ ਤੋਂ ਮੰਨਦੇ ਹਨ। ਇਸ ਨੂੰ ਸਾਬਤ ਕਰਨ ਲਈ, ‘ਨਾਥਾਂ ਯੋਗੀਆਂ ਦੇ ਕਾਲ ’ਚ, ਨਾਥਾਂ ਯੋਗੀਆਂ ਦੁਆਰਾ ਪੰਜਾਬੀ ਭਾਸ਼ਾ ’ਚ ਲਿਖੇ ਗਏ ਭਜਨ ਤੇ ਕਵਿਤਾ ਦੇ ਹੋਰ ਰੂਪਾਂ ਨਾਲ, ਸਾਬਤ ਕਰਦੇ ਹਨ। ਇਸ ਲਈ ਉਹ ਬਾਬਾ ਫ਼ਰੀਦ ਜੀ ਤੋਂ ਨਹੀਂ, ਸਗੋਂ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਹੋਰ ਤਿੰਨ-ਚਾਰ ਸੌ ਸਾਲ ਬਾਬਾ ਫ਼ਰੀਦ ਤੋਂ ਪਹਿਲਾਂ ਆਰੰਭ ਹੋਇਆ ਸਾਬਤ ਕਰਦੇ ਹਨ। ਇਸ ਲਈ ਪੰਜਾਬੀ ਸਾਹਿਤ ਦਾ ਇਤਿਹਾਸ ਹਿੰਦੀ ਤੇ ਉਰਦੂ ਭਾਸ਼ਾ ਦੇ ਵਿਕਸਤ ਹੋਣ ਤੋਂ ਕਿਤੇ ਪਹਿਲਾਂ ਦਾ ਹੈ।

ਇਹ ਧਾਰਨਾ ਪੰਜਾਬ, ਭਾਰਤ ਤੇ ਪਾਕਿਸਤਾਨ ’ਚ ਬੜੇ ਪ੍ਰਬੱਲ ਰੂਪ ’ਚ ਮੰਨੀ ਜਾਂਦੀ ਹੈ ਕਿ ਬਾਬਾ ਫ਼ਰੀਦ ਜੀ ਦਾ ਜਨਮ ਉਸ ਸਮੇਂ ਹੋਇਆ ਜਦੋਂ ਅਫ਼ਗਾਨੀ ਲੋਕ ਭਾਰਤ ’ਤੇ ਕਬਜ਼ਾ ਕਰਨ ਲਈ ਪੁਰਜ਼ੋਰ ਹਮਲੇ ਕਰ ਰਹੇ ਸਨ। ਅਮੀਰ ਤੈਮੂਰ (ਤਿੰਮਰ ਲੰਗ), ਹਲਾਕੂ (ਚੰਗੇਜ਼ ਖ਼ਾਨ ਦਾ ਪੁੱਤਰ) ਆਦਿ ਫ਼ਰੀਦ ਜੀ ਦੇ ਜਨਮ ਲੈਣ ਤੋਂ 200 ਸਾਲ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਤੋਂ ਭਾਰਤ ’ਤੇ ਹਮਲੇ ਕਰ ਰਹੇ ਸਨ। ਉਸ ਸਮੇਂ ਭਾਰਤ ਦੀ ਸਰਕਾਰੀ ਭਾਸ਼ਾ ਤੁਰਕੀ ਤੇ ਫਾਰਸੀ ਸੀ। ਦਾਸ ਵੰਸ਼ ਦੇ ਰਾਜਾ ਕੁਤਬਦੀਨ ਐਬਕ ਤੋਂ ਆਰੰਭ ਹੋਇਆ ਇਹ ਵੰਸ਼ ਸੁਲਤਾਨ ਬਲਬਨ ਤੱਕ ਭਾਰਤ ’ਤੇ ਕਾਬਜ਼ ਰਿਹਾ। ਭਾਰਤ ’ਤੇ ਕਾਬਜ਼ ਹੋਣ ਤੋਂ 200 ਤੋਂ 300 ਸਾਲ ਪਹਿਲਾਂ ਅਫ਼ਗਾਨਾਂ ਨੇ ਤਲਵਾਰ ਦੇ ਜ਼ੋਰ ’ਤੇ ਇਰਾਨ, ਅਫ਼ਗਾਨਿਸਤਾਨ ਤੇ ਪੂਰਬੀ ਯੂਰਪ ਦੇ ਇਲਾਕਿਆਂ ’ਤੇ ਆਪਣਾ ਰਾਜ ਜਮਾਈ ਰੱਖਿਆ। ਠੀਕ ਇਸੇ ਤਰ੍ਹਾਂ ਹੀ ਦਾਸ ਵੰਸ਼ ਦੇ ਰਾਜਾ ਕੁਤਬਦੀਨ ਐਬਕ ਨੇ ਤਲਵਾਰ ਦੇ ਜ਼ੋਰ ਨਾਲ ਭਾਰਤ ’ਤੇ ਰਾਜ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੀ ਆਪਣੇ ਵੱਖ-ਵੱਖ ਕਬੀਲਿਆਂ ਦੀ ਅੰਦਰੂਨੀ ਫੁੱਟ ਕਾਰਨ ਉਹ ਜ਼ਿਆਦਾ ਦੇਰ ਤੱਕ ਕਾਬਜ਼ ਨਾ ਰਹਿ ਸਕੇ। ਇਸ ਸਮੇਂ ਦੌਰਾਨ ਅਰਬ ਦੇਸ਼ਾਂ ਤੇ ਹੋਰ ਥਾਂਵਾਂ ਤੋਂ ਸੂਫ਼ੀ ਆਪਣਾ ਅੱਲਾਹ ਨਾਲ ਪ੍ਰੇਮ ਕਰਨ ਦਾ ਸੰਦੇਸ਼ ਫੈਲਾਉਣ ਲਈ ਭਾਰਤ ਆਏ। ਉਸ ਸਮੇਂ ਸੂਫ਼ੀ ਸੰਤ ਖ਼ਵਾਜਾ-ਕੁਤਬ-ਉੱਲ-ਦੀਨ ਬਖ਼ਤਿਆਰ ਕਾਕੀ ਜਿਹੜਾ ਕਿ ਸਯਦ ਜਾਫ਼ਰੀ ਹੁਸੈਨੀ ਕਬੀਲੇ ਨਾਲ ਸਬੰਧਤ ਸੀ, ਇਕ ਬਹੁਤ ਮਸ਼ਹੂਰ ਸੂਫ਼ੀ ਸੰਤ ਸੀ।

ਖ਼ਵਾਜਾ ਬਖ਼ਤਿਆਰ ਕਾਕੀ ਦਾ ਜਨਮ 1150 ਈਸਵੀ ਦੇ ਕਰੀਬ ਹੋਇਆ ਜਿਸ ਨੇ ਆਪਣੀ ਤਾਲੀਮ ਤੇ ਸੂਫ਼ੀ ਮੱਤ ਦੀ ਸਿੱਖਿਆ ਅੱਬੂ ਹਿਫ਼ਜ਼ ਤੋਂ ਪ੍ਰਾਪਤ ਕੀਤੀ। ਉਹ ਅਜਮੇਰ ਗਿਆ ਤੇ ਮੁਆਇਨ-ਉੱਲ-ਦੀਨ ਹਸਨ ਚਿਸ਼ਤੀ ਦੇ ਪੈਰੋਕਾਰ ਬਣ ਗਏ। ਉਥੇ ਰਹਿੰਦਿਆਂ ਉਹ ਦਿੱਲੀ ਆ ਗਏ ਤੇ ਸ਼ੇਖ਼ ਫ਼ਰੀਦ ਜੀ ਉਹਨਾਂ ਨੂੰ ਦਿੱਲੀ ਮਿਲੇ ਤੇ ਉਨ੍ਹਾਂ ਦੇ ਪੈਰੋਕਾਰ ਬਣ ਗਏ। ਬਾਦਸ਼ਾਹ ਸੁਲਤਾਨ ਸ਼ਾਮਸ-ਉੱਲ-ਦੀਨ ਅਲਤਮੱਸ਼ ਵੀ ਉਨ੍ਹਾਂ ਦੇ ਪੈਰੋਕਾਰ ਬਣ ਗਏ ਸਨ। ਖ਼ਵਾਜਾ ਬਖ਼ਤਿਆਰ ਕਾਕੀ ਦਿੱਲੀ ਵਿਖੇ ਹੀ 1235 ਈਸਵੀ ਨੂੰ ਸਵਰਗਵਾਸ ਹੋ ਗਏ ਤੇ ਉਹਨਾਂ ਦਾ ਸੰਸਕਾਰ ਵੀ ਦਿੱਲੀ ’ਚ ਹੀ ਕੀਤਾ ਗਿਆ। ਉਨ੍ਹਾਂ ਦੀ ਯਾਦ ’ਚ ਦਿੱਲੀ ਵਿਖੇ ਬਣਿਆ ਸੁੰਦਰ ਮਕਬਰਾ ਅੱਜ ਵੀ ਮੌਜੂਦ ਹੈ, ਜਿੱਥੇ ਕੱਟੜ ਹਿੰਦੂ, ਸਿੱਖ ਤੇ ਮੁਸਲਮਾਨ ਅੱਜ ਵੀ ਬੜੇ ਸਤਿਕਾਰ ਨਾਲ ਸੱਜਦਾ ਕਰਨ ਜਾਂਦੇ ਹਨ। ਉਨ੍ਹਾਂ ਦੇ ਵੰਸ਼ਜ਼ ਦੇ ਮੁੱਲਾਂ ਨੂੰ 'ਚਿਸ਼ਤੀ’ ਕਿਹਾ ਜਾਂਦਾ ਹੈ।

ਪਾਕਪਟਨ ਵਿਖੇ ਬਾਬਾ ਸ਼ੇਖ਼ ਫ਼ਰੀਦ ਜੀ ਦੀ ਵੰਸ਼ਾਵਲੀ ’ਚੋਂ ਅੱਜ ਵੀ ਉਨ੍ਹਾਂ ਦੀ ਗੱਦੀ ਦੇ ਜਿਸਨੂੰ ਵਾਰਿਸ ਬਣਾਇਆ ਜਾਂਦਾ ਹੈ, ਉਸ ਨੂੰ ਜਵਾਹੀ-ਰ-ਫ਼ਰੀਦੀ ਦੇ ਖ਼ਿਤਾਬ ਨਾਲ ਸਨਮਾਨਿਤ ਕਰਕੇ, ਜਾਨਸ਼ੀਨ ਸਥਾਪਤ ਕਰਕੇ ਸੁਰੱਖਿਅਤ ਰੱਖਿਆ ਜਾਂਦਾ ਹੈ ਤੇ ਗੱਦੀ ਦੇ ਹਰ ਵਾਰਿਸ ਦੇ ਨਾਮ ਨਾਲ ਪਹਿਲਾ ਫ਼ਰੀਦ ਸ਼ਬਦ ਲਿਖਿਆ ਜਾਂਦਾ ਹੈ। ਬਾਬਾ ਫ਼ਰੀਦ ਜੀ ਫਾਰੁਖ਼ਸ਼ਾਹ ਦੇ ਖਾਨਦਾਨ ’ਚੋਂ ਸਨ, ਜਿਹੜਾ ਕਿ ਕਾਬਲ ਦਾ ਬਾਦਸ਼ਾਹ ਸੀ। ਗ਼ਜ਼ਨੀ ਤੇ ਅਫ਼ਗਾਨਿਸਤਾਨ ਦੇ ਹੋਰ ਕਈ ਸੂਬੇ ਉਸ ਦੇ ਅਧੀਨ ਸਨ। ਬਾਬਾ ਸ਼ੇਖ਼ ਫ਼ਰੀਦ ਦੇ ਪੜਦਾਦਾ, ਬਾਦਸ਼ਾਹ ਫਾਰੁਖ਼ਸ਼ਾਹ ਦਾ ਪੁੱਤਰ ਸੀ ਜਿਹੜਾ ਕਿ ਕਾਬਲ ਦਾ ਬਾਦਸ਼ਾਹ ਸੀ। ਉਨ੍ਹਾਂ ਦਿਨਾਂ ’ਚ ਬਾਬਾ ਫ਼ਰੀਦ ਜੀ ਦੇ ਪੜਦਾਦਾ, ਉਸ ਸਮੇਂ ਮਾਰੇ ਗਏ ਸਨ ਜਦੋਂ ਹਲਾਕੂ ਜਿਹੜਾ ਕਿ ਚੰਗੇਜ਼ ਖ਼ਾਨ ਦਾ ਪੋਤਾ ਸੀ, ਨੇ ਕਾਬਲ ’ਤੇ ਹਮਲਾ ਕੀਤਾ ਸੀ। ਉਸ ਨੇ ਹੋਰ ਵੀ ਕਈ ਸ਼ਹਿਜ਼ਾਦੇ, ਵਿਦਵਾਨ ਵਿਅਕਤੀ ਤੇ ਬਾਬਾ ਫ਼ਰੀਦ ਜੀ ਦੇ ਰਿਸ਼ਤੇਦਾਰ ਜੋ ਇਨ੍ਹਾਂ ਦੇ ਵੱਡੇ-ਵਡੇਰੇ ਸਨ, ਮਾਰ ਦਿੱਤੇ ਸਨ। ਬਾਬਾ ਸ਼ੇਖ ਫ਼ਰੀਦ ਜੀ ਦੇ ਦਾਦਾ ਸ਼ੇਖ਼ ਸਾਹਿਬ ਨੇ ਆਪ ਦੇਸ਼ ਛੱਡ ਦਿੱਤਾ ਸੀ ਤੇ ਉਹਨਾਂ ਨੇ ਪੰਜਾਬ ’ਚ ਇਕ ਰਫ਼ੂਜੀ ਦੇ ਤੌਰ ਤੇ 1125 ਈਸਵੀ ’ਚ ਪਨਾਹ ਲੈ ਲਈ ਸੀ। ਕਸੂਰ ਦਾ ਕਾਜ਼ੀ ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਹ ਬਹੁਤ ਸ਼ਾਹੀ ਘਰਾਣੇ ਦੇ ਸ਼ੇਖ਼ ਸਾਹਿਬ ਹਨ ਤੇ ਉਸ ਨੇ ਇਨ੍ਹਾਂ ਦੀ ਬਹੁਤ ਆਓ-ਭਗਤ ਤੇ ਮਹਿਮਾਨ ਨਿਵਾਜੀ ਕੀਤੀ। ਕੁਝ ਸਮੇਂ ਬਾਅਦ ਸ਼ੇਖ਼ ਸਾਹਿਬ ਮੁਲਤਾਨ ਨੂੰ ਰਵਾਨਾ ਹੋ ਗਏ ਤੇ ਉਥੇ ਉਨ੍ਹਾਂ ਨੇ ਵਿਚਾਰ ਕੀਤੀ ਕਿ ਉਨ੍ਹਾਂ ਨੂੰ ਆਪਣੇ ਸ਼ਾਹੀ ਘਰਾਣੇ ਨਾਲ ਸੰਬੰਧਾਂ ਦੀ ਲੋਕਾਂ ਨੂੰ ਜਾਣਕਾਰੀ ਨਹੀਂ ਦੇਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਨੂੰ ਪਤਾ ਨਾ ਲੱਗ ਸਕੇ ਕਿ ਇਹ ਕੌਣ ਹਨ ਤੇ ਆਪਣੇ ਇਰਾਦਿਆਂ ਨੂੰ ਆਪਦੇ ਅੰਦਰ ਹੀ ਰੱਖਣਾ ਚਾਹੀਦਾ ਹੈ। ਆਪਣੇ ਵਿਚਾਰ ਇਸ ਤਰ੍ਹਾਂ ਦੇ ਬਣਾ ਕੇ ਉਨ੍ਹਾਂ ਨੇ ਆਪਣੀ ਰਿਹਾਇਸ਼ ਖ਼ੋਤਵਾਲ ਵਿਖੇ ਕਰ ਲਈ ਤੇ ਆਪਣੀ ਲੋਕਾਂ ’ਚ ਚਾਵਲੀ ਮੁਸ਼ੇਖ ਦੇ ਨਾਮ ਨਾਲ ਪਹਿਚਾਣ ਬਣਾ ਲਈ। ਇਹ ਜਗ੍ਹਾ ਦਿਖਾਲਪੁਰ ਦੇ ਨਜ਼ਦੀਕ ਹੈ। ਉਹਨਾਂ ਨੇ ਖੋਤਵਾਲ ’ਚ ਲੋਕਾਂ ਨੂੰ ਧਾਰਮਿਕ ਸਿੱਖਿਆ ਦੇਣ ਲਈ ਆਪਣਾ ਇਕ ਨਿੱਜੀ ਵਿਦਿਆਲਾ ਬਣਾ ਲਿਆ ਤੇ ਇਸ ਨੂੰ ਕਾਮਯਾਬ ਕਰਨ ਵੱਲ ਬੜਾ ਧਿਆਨ ਦਿੱਤਾ। ਉਨ੍ਹਾਂ ਦੇ ਵੱਡੇ ਪੁੱਤਰ ਜਮਾਲ-ਉਦ-ਦੀਨ ਦਾ ਵਿਆਹ ਬੀਬੀ ਮਰੀਅਮ ਜਿਹੜੀ ਕਿ ਸਈਅਦ ਮੁਹੰਮਦ ਅਬਦੁਲਾ ਸ਼ਾਹ ਦੀ ਬੇਟੀ ਸੀ, ਨਾਲ ਕਰ ਦਿੱਤਾ, ਜਿਹੜਾ ਕਿ ਅਲੀ ਦੇ ਖਾਨਦਾਨ ’ਚੋ. ਸੀ। ਬੀਬੀ ਮਰੀਅਮ ਦੇ ਤਿੰਨ ਪੁੱਤਰ ਸਨ, ਜਿਹਨਾਂ ਦੇ ਨਾਮ ਇਸ ਤਰ੍ਹਾਂ ਹਨ: ਖ਼ਵਾਜ਼ਾ-ਉੱਲ-ਦੀਨ, ਫ਼ਰੀਦ-ਉੱਲ-ਦੀਨ ਮਸਾਊਦ (ਬਾਬਾ ਫ਼ਰੀਦ) ਤੇ ਖ਼ਵਾਜ਼ਾ ਨਾਜ਼ੀਬ-ਉੱਲ-ਦੀਨ ਤੇ ਇਕ ਬੇਟੀ ਖ਼ਾਤੂਨ ਜ਼ਮੀਲਾ ਸੀ।



ਸ਼ੇਖ਼ ਫ਼ਰੀਦ ਜੀ ਦੀ ਮਾਤਾ ਮਰੀਅਮ ਬੜੀ ਧਰਮਾਤਮਾ ਤੇ ਇਸਲਾਮੀ ਤਾਲੀਮ ਦੀ ਚੰਗੀ ਗਿਆਤਾ ਸੀ। ਉਹ ਬੜੀ ਨੇਕ, ਸ਼ੁੱਧ ਹਿਰਦੇ ਵਾਲੀ, ਬੜੀ ਦਿਆਲੂ ਤੇ ਇਕ ਇਮਾਨਦਾਰ ਮਾਂ ਸੀ। ਮਾਤਾ ਜੀ ਦੇ ਇਸ ਤਰ੍ਹਾਂ ਦੇ ਨੇਕ ਸੁਭਾਅ ਦਾ ਪ੍ਰਭਾਵ ਸ਼ੇਖ ਫ਼ਰੀਦ ਜੀ ’ਤੇ ਬਚਪਨ ਤੋਂ ਹੀ ਪੈਣਾ ਸ਼ੁਰੂ ਹੋ ਗਿਆ ਸੀ। ਸ਼ੇਖ਼ ਫ਼ਰੀਦ ਜੀ ਇਸੇ ਕਰਕੇ ਹੀ 12 ਸਾਲ ਦੀ ਉਮਰ ਤੱਕ ‘ਕੁਰਾਨ ਮਜੀਦ’ ਦਾ ਅਧਿਐਨ ਕਰ ਗਏ ਸਨ। ਉਹਨਾਂ ਨੇ ਇਸ ਨੂੰ ਜਵਾਨੀ ਯਾਦ ਕਰ ਲਿਆ ਸੀ ਤੇ ਉਹਨਾਂ ’ਚ ਛੋਟੀ ਉਮਰੇ ਹੀ ਕਾਫੀ ਧਾਰਮਿਕ ਪ੍ਰਪੱਕਤਾ ਆ ਗਈ ਸੀ। ਉਨ੍ਹਾਂ ਦੇ ਪਿਤਾ ਉਸ ਜ਼ਮਾਨੇ ਦੇ ਇਕ ਮਸ਼ਹੂਰ ਸੂਫ਼ੀ ਫਕੀਰ ਸਨ।

ਜਦੋਂ ਅਜੇ ਬਾਬਾ ਫ਼ਰੀਦ ਜੀ ਛੋਟੀ ਉਮਰ ਦੇ ਹੀ ਸਨ ਤਾਂ ਉਹਨਾਂ ਦੀ ਮਾਤਾ ਜੀ ਨੇ ਉਹਨਾਂ ਨੂੰ ਦੁਆ (ਪ੍ਰਾਰਥਨਾ) ਕਰਨੀ ਸਿਖਾਈ। ਬਾਲਕ ਫ਼ਰੀਦ ਨੇ ਆਪਣੀ ਮਾਤਾ ਜੀ ਨੂੰ ਪੁੱਛਿਆ ਕਿ ਇਸ ਦੁਆ ਦਾ ਕੀ ਮਹੱਤਵ ਹੈ? ਉਨ੍ਹਾਂ ਦੀ ਮਾਤਾ ਨੇ ਕਿਹਾ ਕਿ, “ਮਿਠਾਸ”। ਇਸ ਤਰ੍ਹਾਂ ਜਦੋਂ ਫ਼ਰੀਦ ਜੀ ਦੀ ਦੁਆ ਦਾ ਸਮਾਂ ਹੁੰਦਾ ਤਾਂ ਉਨ੍ਹਾਂ ਦੀ ਮਾਤਾ ਦੁਆ ਕਰਨ ਤੋਂ ਪਹਿਲਾਂ, ਚਟਾਈ ਦੇ ਹੇਠਾਂ ਜਿਸ ਤੇ ਬੈਠ ਕੇ ਉਹ ਦੁਆ ਕਰਦੇ ਸਨ, ਖੰਡ ਛੁਪਾਅ ਕੇ ਰੱਖ ਦਿੰਦੀ ਤੇ ਜਦ ਉਨ੍ਹਾਂ ਦੀ ਦੁਆ ਖਤਮ ਹੁੰਦੀ ਤਾਂ ਉਨ੍ਹਾਂ ਦੀ ਮਾਤਾ ਚਟਾਈ ਹੇਠੋਂ ਖੰਡ ਕੱਢਦੀ ਤੇ ਫ਼ਰੀਦ ਜੀ ਨੂੰ ਇਸ ਤਰ੍ਹਾਂ ਅੱਲਾਹ ’ਚ ਸ਼ਰਧਾ ਰੱਖਣ ਕਰਕੇ ਇਨਾਮ ਵਜੋਂ ਦੇ ਦਿੰਦੀ ਸੀ। ਇਕ ਦਿਨ ਉਨ੍ਹਾਂ ਦੇ ਮਾਤਾ ਜੀ ਚਟਾਈ ਹੇਠਾਂ ਖੰਡ ਰੱਖਣੀ ਭੁੱਲ ਗਏ ਤੇ ਜਦੋਂ ਦੁਆ ਖਤਮ ਹੋਈ ਤਾਂ ਚਟਾਈ ਦੇ ਹੇਠਾਂ ਖੰਡ ਮੌਜੂਦ ਸੀ। ਉਸ ਦਿਨ ਤੋਂ ਬੀਬੀ ਮਰੀਅਮ ਨੇ ਆਪਣੇ ਪੁੱਤਰ ਫ਼ਰੀਦ ਜੀ ਨੂੰ ‘ਸ਼ਕਰਗੰਜ’ ਕਹਿਣਾ ਸ਼ੁਰੂ ਕਰ ਦਿੱਤਾ।

ਜਦੋਂ ਬਾਬਾ ਫ਼ਰੀਦ ਜੀ 16 ਸਾਲ ਦੇ ਹੋਏ ਤਾਂ ਉਹ ਮੱਕੇ ਨੂੰ ਹੱਜ ਲਈ ਗਏ ਤੇ ਉਥੇ ਅਬਦੁਲ ਰਹੀਮ ਅਨਸਾਰੀ ਦੇ ਘਰ ਰੁਕੇ। ਇੱਥੇ ਉਨ੍ਹਾਂ ਨੇ ਆਪਣੀ ਸਾਰੀ ਗੱਲਬਾਤ ਪੰਜਾਬੀ ’ਚ ਕੀਤੀ ਤੇ ਇਕ ਜਟਾਧਾਰੀ ਫਕੀਰ ਨੇ ਇਨ੍ਹਾਂ ਦੀ ਪੰਜਾਬੀ ਭਾਸ਼ਾ ’ਚ ਗੱਲਬਾਤ ਸੁਣ ਕੇ ਕਿਹਾ ਕਿ, “ਭਵਿੱਖ ’ਚ ਇਹ ਬਾਲਕ ਬਹੁਤ ਮਹਾਨ ਵਿਅਕਤੀ ਹੋਵੇਗਾ।” ਉਸ ਤੋਂ ਬਾਅਦ ਬਾਬਾ ਫ਼ਰੀਦ ਜੀ ਪੰਜਾਬ ਆ ਗਏ। ਫਿਰ ਉਹਨਾਂ ਨੂੰ ਦਿੱਲੀ ਖ਼ਵਾਜ਼ਾ ਕੁਤਬ-ਉੱਲ-ਦੀਨ ਬਖ਼ਤਿਆਰ ਕਾਕੀ ਪਾਸ ਧਰਮ-ਸ਼ਾਸਤਰਾਂ ਦਾ ਗਿਆਨ ਪ੍ਰਾਪਤ ਕਰਨ ਲਈ ਭੇਜਿਆ ਗਿਆ। ਉਨ੍ਹਾਂ ਨੇ ਉਸ ਨੂੰ ਧਰਮ-ਸ਼ਾਸਤਰਾਂ ਦਾ ਗਿਆਨ ਦੇਣ ਤੋਂ ਬਾਅਦ ਮਹਿਸੂਸ ਕੀਤਾ ਕਿ ਇਹਨਾਂ ਨੂੰ ਅਜੇ ਧਰਮ-ਸ਼ਾਸਤਰਾਂ ਦਾ ਗਿਆਨ ਦੇਣ ਦੀ ਹੋਰ ਜ਼ਰੂਰਤ ਹੈ ਤਾਂ ਉਨ੍ਹਾਂ ਨੇ ਬਾਬਾ ਫ਼ਰੀਦ ਜੀ ਨੂੰ ਸਿਰਸਾ, ਜੋ ਕਿ ਦਿੱਲੀ ਦੇ ਨਜ਼ਦੀਕ ਹੈ, ਵਿਖੇ ਅਬਦੁਲ ਸ਼ਕੂਰ ਦੇ ਧਾਰਮਿਕ ਸਥਾਨ ’ਤੇ ਭੇ-ਜਆ ਕਿ ਉਹ ਆਪਣੀ ਧਾਰਮਿਕ ਵਿੱਦਿਆ ਪੂਰੀ ਕਰ ਲੈਣ। ਇੱਥੇ ਰਹਿੰਦਿਆਂ ਉਨ੍ਹਾਂ ਨੇ ਧਾਰਮਿਕ ਤੇ ਸੰਸ-ਾਰਕ ਗਿਆਨ ਇੰਨਾ ਵਿਸਥਾਰ ’ਚ ਗ੍ਰਹਿਣ ਕੀਤਾ ਕਿ ਸਭ ਉਨ੍ਹਾਂ ਦੀ ਵਿਦਵਤਾ ’ਤੇ ਹੈਰਾਨ ਰਹਿ ਗਏ।

ਦਿੱਲੀ ਵਿਖੇ ਰਹਿੰਦਿਆਂ ਬਾਬਾ ਫ਼ਰੀਦ ਜੀ ਨੇ ਬੜੀ ਪ੍ਰਸਿੱਧਤਾ ਹਾਸਲ ਕੀਤੀ ਤੇ ਹੁਣ ਇਹਨਾਂ ਲਈ ਇਹ ਜਗ੍ਹਾ ਅਕਾਊ ਬਣ ਗਈ ਸੀ। ਫਿਰ ਉਥੋਂ ਉਹਨਾਂ ਨੇ ਹਾਂਸੀ ਨੂੰ ਚਾਲੇ ਪਾ ਲਏ, ਉਥੇ ਵੀ ਉਹ ਬਹੁਤ ਦੇਰ ਤੱਕ ਨਹੀਂ ਰਹੇ। ਇਸ ਸਮੇਂ ਦੌਰਾਨ ਦਿੱਲੀ ਵਿਖੇ ਖ਼ਵਾਜ਼ਾ ਕੁਤਬ-ਉੱਲ-ਦੀਨ ਬਖ਼ਤਿਆਰ ਕਾਕੀ ਦੀ ਮੌਤ ਹੋ ਗਈ ਤੇ ਬਾਬਾ ਫ਼ਰੀਦ ਜੀ ਫਿਰ ਦੁਬਾਰਾ ਦਿੱਲੀ ਚਲੇ ਗਏ ਤੇ ਧਾਰਮਿਕ ਚੋਗਾ ਪਹਿਨ ਕੇ ਰੂਹਾ-ਨੀਅਤ ਦੇ ਰਹਿਬਰ ਬਣ ਗਏ। ਇੱਥੇ ਉਨ੍ਹਾਂ ਨੇ ਰੂਹਾਨੀਅਤ ਦੀ ਸਿੱਖਿਆ ਦੇਣੀ ਉਨਾ ਚਿਰ ਜਾਰੀ ਰੱਖੀ, ਜਿੰਨੀ ਦੇਰ ਤੱਕ ਹਾਂਸੀ ਤੋਂ ਜਮਾਲ-ਉੱਲ-ਦੀਨ ਨਹੀਂ ਆ ਗਏ। ਇਸ ਤੋਂ ਬਾਅਦ ਬਾਬਾ ਫ਼ਰੀਦ ਜੀ ਅਜੋਧਾਨ (ਮੌਜੂਦਾ ਨਾਮ ਪਾਕਪਟਨ) ਵਿਖੇ ਆ ਗਏ। ਅਜੋਧਾਨ ਦਾ ਨਾਮ ਬਦਲ ਕੇ ਪਾਕਪਟਨ ਕਿਵੇਂ ਪਿਆ, ਇਸ ਦੀ ਇਕ ਖਾਸ ਵਜ੍ਹਾ ਸੀ ਕਿ ਇਕ ਨਹਿਰ ਜਿਹੜੀ ਕਿ ਸਤਲੁਜ ’ਚੋਂ ਨਿਕਲਦੀ ਸੀ ਤੇ ਇਸ ਕਸਬੇ ਦੇ ਕੋਲ ਦੀ ਜਾਂਦੀ ਸੀ ਤੇ ਬਾਬਾ ਫ਼ਰੀਦ ਜੀ ਰੋਜ਼ ਉਸ ’ਚ ਆਪਣਾ ਇਸ਼ਨਾਨ ਕਰਨ ਤੇ ਮੂੰਹ-ਹੱਥ ਧੋਣ ਜਾਂਦੇ ਸਨ ਤੇ ਇਸ ਸਥਾਨ ਨੂੰ ਲੋਕਾਂ ਨੇ ਬਾਬਾ ਫ਼ਰੀਦ ਜੀ ਦਾ 'ਪਾਕਪਟਨ’ ਭਾਵ, ਫ਼ਰੀਦ ਜੀ ਦਾ ਪਵਿੱਤਰ ਘਾਟ ਕਹਿਣਾ ਸ਼ੁਰੂ ਕਰ ਦਿੱਤਾ ਸੀ।

ਕੁਝ ਸਮੇਂ ਬਾਅਦ ਫ਼ਰੀਦ ਜੀ ਆਪਣੇ ਮਾਤਾ ਜੀ ਦੇ ਕਹਿਣ ’ਤੇ ਜੰਗਲ ’ਚ ਚਲੇ ਗਏ ਤੇ ਉਥੇ ਉਹ ਇਕ ਸਨਿਆਸੀ ਦੇ ਤੌਰ ’ਤੇ 12 ਸਾਲ ਰਹੇ ਤੇ ਦਰਖਤਾਂ ਦੇ ਪੱਤੇ ਖਾ ਕੇ ਗੁਜ਼ਾਰਾ ਕਰਦੇ ਰਹੇ ਪਰ ਮਨ ਨੂੰ ਤਸੱਲੀ ਨਾ ਹੋਈ ਤੇ ਉਨ੍ਹਾਂ ਨੇ ਆਪਣੇ ਦਿਲ ਨੂੰ ਤਸੱਲੀ ਦੇਣ ਲਈ ਨਿਮਨ-ਲਿਖਤ ਸ਼ਬਦ ਦੀ ਰਚਨਾ ਕੀਤੀ :

ਫ਼ਰੀਦਾ ਜੰਗਲ ਜੰਗਲ ਕਿਆ ਭਵੈਹਿ, ਬਣ ਕਢਾਹਿ ਮੋੜ ॥
ਵਸੀ ਰੱਬ ਹਿਆਲੀਐ, ਜੰਗਲ ਕਿਆ ਢੂਡਹਿ ॥

ਜਦੋਂ ਫ਼ਰੀਦ ਜੀ ਇੰਨੇ ਸਾਲ ਜੰਗਲ ’ਚ ਲਾ ਕੇ ਆਏ ਤਾਂ ਉਨ੍ਹਾਂ ਦੇ ਮਾਤਾ ਜੀ ਉਹਨਾਂ ਦੇ ਕੰਘੀ ਨਾਲ ਵਾਲ ਵਾਹੁੰਣ ਲੱਗੇ ਤਾਂ ਬਾਬਾ ਫ਼ਰੀਦ ਜੀ ਨੂੰ ਵਾਲ ਪੁੱਟ ਹੋਣ ਨਾਲ ਬੜੀ ਤਕਲੀਫ਼ ਹੁੰਦੀ ਸੀ, ਕਿਉਂਕਿ ਉਨ੍ਹਾਂ ਦੇ ਵਾਲ ਨਾ ਧੋਣ ਕਰਕੇ ਜਟਾਵਾਂ ਬਣ ਚੁੱਕੇ ਸਨ। ਬਾਬਾ ਫ਼ਰੀਦ ਜੀ ਨੇ ਆਪਣੇ ਮਾਤਾ ਜੀ ਨੂੰ ਕਿਹਾ ਕਿ ਮੈਨੂੰ ਵਾ.ਲ ਪੁੱਟ ਹੋਣ ਨਾਲ ਬੜੀ ਦਰਦ ਹੁੰਦੀ ਹੈ, ਮਾਤਾ ਜੀ ਨੇ ਉੱਤਰ ਦਿੱਤਾ ਕਿ ਹੇ ਪੁੱਤਰ! “ਇਸੇ ਤਰ੍ਹਾਂ ਹੀ ਜਦੋਂ ਤੂੰ ਆਪਣੀ ਖ਼ੁਰਾਕ ਵਜੋਂ ਦਰਖਤਾਂ ਦੇ ਪੱਤੇ ਤੇ ਫਲ ਤੋੜ ਕੇ ਜੰਗਲ ’ਚ ਖਾਂਦਾ ਸੀ, ਉਨ੍ਹਾਂ ਦੇ ਵੀ ਦਰਦ ਹੁੰਦੀ ਹੋਵੇਗੀ।” ਫਿਰ ਬਾਬਾ ਫ਼ਰੀਦ ਜੀ ਨੇ ਇਕ ਹੋਰ ਤੀਰਥ ਯਾਤਰਾ, ਆਪਣੇ ਸ਼ੰਕੇ ਨਵਿਰਤ ਕਰਨ ਲਈ ਕੀਤੀ। ਫਿਰ ਉਨ੍ਹਾਂ ਨੇ ਕਿਸੇ ਵੀ ਜਾਨਦਾਰ ਚੀਜ਼ ਨੂੰ ਦੁੱਖ ਨਾ ਦੇਣ ਦਾ ਆਪਣਾ ਨਿਸ਼ਚਾ ਕਰ ਲਿਆ ਤੇ ਹਰ ਚੀਜ਼ ਫਲ ਵਗੈਰਾ ਜ਼ਮੀਨ ਤੇ ਡਿੱਗੀ ਹੋਈ ਹੀ ਖਾਂਦੇ ਤੇ ਦਰਖ਼ਤ ਤੋਂ ਨਾ ਤੋੜਦੇ। ਉਨ੍ਹਾਂ ਨੇ ਆਪਣੇ ਪੇਟ ਨਾਲ ਗੋਲ ਇਕ ਲੱਕੜ ਦੀ ਫੱਟੀ ਬੰਨ੍ਹ ਕੇ, ਉਸ ਨੂੰ ਰੋਟੀ ਦੇ ਪ੍ਰਤੀਕ ਵਜੋਂ ਮੰਨ ਲਿਆ ਤਾਂ ਕਿ ਉਹ ਜਿੰਦਾ ਰਹਿ ਸਕਣ ਤੇ ਆਪਣੀ ਭੁੱਖ ਮਿਟਾ ਸਕਣ। ਇਸ ਤਰ੍ਹਾਂ ਉਹਨਾਂ ਨੇ ਆਪਣੀ ਮਾਤਾ ਜੀ ਨਾਲ ਕੀਤਾ ਵਾਅਦਾ ਕਿ ਉਹ ਜਾਨਦਾਰ ਚੀਜ਼ਾਂ ਨੂੰ ਦੁੱਖ ਨਹੀਂ ਪਹੁੰ-ਚਾਉਣਗੇ, ਪੂਰਾ ਕੀਤਾ। ਆਪਣੇ ਇਸ ਤਰ੍ਹਾਂ ਦੇ ਹਾਲਾਤ ’ਚ ਉਨ੍ਹਾਂ ਨੇ ਨਿਮਨ-ਲਿਖਤ ਸ਼ਲੋਕ ਰਚਿਆ :

ਫ਼ਰੀਦਾ ਰੋਟੀ ਮੇਰੀ ਕਾਠ ਕੀ, ਲਾਵਣ ਮੇਰੀ ਭੁੱਖ॥
ਜਿੰਨ੍ਹਾਂ ਖਾਧੀ ਚੋਪੜੀ ਘਣੇ ਸਹਿਣਗੇ ਦੁੱਖ॥

ਇਸ ਤੋਂ ਬਾਅਦ ਬਾਬਾ ਫ਼ਰੀਦ ਜੀ ਫਿਰ ਆਪਣੀ ਮਾਤਾ ਜੀ ਪਾਸ ਆ ਗਏ। ਮਾਤਾ ਜੀ ਨੇ ਕਿਹਾ ਕਿ ਪੁੱਤਰ ਤੇਰੇ ’ਚ ਅਜੇ ਘੁਮੰਡ ਤੇ ਕੁਝ ਜੀਵਨ ਜਾਂਚ ਦੀਆਂ ਊਣਤਾਈਆਂ ਅਜੇ ਬਾਕੀ ਹਨ, ਜਿਹਨਾਂ ਨੂੰ ਕੁਝ ਸਾਲ ਹੋਰ ਤਪੱਸਿਆ ਕਰਨ ਨਾਲ ਅਜੇ ਦੂਰ ਕਰਨ ਦੀ ਜ਼ਰੂਰਤ ਹੈ। ਬਾਬਾ ਫ਼ਰੀਦ ਜੀ ਫਿਰ ਤਪੱਸਿਆ ਲਈ ਘਰੋਂ ਚੱਲ ਪਏ ਤੇ ਉਹ ਆਪਣੇ ਪੈਰ ਪਾਣੀ ’ਚ ਰੱਖ ਕੇ ਕਿੰਨੀ-ਕਿੰਨੀ ਦੇਰ ਤੱਕ ਬੈਠੇ ਰਹਿੰਦੇ ਤੇ ਤਪੱਸਿਆ ਕਰਦੇ ਰਹਿੰਦੇ। ਉਹਨਾਂ ਨੇ ਆਪਣੇ ਸਰੀਰ ਦਾ ਮਾਸ ਕਾਂਵਾਂ ਕੋਲੋਂ ਵੀ ਤੁੜਵਾ ਕੇ ਤਪੱਸਿਆ ਕੀਤੀ ਤੇ ਕਿਹਾ, ਹੇ, ਕਾਂਵਾਂ! ਤੂੰ ਮੇਰੇ ਸਰੀਰ ਦਾ ਸਾਰਾ ਮਾਸ ਖਾ ਲੈ ਪਰ ਮੇਰੀਆਂ ਇਹਨਾਂ ਦੋ ਅੱਖਾਂ ਨੂੰ ਨਾ ਖਾਵੀਂ ਕਿਉਂਕਿ ਮੈਨੂੰ ਮਰਨ ਤੋਂ ਪਹਿਲਾਂ ਇਹਨਾਂ ਅੱਖਾਂ ਨਾਲ ਆਪਣੇ ਉਸ ਅੱਲਾਹ ਦੇ ਦਰਸ਼ਨ ਕਰਨ ਦੀ ਤਾਂਘ ਹੈ। ਇਸ ਤਰ੍ਹਾਂ ਦੀ ਆਪਣੀ ਅਵਸਥਾ ’ਤੇ ਨਿਮਨ-ਲਿਖਤ ਸ਼ਲੋਕ ਦੀ ਰਚਨਾ ਕੀਤੀ :

ਕਾਗਾ ਕਰੰਗ ਢੰਡੋਲਿਆ, ਸਗਲਾ ਖਾਇਆ ਮਾਸ ॥
ਇਹ ਦੋਏ ਨੈਨਾ ਮਤ ਛੁਹੈ, ਪਿਰ ਦੇਖਨ ਕੀ ਆਸ ॥

ਸ਼ੇਖ ਫ਼ਰੀਦ ਜੀ ਦੇ ਜੀਵਨ ਨਾਲ ਕਈ ਤਰ੍ਹਾਂ ਦੀਆਂ ਮਿਥਿਹਾਸਕ ਘਟਨਾਵਾਂ ਵੀ ਜੁੜੀਆਂ ਹੋਈਆਂ ਹਨ ਪਰ ਇਹ ਵਿਗਿਆਨਕ ਨਾ ਹੋਣ ਕਾਰਨ ਇਹਨਾਂ ਨੂੰ ਜ਼ਿੰਦਗੀ ਦਾ ਯਥਾਰਥ ਨਹੀਂ ਮੰਨਿਆ ਜਾ ਸਕਦਾ।

ਬਾਬਾ ਫ਼ਰੀਦ ਜੀ ਨੇ ਪ੍ਰਭੂ ਭਗਤੀ ਇੰਨੀ ਕੀਤੀ, ਆਪਣੇ ਸਰੀਰ ਨੂੰ ਅਨੇਕ ਪ੍ਰਕਾਰ ਦੇ ਤਪੱਸਿਆ ਦੇ ਮਾਧਿਅਮ ਦੁਆਰਾ ਕਸ਼ਟ ਵੀ ਦਿੱਤੇ, ਸਰੀਰ ਬੜਾ ਕਮਜ਼ੋਰ ਹੋ ਗਿਆ। ਇਕ ਦੋ ਵਾਰ ਉਨ੍ਹਾਂ ਨੇ ਪਰਮਾਤਮਾ ਦਾ ਅਹਿਸਾਸ ਵੀ ਕੀਤਾ ਪਰ ਮਨ ਨੂੰ ਸੰਤੁਸ਼ਟੀ ਨਾ ਹੋਈ। ਉਨ੍ਹਾਂ ਨੂੰ ਇਹ ਤਾਂ ਗਿਆਨ ਹੋ ਗਿਆ ਕਿ ਬਿਨਾਂ ਮੁਰਸ਼ਦ ਧਾਰਿਆ, ਮਨ ਨੂੰ ਸੰਤੁਸ਼ਟੀ ਨਹੀਂ ਹੋ ਸਕਦੀ। ਇਸ ਲਈ ਗੁਰੂ ਧਾਰਨਾ ਬਹੁਤ ਜ਼ਰੂਰੀ ਹੈ।

ਗੁਰੂ ਦੀ ਖੋਜ ’ਚ ਬਾਬਾ ਫ਼ਰੀਦ ਜੀ ਅਜਮੇਰ ਵਿਖੇ ਚਿਸ਼ਤੀ ਸਾਹਿਬ ਪਾਸ ਪਹੁੰਚ ਗਏ। ਉਨ੍ਹਾਂ ਨੂੰ ਆਪਣਾ ਗੁਰੂ ਸਮਝ ਕੇ ਉਹਨਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਭਗਤੀ ਕਰਨ ਲਈ ਸੇਵਾ ਭਾਵਨਾ ਤੇ ਸ਼ਰਧਾ ਵਰਗੇ ਦੋ-ਗੁਣ ਹੋਣੇ ਬੜੇ ਜ਼ਰੂਰੀ ਹਨ। ਫ਼ਰੀਦ ਜੀ ਚਿਸ਼ਤੀ ਸਾਹਿਬ ਦੀ ਡੱਟ ਕੇ ਸੇਵਾ ਕਰਦੇ ਰਹੇ। ਉਹਨਾਂ ਦੀ ਸੇਵਾ ਆਪਣੇ ਗੁਰੂ ਜੀ ਨੂੰ ਇਸ਼ਨਾਨ ਕਰਾਉਣ ਦੀ ਸੀ। ਆਪ ਹੀ ਅੱਗ ਬਾਲਣੀ ਤੇ ਪਾਣੀ ਗਰਮ ਕਰਨਾ, ਉਹਨਾਂ ਦਾ ਰੋਜ਼ ਦਾ ਆਹਰ ਸੀ। ਇਕ ਦਿਨ ਬੜੀ ਜ਼ੋਰ ਦੀ ਮੀਂਹ ਪਿਆ।

ਉਨ੍ਹਾਂ ਦਿਨਾਂ ’ਚ ਮਾਚਿਸ ਨਾ ਹੋਣ ਕਾਰਨ ਅੱਗ ਨੂੰ ਬੜਾ ਸੰਭਾਲ ਕੇ ਰੱਖਿਆ ਜਾਂਦਾ ਸੀ। ਫ਼ਰੀਦ ਜੀ ਨੂੰ ਫਿਕਰ ਹੋ ਗਿਆ। ਉਸ ਦਿਨ ਉਹ ਬੜੇ ਭਿਅੰਕਰ ਤੂਫਾਨ ’ਚ ਬਾਹਰ ਚਲੇ ਗਏ ਤੇ ਉਹਨਾਂ ਨੇ ਦੇਖਿਆ ਕਿ ਇਕ ਵੇਸ਼ਿਆ ਔਰਤ ਦੀ ਬੈਠਕ ’ਚ ਅੱਗ ਬਲ ਰਹੀ ਸੀ ਤੇ ਫ਼ਰੀਦ ਜੀ ਬੜੇ ਹੌਸਲੇ ਨਾਲ ਅੰਦਰ ਚਲ ਗਏ। ਉਹ ਫ਼ਰੀਦ ਜੀ ਨੂੰ ਦੇਖ ਕੇ ਮਨ ’ਚ ਕੁਝ ਹੋਰ ਹੀ ਸੋਚਦੀ ਰਹੀ ਪਰ ਉਸ ਦਾ ਸਾਰਾ ਕਿਆਫ਼ਾ ਗਲਤ ਸੀ। ਫ਼ਰੀਦ ਜੀ ਨੇ ਕਿਹਾ ਮਾਤਾ ਜੀ! ਅੱਗ ਚਾਹੀਦੀ ਹੈ। ਅਗਰ ਅੱਗ ਨਾ ਮਿਲੀ ਤਾਂ ਇਸ਼ਨਾਨ ਕਿਸ ਤਰ੍ਹਾਂ ਹੋਵੇਗਾ ਤੇ ਚਿਸ਼ਤੀ ਜੀ ਖ਼ੁਦਾ ਦੀ ਬੰਦਗੀ ਕਿਸ ਤਰ੍ਹਾਂ ਕਰਨਗੇ।

ਇਹ ਸੁਣ ਕੇ ਕੁਕਰਮੀ ਵੇਸ਼ਿਆ ਹੱਸ ਪਈ ਤੇ ਕਹਿਣ ਲੱਗੀ ਕਿ, “ਮੈਨੂੰ ਵੀ ਕਿਸੇ ਚੀਜ਼ ਦੀ ਲੋੜ ਹੈ।”

ਫ਼ਰੀਦ ਜੀ ਨੇ ਪੁੱਛਿਆ, "ਤੁਹਾਨੂੰ ਕਿਸ ਚੀਜ਼ ਦੀ ਲੋੜ ਹੈ?”

ਵੇਸ਼ਿਆ ਬੋਲੀ, “ਆਪ ਦੀਆਂ ਮੈਨੂੰ ਅੱਖਾਂ ਬਹੁਤ ਪਿਆਰੀਆਂ ਲੱਗਦੀਆਂ ਹਨ। ਅਗਰ ਤੁਸੀਂ ਮੈਨੂੰ, ਆਪਣੀ ਅੱਖ ਦੀ ਪੁਤਲੀ ਦਿਓਗੇ ਤਾਂ ਤੁਹਾਨੂੰ ਅੱਗ ਜ਼ਰੂਰ ਮਿਲ ਜਾਏਗੀ।”

ਇਤਿਹਾਸ ’ਚ ਲਿਖਿਆ ਮਿਲਦਾ ਹੈ ਕਿ ਜਿਉਂ ਹੀ ਵੇਸ਼ਿਆ ਨੇ ਤੇਜ਼ ਚਾਕੂ ਚੁੱਕਿਆ ਤੇ ਫ਼ਰੀਦ ਜੀ ਦੀ ਅੱਖ ’ਤੇ ਲਾਇਆ ਹੀ ਸੀ ਤਾਂ ਵੇਸ਼ਿਆ ਨੂੰ ਅਚਾਨਕ ਬੜੀ ਜੋਰ ਦੀ ਧੱਕਾ ਲੱਗਾ ਤੇ ਉਹ ਪਿੱਛੇ ਡਿੱਗ ਪਈ, ਪਰ ਫ਼ਰੀਦ ਜੀ ਦੀ ਅੱਖ ’ਤੇ ਜ਼ਖਮ ਹੋ ਗਿਆ। ਵੇਸ਼ਵਾ ਨੇ ਫ਼ਰੀਦ ਜੀ ਦੀ ਅੱਖ ’ਤੇ ਪੱਟੀ ਬੰਨ੍ਹ ਦਿੱਤੀ ਤੇ ਫ਼ਰੀਦ ਜੀ ਨੂੰ ਅੱਗ ਦੇ ਦਿੱਤੀ ਤੇ ਉਹਨਾਂ ਤੋ. ਮੁਆਫੀ ਮੰਗਣ ਲੱਗ ਪਈ।

ਆਪਣੇ ਰੋਜ਼ ਦੇ ਨਿਯਮ ਅਨੁਸਾਰ ਫ਼ਰੀਦ ਜੀ ਨੇ ਅੱਗ ਜਲਾਈ, ਪਾਣੀ ਗਰਮ ਕੀਤਾ ਤੇ ਗੁਰੂ ਜੀ ਨੂੰ ਇਸ਼ਨਾਨ ਕਰਵਾਇਆ। ਗੁਰੂ ਜੀ ਨੇ ਪੁੱਛਿਆ ਕਿ, “ਅੱਖ ਤੇ ਪੱਟੀ ਕਿਉਂ ਬੰਨ੍ਹ ਰੱਖੀ ਹੈ?” ਫ਼ਰੀਦ ਜੀ ਹੱਥ ਜੋੜ ਕੇ ਗੁਰੂ ਜੀ ਅੱਗੇ ਖੜ੍ਹੇ ਰਹੇ। ਗੁਰੂ ਜੀ ਨੇ ਕਿਹਾ, “ਪੱਟੀ ਖੋਲ੍ਹ ਦਿਓ।” ਜਿਉਂ ਹੀ

(ਬਾਕੀ ਅਗਲੇ ਸਫੇ ’ਤੇ)

# ਮੋਰਚਾ ਗੁਰੂ ਕਾ ਬਾਗ- 8 ਅਗਸਤ 1922

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦੇ ਵਿਸ਼ੇ ਰਹੇ ਹਨ, ਜਿਸਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿਚ ਇਕ ਸਮਾਜ ਸੁਧਾਰ ਲਹਿਰ ਹੈ। ਇਕ ਮਾਨਵਵਾਦੀ ਧਰਮ ਹੈ। ਮੁਗਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਦੇ, ਮਨੁੱਖੀ ਕਦਰਾਂ ਕੀਮਤਾਂ, ਹੱਕ-ਸੱਚ, ਨਿਆਂ ਸਵੈਮਾਣ ਅਤੇ ਸਵੈ ਰੱਖਿਆ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਲਈ ਫੌਜੀ ਖਾਲਸਾ ਤਿਆਰ ਹੋਇਆ। ਜਿਸਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖੀਰ ਆਪਣਾ ਖਾਲਸਾ ਰਾਜ ਸਥਾਪਤ ਕੀਤਾ। ਅੰਗਰੇਜ਼ੀ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾ ਕੇ ਸਿੱਖੀ ਨੂੰ ਢਾਅ ਲਾਉਣ ਦੀ ਸਾਜ਼ਿਸ਼ ਰਚ ਲਈ, ਜਿਸ ਵਿਚ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਗੁਰਦੁਆਰਿਆਂ ਤੇ ਮਹੰਤਾਂ ਦਾ ਕਬਜ਼ਾ ਕਰਵਾ ਲਿਆ, ਜਿਹਨਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਅਯਾਸ਼ੀ ਦੇ ਅੱਡੇ ਬਣਾ ਲਏ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿਚ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁੱਧ ਲਾਉਣਾ ਪਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ, ਤਰਨਤਾਰਨ, ਜੈਤੋ, ਮੋਰਚਾ ਗੁਰੂ ਕਾ ਬਾਗ ਹੋਵੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ ਚੜ੍ਹ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਦੇ ਹੱਥ ਸੌਂਪਿਆ। ਇਹਨਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਜਨਤਕ ਅੰਦੋਲਨਾਂ ਦਾ ਰਾਹ ਖੋਲ੍ਹਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਇਹਨਾਂ ਮੋਰਚਿਆਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁਕੇਵਾਲੀ, ਸੰਹਿਸਰਾਂ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ 'ਗੁਰੂ ਕਾ ਬਾਗ' ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ ਤੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਥਾਪਤ ਹਨ। ਇਹਨਾਂ ਗੁਰਧਾਮਾਂ ਦੇ ਨਾਂ ਕਾਫੀ ਜ਼ਮੀਨ ਸੀ। ਮਹੰਤ ਸੁੰਦਰਦਾਸ ਦਾ ਕਬਜ਼ਾ ਸੀ, ਜੋ ਇਕ ਦੁਰਾਚਾਰੀ ਅਤੇ ਅਯਾਸ਼ੀ ਸੀ। ਉਸਨੂੰ ਅੰਗਰੇਜ਼ਾਂ ਵੱਲੋਂ ਸਿੱਖਾਂ ਦੇ ਵਿਰੁੱਧ ਵਰਤਿਆ ਜਾ ਰਿਹਾ ਸੀ। ਮਹੰਤਾਂ ਨਾਲ ਸਰਕਾਰੀ ਮਿਲੀਭੁਗਤ ਨਾਲ ਹੀ 20 ਫਰਵਰੀ 1921 ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਤੋਂ ਬਾਅਦ 8 ਅਗਸਤ 1922 ਈ. ਨੂੰ ਸਾਕਾ ਗੁਰੂ ਕਾ ਬਾਗ ਵਾਪਰਿਆ। ਜੋ ਸਿੱਖ ਕੌਮ ਦੀ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹ ਬੋਲਦੀ ਤਸਵੀਰ ਹੈ। ਇਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜ਼ੁਰਮਾਨਾ ਕਰ ਦਿੱਤਾ। ਇਸ ਘਟਨਾ ਦੇ ਨਾਲ ਹੀ 'ਮੋਰਚਾ ਗੁਰੂ ਕਾ ਬਾਗ' ਆਰੰਭ ਹੁੰਦਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪੁਰਅਮਨ ਸੰਘਰਸ਼ ਕਰਨ ਲਈ, ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਿਆ ਜਾਣ ਲੱਗਾ। ਜਿਸਨੂੰ ਪੁਲਿਸ ਫੜ ਕੇ ਦੂਰ-ਦੁਰਾਡੇ ਛੱਡ ਆਉਂਦੀ। ਜਦੋਂ ਗ੍ਰਿ-ਫਤਾਰੀਆਂ ਦੀ ਗਿਣਤੀ ਵਧਦੀ ਗਈ ਤਾਂ ਪੁਲਿਸ ਦੀ ਸਖ਼ਤੀ ਵੀ ਵਧਦੀ ਗਈ। ਫਿਰ 31 ਅਗਸਤ 1922 ਨੂੰ 200 ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਪਿੰਡ ਸੰਹਿਸਰਾ, ਘੁਕੇਵਾਲੀ, ਲਸ਼ਕਰੀ, ਨੰਗਲ, ਜਗਦੇਵ ਕਲਾਂ ਵਿਚ ਸਿੱਖਾਂ ਦੀ ਕਾਫੀ ਕੁੱਟਮਾਰ ਕੀਤੀ ਗਈ। ਭੇਜੇ ਜਾ ਰਹੇ ਜਥਿਆਂ ਦੀ ਵੀ ਕੁੱਟਮਾਰ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਧੂ ਕੇ ਬਾਹਰ ਸੁੱਟਿਆ। ਬੰਦੂਕਾਂ ਦੇ ਦਸਤੇ ਅਤੇ ਡਾਂਗਾਂ ਨਾਲ ਵੀ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾਂ 50 ਦਾ ਜਥਾ ਫਿਰ 100 ਦਾ ਜਥਾ ਭੇਜਿਆ ਜਾਣ ਲੱਗਾ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਹਨਾਂ ਨੂੰ ਰੋਕਦੀ ਪਰ ਉਹ ਰੱਬ ਦੇ ਭਾਣੇ ਵਿਚ ਰਹਿ ਕੇ ਜਾਪ ਕਰਦੇ ਅੱਗੇ ਵਧੀ ਜਾਂਦੇ। ਪੁਲਿਸ ਉਹਨਾਂ ਤੇ ਲਾਠੀਆਂ ਵਰਸਾਉਂਦੀ। ਇਹ ਸਾਰਾ ਤਸ਼ੱਦਦ ਤਨ 'ਤੇ ਹੰਢਾਉਂਦੇ ਹੋਏ ਫੱਟੜ ਹੋ ਕੇ ਡਿੱਗ ਜਾਂਦੇ। ਹੌਸਲਾ ਕਰਕੇ ਫਿਰ ਉੱਠਦੇ ਮਾਰ ਖਾਣ ਲਈ ਛਾਤੀਆਂ ਤਾਣ ਦਿੰਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬੱਸ ਨਹੀਂ ਕੀਤੀ ਸਗੋਂ ਫੱਟੜ ਹੋ ਕੇ ਡਿੱਗੇ ਪਏ ਸਿੰਘਾਂ ਤੇ ਘੋੜੇ ਵੀ ਦੁੜਾਏ ਜਾਣ ਲੱਗੇ।ਸੰਸਾਰ ਭਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ, ਅਣਮਨੁੱਖੀ ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿਚ ਜਨਤਾ ਅਤੇ ਨੇਤਾ ਗੁਰੂ ਕ ਬਾਗ ਪਹੁੰਚਣ



ਲੱਗੇ। ਜਿਹਨਾਂ ਵਿਚ ਮਦਨ ਮੋਹਨ ਮਾਲਵੀਆ, ਸੀ. ਐਫ. ਐਂਡਰਿਊਜ਼, ਜੋਗਿੰਦਰ ਸਿੰਘ, ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲਾ ਦੂਨੀ ਚੰਦ, ਮਲਕ ਲਾਲ ਖਾਨ, ਸਯਦ ਅਤਾਉਲਾ ਸ਼ਾਹ, ਪ੍ਰੋ. ਰੁੱਚੀ ਰਾਮ ਸਾਹਲੀ, ਹਕੀਮ ਅਜਮਲ ਖਾਂ, ਸਵਾਮੀ ਸ਼ਰਧਾ ਨੰਦਾ, ਡਾ. ਅਨਸਾਰੀ, ਭਾਈ ਜੋਧ ਸਿੰਘ, ਸ਼ੰਕਰ ਅਚਾਰੀਆ, ਪੰਡਤ ਮੋਤੀ ਲਾਲ ਨਹਿਰੂ, ਸਰੋਜਨੀ ਨਾਇਡੂ ਆਦਿ ਤੋਂ ਇਲਾਵਾ ਅਖ਼ਬਾਰ ਨਵੀਸ ਸਨ। ਸਭ ਨੇ ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜ੍ਹਤਾ ਅਤੇ ਸਬਰ ਨਾਲ ਅਕਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸ਼ੱਦਦ ਸਾਹਮਣੇ ਹੱਥ ਨਹੀਂ ਚੁੱਕੇ, ਸੀਅ ਨਾ ਕੀਤੀ। ਇਹ ਇਕ ਅਦੁੱਤੀ ਮਿਸਾਲ ਕਾਇਮ ਕੀਤੀ।

ਸੀ. ਐਫ. ਐਂਡਰਿਊਜ਼ ਜਿਸਨੇ ਇਕ ਮਸੀਹਾ ਸੂਲੀ ਚੜ੍ਹਦੇ ਸੁਣਿਆ ਸੀ, ਅੱਖਾਂ ਸਾਹਮਣੇ ਸੈਂਕੜੇ ਤਸੀਹੇ ਝੱਲ ਰਹੇ ਵੇਖ ਕੇ ਰੋ ਪਿਆ। ਉਸਨੇ ਅਖ਼ਬਾਰਾਂ ਨੂੰ ਰਿਪੋਰਟ ਭੇਜੀ ਕਿ ਇਹ ਅੰਗਰੇਜ਼ੀ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ। ਇਹ ਇਕ ਹਿਰਦੇਵੇਦਕ ਘਟਨਾ ਹੈ ਜੋ ਇਕ ਅੰਗਰੇਜ਼ ਤੋਂ ਵੀ ਨਹੀਂ ਵੇਖੀ ਜਾ ਸਕੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾ ਵਿਖਾਵੇ। ਅੰਗਰੇਜ਼ੀ ਫਿਲਮਸਾਜ਼ ਏ. ਐਲ. ਵਰਜਰ ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਣਾਈ। ਸਰ ਐਡਵਰਡ ਮੈਕਲਾਘਮ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸਦੇ ਦਖਲ ਨਾਲ ਸਿੰਘਾਂ ਤੇ ਡਾਂਗਾਂ ਵਰ੍ਹਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫਤਾਰੀਆਂ ਦਾ ਦੌਰ 17 ਨਵੰਬਰ 1922 ਤੱਕ ਚੱਲਿਆ। ਅਕਤੂਬਰ ਦੇ ਪਹਿਲੇ ਹਫਤੇ ਗਵਰਨਰ ਜਨਰਲ ਲਾਰਡ ਰੀਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਅਖੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰਦਾਸ ਵੱਲੋਂ ਗੁਰਦੁਆਰਾ ਜ਼ਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜ਼ਮੀਨ ਦਾ ਜਿੰਮਾ ਸੰਗਤਾਂ ਨੂੰ ਮਿਲ ਗਿਆ। ਅੰਤ 17 ਨਵੰਬਰ 1922 ਨੂੰ ਸਿੰਘ ਰਿਹਾ ਹੋ ਗਏ ਤੇ ਮੋਰਚਾ ਸਫਲ ਹੋਇਆ।

ਇਸ ਸ਼ਾਂਤਮਈ ਮੋਰਚੇ ਵਿਚ 839 ਸਿੰਘ ਜ਼ਖਮੀ ਅਤੇ 5605 ਸਿੰਘ ਗ੍ਰਿਫ਼ਤਾਰ ਹੋਏ ਸਨ, ਜਿਹਨਾਂ ਵਿਚ ਲਗਭਗ 35 ਸ਼੍ਰੋਮਣੀ ਕਮੇਟੀ ਮੈਂਬਰ ਅਤੇ 200 ਫੌਜੀ ਪੈਨਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਤੇ ਬਹਾਦਰੀ ਤੇ ਲੋਕਾਂ ਨੇ ਮਾਣ ਕੀਤਾ। ਸੂਰਬੀਰ ਸਿੰਘਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ, ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਜਰਿਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਜਨਤਕ ਲਹਿਰਾਂ ਲਈ ਰਾਹ ਪੱਧਰਾ ਹੋਇਆ। ਲੋਕਾਂ ਵਿਚ ਜਨਤਕ ਤੌਰ ਤੇ ਇਨਕਲਾਬੀ ਉਤਸ਼ਾਹ ਆਇਆ ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜ਼ੀ ਹਕੂਮਤ ਦੇ ਖਿਲਾਫ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ, ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਪ੍ਰਫੁੱਲਿਤ ਕੀਤਾ। ਉਸ ਸਮੇਂ ਦੇ ਸਿੱਖ ਆਚਰਣ ਵਿਚ ਪ੍ਰਦਰਸ਼ਿਤ ਗੁਣਾਂ ਨੂੰ ਅਪਣਾਉਣ ਦੀ ਪ੍ਰੇਰਨਾ ਮਿਲਦੀ ਹੈ। ਇਹ ਇਕ ਗੌਰਵਮਈ ਸਫਲਤਾ ਇਤਿਹਾਸਕ ਮੋਰਚਾ ਹੋ ਨਿੱਬੜਿਆ।

# 'ਫ਼ਰੀਦ ਜੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪੱਥ-ਪ੍ਰਦਰਸ਼ਕ'

(ਸਫਾ 26 ਦੀ ਬਾਕੀ)

ਫ਼ਰੀਦ ਜੀ ਨੇ ਪੱਟੀ ਖੋਲ੍ਹੀ, ਅੱਖ 'ਤੇ ਜ਼ਖਮ ਨਹੀਂ ਸੀ। ਅੱਖ ਪਹਿਲਾਂ ਦੀ ਤਰ੍ਹਾਂ ਸਾਫ ਸੀ ਜਿਵੇਂ ਪਹਿਲਾਂ ਹੁੰਦੀ ਸੀ। ਗੁਰੂ ਜੀ ਨੇ ਕਿਹਾ, "ਤੇਰੀ ਸੇਵਾ ਪਰਵਾਨ ਹੋਈ ਤੇ ਤਪੱਸਿਆ ਵੀ ਪੂਰਨ ਹੋਈ। ਹੰਕਾਰ ਨਹੀਂ ਕਰਨਾ, ਨਿਮਰਤਾ ਅਪਣਾਉਣਾ ਤੇ ਖ਼ੁਦਾ ਨੂੰ ਹਮੇਸ਼ਾ ਯਾਦ ਰੱਖਣਾ। ਰਿਧੀਆਂ-ਸਿਧੀਆਂ ਸਦਾ ਆਪ ਦੇ ਅੰਗ-ਸੰਗ ਰਹਿਣਗੀਆਂ। ਆਪਣੇ ਘਰ ਜਾ ਕੇ ਖ਼ੁਦਾ ਦੀ ਮਹਿਮਾ ਗਾਓ।"

ਇਸ ਤਰ੍ਹਾਂ ਹਜ਼ਰਤ ਚਿਸ਼ਤੀ ਸਾਹਿਬ ਪ੍ਰਸੰਨ ਚਿੱਤ, ਫ਼ਰੀਦ ਜੀ ਨੂੰ ਵਰ ਦਿੰਦੇ ਹੋਏ ਤੇ ਫ਼ਰੀਦ ਜੀ ਨੇ ਆਪਣੇ ਗੁਰੂ ਜੀ ਦੇ ਚਰਨ ਪਕੜ ਲਏ ਤੇ ਗੁਰੂ ਜੀ ਦੀ ਮਹਿਮਾ ਸੁਣ ਕੇ ਨਿਹਾਲ ਹੋ ਗਏ।

ਇਸ ਉਪਰੰਤ ਫ਼ਰੀਦ ਜੀ ਪਾਕਪਟਨ ਆਪਣੇ ਘਰ ਪਰਤ ਆਏ ਤੇ ਇਸਲਾਮ ਧਰਮ ਦਾ ਪ੍ਰਚਾਰ ਕਰਨ ਲੱਗ ਪਏ। ਨੇਕੀ, ਸੱਚ ਤੇ ਪ੍ਰਾਰਥਨਾ ਦਾ ਪ੍ਰਕਾਸ਼ ਚਾਰ-ਚੁਫੇਰੇ ਫੈਲ ਗਿਆ ਤੇ ਉਨ੍ਹਾਂ ਦੀ ਗੱਦੀ ਦਾ ਜਸ ਦੂਰ-ਦੂਰ ਤੱਕ ਫੈਲਣ ਲੱਗ ਪਿਆ। ਸ਼ੇਖ ਫ਼ਰੀਦ ਜੀ ਨੇ ਪਾਕਪਟਨ ਨੂੰ ਸੂਫ਼ੀ ਮੱਤ ਦੇ ਵਿਚਾਰਾਂ ਦਾ ਇਕ ਮਹਾਨ ਤੀਰਥ ਸਥਾਨ ਬਣਾ ਦਿੱਤਾ। ਭਾਰਤ, ਮਿਡਲ ਈਸਟ ਤੇ ਸੰਸਾਰ ਦੇ ਕੋਨੇ-ਕੋਨੇ ਤੋਂ ਅੱਜ ਵੀ ਲੋਕ ਇਸ ਮੱਤ ਦੀ ਸਿੱਖਿਆ ਲੈਣ ਲਈ ਪਾਕਪਟਨ ਵਿਖੇ ਜਾਂਦੇ ਹਨ। ਇੱਥੋਂ ਦੇ ਰਹਿਬਰ, ਹਮੇਸ਼ਾ ਆਪਣੇ ਸੂਫ਼ੀ ਮੱਤ ਦੀ ਸਿੱਖਿਆ ਪੰਜਾਬੀ ਭਾਸ਼ਾ 'ਚ ਦਿੰਦੇ ਹਨ ਜਿਹੜੀ ਕਿ ਪੰਜਾਬ ਦੇ ਆਮ ਜਨਜੀਵਨ ਦੀ ਬੋਲੀ ਹੈ, ਭਾਵੇਂ ਕਿ ਇੱਥੇ ਦੂਸਰੇ ਦੇਸ਼ਾਂ ਤੋਂ ਆਉਣ ਵਾਲੇ ਲੋਕ ਅਰਬੀ ਤੇ ਫਾਰਸੀ ਭਾਸ਼ਾ ਦੇ ਗਿਆਤਾ ਵੀ ਕਿਉਂ ਨਾ ਹੋਣ। ਸੂਫ਼ੀ ਮੱਤ ਦੀਆਂ ਸਾਰੀਆਂ ਸਿੱਖਿਆਵਾਂ ਤੇ ਸ਼ਲੋਕ ਪੰਜਾਬੀ ਭਾਸ਼ਾ 'ਚ ਹੀ, ਫਾਰਸੀ ਲਿੱਪੀ 'ਚ ਲਿਖੇ ਹੁੰਦੇ ਹਨ। ਉਥੇ ਪੈਸੇ ਦੇ ਰੂਪ 'ਚ ਦਾਨ ਨਹੀਂ ਲਿਆ ਜਾਂਦਾ ਸਗੋਂ ਇਹ ਦਾਨ ਰਾਸ਼ਨ-ਪਾਣੀ ਦੇ ਰੂਪ 'ਚ ਹੀ ਲਿਆ ਜਾਂਦਾ ਹੈ। ਇਸ ਰਾਸ਼ਨ-ਪਾਣੀ ਨਾਲ ਲੰਗਰ ਤਿਆਰ ਕਰਕੇ ਆਈਆਂ-ਗਈਆਂ ਸੰਗਤਾਂ ਨੂੰ ਖੁਆਇਆ ਜਾਂਦਾ ਹੈ।

ਬਾਬਾ ਫ਼ਰੀਦ ਜੀ ਫਿਰ ਦਿੱਲੀ ਗਏ ਤੇ ਉਹਨਾਂ ਦਾ ਬਹੁਤ ਸਵਾਗਤ ਕੀਤਾ ਗਿਆ। ਬਾਦਸ਼ਾਹ ਨਾਸੀਰ-ਉੱਲ-ਦੀਨ ਬਲਬਨ ਨੇ ਬਾਬਾ ਫ਼ਰੀਦ ਜੀ ਦੀ ਆਪਣੇ ਪਰਿਵਾਰ ਨਾਲ ਜਾਣ-ਪਛਾਣ ਕਰਵਾਈ। ਬਾਬਾ ਫ਼ਰੀਦ ਜੀ ਦੀ, ਬਲਬਨ ਬਾਦਸ਼ਾਹ ਦੀ ਪੁੱਤਰੀ ਹਜ਼ਾਬਾਰਾ ਤੇ ਨਜ਼ਰ ਪਈ ਤਾਂ ਉਹਨਾਂ ਨੇ ਬਾਦਸ਼ਾਹ ਤੋਂ ਆਪਣੇ ਲਈ, ਉਨ੍ਹਾਂ ਦੀ ਲੜਕੀ ਦਾ ਰਿਸ਼ਤਾ ਮੰਗ ਲਿਆ। ਬਾਦਸ਼ਾਹ ਨੇ ਆਪਣੀ ਲੜਕੀ ਦੀ ਸ਼ਾਦੀ, ਬਾਬਾ ਫ਼ਰੀਦ ਜੀ ਨਾਲ ਕਰ ਦਿੱਤੀ। ਬਾਬਾ ਫ਼ਰੀਦ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਉਹ ਤੋਹਫਿਆਂ ਦੇ ਰੂਪ 'ਚ ਕੋਈ ਵੀ ਹੀਰੇ ਜਵਾਹਰਾਤ ਨਹੀਂ ਲੈਣਗੇ ਤੇ ਬਾਦਸ਼ਾਹ ਨੇ ਜੋ ਹੀਰੇ ਜਵਾਹਰਾਤ ਬਾਬਾ ਫ਼ਰੀਦ ਜੀ ਨੂੰ ਦਿੱਤੇ, ਉਹ ਸਾਰੇ ਉਹਨਾਂ ਨੇ ਗਰੀਬ ਲੋਕਾਂ ਤੇ ਫਕੀਰਾਂ 'ਚ ਵੰਡ ਦਿੱਤੇ।

ਇਕ ਵਾਰ ਸੱਤ ਸੌ ਦੇ ਕਰੀਬ ਪਵਿੱਤਰ ਧਾਰਮਿਕ ਸ਼ਖ਼ਸੀਅਤਾਂ ਇਕੱਠੀਆਂ ਬੈਠੀਆਂ ਸਨ ਤੇ ਇਕ ਪੜਚੋਲੀਏ ਨੇ ਬਾਬਾ ਫ਼ਰੀਦ ਜੀ ਨੂੰ ਚਾਰ ਪ੍ਰਸ਼ਨ ਕੀਤੇ ਤੇ ਉਨ੍ਹਾਂ ਦਾ ਉੱਤਰ ਵੀ ਮੰਗਿਆ। ਬਾਬਾ ਫ਼ਰੀਦ ਜੀ ਨੇ ਪ੍ਰਸ਼ਨਾਂ ਦਾ ਉੱਤਰ ਵਾਰੀ-ਵਾਰੀ ਕਰਕੇ ਇੰਝ ਦਿੱਤਾ :-

ਪ੍ਰਸ਼ਨ : ਮਨੁੱਖ ਦੀ ਸਿਆਣਪਤ ਕਿਸ ਗੱਲ 'ਚ ਹੈ?
ਉਤਰ : ਮਨੁੱਖ ਪਾਪਾਂ ਤੇ ਗੁਨਾਹਾਂ ਤੋਂ ਦੂਰ ਰਹੇ।
ਪ੍ਰਸ਼ਨ : ਸਭ ਤੋਂ ਲਿਆਕਤਵਾਨ ਕੌਣ ਹੁੰਦਾ ਹੈ?
ਉਤਰ: ਜਿਹੜਾ ਆਦਮੀ ਹਰ ਚੰਗਿਆਈ ਨੂੰ ਨਕਾਰਦਾ ਨਹੀਂ ਹੈ।
ਪ੍ਰਸ਼ਨ : ਸਭ ਤੋਂ ਵੱਧ ਸੁਤੰਤਰ ਵਿਅਕਤੀ ਕਿਹੜਾ ਹੁੰਦਾ ਹੈ?
ਉਤਰ : ਜਿਹੜਾ ਮਨੁੱਖ ਆਪਣੇ ਕੰਮ 'ਚ ਨਿਪੁੰਨ ਹੋਵੇ।
ਪ੍ਰਸ਼ਨ : ਸਭ ਤੋਂ ਵੱਧ ਜਰੂਰਤਮੰਦ ਕੌਣ ਹੁੰਦਾ ਹੈ?
ਉਤਰ : ਜਿਹੜਾ ਵਿਅਕਤੀ ਆਪਣੇ ਕੰਮ 'ਚ ਨਿਪੁੰਨ ਨਹੀਂ ਹੁੰਦਾ।

ਬਾਬਾ ਫ਼ਰੀਦ ਜੀ ਦੇ ਇਕ ਪੈਰੋਕਾਰ ਨੇ ਇਕ ਵਾਰ ਪੁੱਛਿਆ ਬਾਬਾ ਜੀ ਕੀ ਗਾਉਣਾ ਤੇ ਸੰਗੀਤ ਵਜਾਉਣਾ ਕਾਨੂੰਨੀ ਤੌਰ ਤੇ ਠੀਕ ਹੈ? ਬਾਬਾ ਫ਼ਰੀਦ ਜੀ ਨੇ ਉੱਤਰ ਦਿੱਤਾ ਕਿ ਇਸਲਾਮ ਧਰਮ ਦੇ ਮੁਤਾਬਕ ਇਹ ਯਕੀਨਨ ਗੈਰ ਕਾਨੂੰਨੀ ਹੈ ਪਰ ਇਸ ਦੀ ਉਚਿੱਤਤਾ ਅਜੇ ਇਕ ਬਹਿਸ ਦਾ ਵਿਸ਼ਾ ਹੈ। ਨਿਜ਼ਾਮ-ਉੱਲ-ਦਾਉਲੀਆ ਨੇ ਆਪਣੇ ਇਕ ਪੈਰੋਕਾਰ ਜਿਸ ਦਾ ਨਾਮ ਨਸੀਰ-ਉੱਲ-ਦੀਨ ਸੀ ਨੂੰ ਕਿਹਾ ਕਿ ਜਦ ਉਹ ਇਕ ਦਿਨ ਬਾਬਾ ਫ਼ਰੀਦ ਜੀ ਨੂੰ ਮਿਲਣ ਲਈ ਗਏ ਤਾਂ ਉਹ ਆਪਣੇ ਦਰਵਾਜੇ 'ਚ ਖੜ੍ਹੇ ਇਹ ਨਿਮਨ ਲਿਖਤ ਸ਼ਲੋਕ ਗਾ ਕੇ ਨੱਚ ਵੀ ਰਹੇ ਸਨ :

ਫ਼ਰੀਦਾ ਤਨ ਤਪੇ ਤਨੂੰਰ ਜਿਉ, ਬਾਲਣ ਹੱਡ ਬਲੰਨ ॥
ਪੈਰੀ ਥੱਕਾ ਸਿਰ ਜੁਲਾ, ਜੇਮੂੰ ਪਿਰੀ ਮਲੰਨ ॥

ਭਾਵ ਮੇਰਾ ਸਰੀਰ ਪਰਮਾਤਮਾ ਨੂੰ ਪਾਉਣ ਲਈ ਇਕ ਤੰਦੂਰ ਦੀ ਤਰ੍ਹਾਂ ਤਪ ਰਿਹਾ ਹੈ ਤੇ ਮੈਂ ਉਸ ਤੰਦੂਰ 'ਚ ਆਪਣੇ ਸਰੀਰ ਦੇ ਹੱਡਾਂ ਦਾ ਬਾਲਣ ਬਾਲ ਰਿਹਾ ਹਾਂ। ਜੇਕਰ ਉਹ ਪ੍ਰਮਾਤਮਾ ਮੈਨੂੰ ਇਸ ਤਰ੍ਹਾਂ ਕਰਨ ਨਾਲ ਨਹੀਂ ਮਿਲੇਗਾ ਤਾਂ ਉਸ ਦੇ ਦਰ 'ਤੇ ਪਹੁੰਚਣ ਲਈ, ਪੈਰਾਂ ਨਾਲ ਚੱਲਦਾ ਥੱਕ ਜਾਵਾਂ ਤਾਂ ਮੈਂ ਸਿਰ ਭਰਨੇ ਹੋ ਕੇ ਚੱਲਣ ਲਈ ਤਿਆਰ ਹਾਂ। ਮੈਨੂੰ ਪ੍ਰਮਾਤਮਾ ਨੂੰ ਪਾਉਣ ਲਈ ਹਰ ਵਿਧੀ ਮਨਜ਼ੂਰ ਹੈ।

ਬਾਬਾ ਫ਼ਰੀਦ ਜੀ ਨੇ ਮੋਹਕਲਪੁਰ ਸ਼ਹਿਰ ਦੀ ਯਾਤਰਾ ਵੀ ਕੀਤੀ। ਇਸ ਨੂੰ ਅੱਜਕੱਲ੍ਹ, ਫ਼ਰੀਦਕੋਟ ਕਹਿੰਦੇ ਹਨ। ਬਾਬਾ ਫ਼ਰੀਦ ਜੀ ਦੇ ਇਸ ਸ਼ਹਿਰ 'ਚ ਆਉਣ ਕਰਕੇ, ਬਾਅਦ 'ਚ ਉਨ੍ਹਾਂ ਦੀ ਯਾਦਗਾਰ ਵਜੋਂ, ਇਸ ਮੋਹਕਲਪੁਰ ਸ਼ਹਿਰ ਦਾ ਨਾਮ ਬਦਲ ਕੇ ਫ਼ਰੀਦਕੋਟ ਰੱਖ ਦਿੱਤਾ ਗਿਆ। ਇਹ ਸ਼ਹਿਰ ਭਾਰਤ ਦੇ ਪੰਜਾਬ ਪ੍ਰਾਂਤ 'ਚ ਸਥਿਤ ਹੈ। ਇੱਥੇ ਬਾਬਾ ਫ਼ਰੀਦ ਜੀ ਕੋਈ ਛੇ ਮਹੀਨੇ ਦੇ ਕਰੀਬ ਰੁਕੇ ਤੇ ਜਾਣ ਲੱਗੇ ਆਪਣੀ ਕੁਟੀਆ ਨੂੰ ਤਾਲੇ ਨਾਲ ਬੰਦ ਕਰ ਗਏ ਤੇ ਕਿਹਾ ਕਿ, "ਹੁਣ ਇਸ ਨੂੰ ਮੇਰਾ ਕੋਈ ਵੰਸ਼ਜ਼ ਹੀ ਆ ਕੇ ਖੋਲ੍ਹੇਗਾ।" ਇਸ ਤੋਂ ਬਾਅਦ ਉਹ ਪੰਜਾਬ ਦੇ ਪਹਾੜਾਂ 'ਚ ਦੀ ਹੁੰਦੇ ਹੋਏ ਪਾਕਪਟਨ ਪਹੁੰਚ ਗਏ। ਜਿਉਂ ਹੀ ਬਾਬਾ ਫ਼ਰੀਦ ਜੀ ਦਾ ਵੰਸ਼ਜ਼ ਦਿਵਾਨ ਤਾਜ਼-ਉੱਲ-ਦੀਨ ਆਪਣੀ ਮੱਕੇ-ਮਦੀਨੇ ਦੀ ਹੱਜ਼ ਯਾਤਰਾ ਪੂਰੀ ਕਰਕੇ ਵਾਪਿਸ ਆਇਆ ਤਾਂ ਉਸ ਤੋਂ ਬਾਅਦ ਉਹ ਪੰਜਾਬ ਦੇ ਇਸ ਫ਼ਰੀਦਕੋਟ ਸ਼ਹਿਰ 'ਚ ਆਇਆ ਤੇ ਉਸ ਨੇ ਲੋਕਾਂ ਤੋਂ ਬਾਬਾ ਫ਼ਰੀਦ ਜੀ ਦੇ ਵੰਸ਼ਜ਼ ਦਾ ਨਾਮ ਪੁੱਛਿਆ ਤੇ ਉਹਨਾਂ ਨੇ ਕਿਹਾ ਕਿ ਅਸੀਂ ਤਾਂ ਸਿਵਾਏ ਕੁਤਬ-ਉੱਲ-ਆਲਮ ਬਾਬਾ ਫ਼ਰੀਦ ਸ਼ਕਰਗੰਜ ਨੂੰ ਹੀ ਜਾਣਦੇ ਹਾਂ ਤੇ ਹੋਰ ਉਨ੍ਹਾਂ ਦੇ ਕਿਸੇ ਜਾਨਸ਼ੀਨ ਜਾਂ ਵੰਸ਼ਜ਼ ਨੂੰ ਨਹੀਂ ਜਾਣਦੇ। ਫਿਰ ਉਸ ਨੇ ਕਿਹਾ ਕਿ, "ਮੈਂ ਹੀ ਉਨ੍ਹਾਂ ਦਾ ਵੰਸ਼ਜ਼ ਹਾਂ", ਫਿਰ ਲੋਕਾਂ ਦੀ ਹਾਜ਼ਰੀ 'ਚ ਤਾਜ਼-ਉੱਲ-ਦੀਨ ਨੇ ਬਾਬਾ ਫ਼ਰੀਦ ਜੀ ਦੀ ਕੁਟੀਆ ਦਾ ਦਰਵਾਜ਼ਾ ਖੋਲ੍ਹਿਆ। ਇਹ ਹਕੀਕਤ ਬਾਬਾ ਫ਼ਰੀਦ ਜੀ ਦੇ ਜਾਣ ਤੋਂ ਕਈ ਸੌ ਸਾਲ ਬਾਅਦ ਦੀ ਹੈ। ਬਾਬਾ ਸ਼ੇਖ ਫ਼ਰੀਦ ਸ਼ਕਰਗੰਜ਼ ਜੀ ਦੀ ਯਾਦ 'ਚ ਇੱਥੇ ਹਰ ਸਾਲ ਤਿੰਨ ਦਿਨ ਲਈ 'ਬਾਬਾ ਫ਼ਰੀਦ ਜੀ ਦਾ ਮੇਲਾ' ਮਨਾਇਆ ਜਾਂਦਾ ਹੈ ਤੇ ਲੋਕ ਦੂਰੋਂ-ਦੂਰੋਂ ਇਸ 'ਚ ਸ਼ਾਮਲ ਹੋਣ ਲਈ ਆਉਂਦੇ ਹਨ।

ਬਾਬਾ ਫ਼ਰੀਦ ਜੀ ਦੀ ਮੌਤ 1266 ਈਸਵੀ ਨੂੰ ਮੁਹੱਰਮ ਤੋਂ ਪੰਜਵੇਂ ਦਿਨ ਬਾਅਦ ਨਮੂਨੀਆ ਦੀ ਬਿਮਾਰੀ ਨਾਲ ਹੋਈ। ਬਾਬਾ ਜੀ ਦੀ ਪਾਕਪਟਨ ਵਿਖੇ ਯਾਦਗਾਰ ਉਨ੍ਹਾਂ ਦੇ ਜਾਨਸ਼ੀਨਾਂ ਨੇ ਕਾਫੀ ਸਮਾਂ ਲੰਘ ਜਾਣ ਬਾਅਦ ਬਣਾਈ। ਬਾਬਾ ਫ਼ਰੀਦ ਜੀ ਇਕ ਵਿਲੱਖਣ ਸ਼ਖ਼ਸੀਅਤ ਦੇ ਬੜੇ ਪਹੁੰਚੇ ਹੋਏ ਸੂਫ਼ੀ ਸੰਤ ਸਨ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ 'ਚਿਸ਼ਤੀ' ਕਿਹਾ ਜਾਂਦਾ ਹੈ।

ਬਾਬਾ ਫ਼ਰੀਦ ਜੀ ਦਾ ਦਾਹ ਸੰਸਕਾਰ ਪਾਕਪਟਨ ਦੇ ਬਾਹਰ-ਬਾਰ ਸ਼ਹਿਰ ਤੋਂ ਥੋੜ੍ਹੀ ਦੂਰ ਕੀਤਾ ਗਿਆ। ਇਸ ਜਗ੍ਹਾ ਨੂੰ "ਸ਼ਹੀਦ ਗਾਹ" ਕਹਿੰਦੇ ਹਨ। ਉਹਨਾਂ ਦੀਆਂ ਸੂਫ਼ੀ ਮੱਤ ਦੀਆਂ ਸਿੱਖਿਆਵਾਂ ਨੂੰ ਉਨ੍ਹਾਂ ਦੇ ਜਾਨਸ਼ੀਨਾਂ ਤੇ ਪੈਰੋਕਾਰਾਂ ਨੇ ਅੱਜ ਵੀ ਜੀਵੰਤ ਰੱਖਿਆ ਹੋਇਆ ਹੈ ਤੇ ਸੰਸਾਰ ਭਰ ਤੋਂ ਲੋਕ, ਇੱਥੇ ਸਜਦਾ ਕਰਨ ਲਈ ਤੇ ਸੂਫ਼ੀ ਮੱਤ ਦੀਆਂ ਸਿੱਖਿਆਵਾਂ ਲੈਣ ਲਈ ਆਉਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ, ਸਤਿਗੁਰੂ ਕਬੀਰ ਦਾਸ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਸੈਨ ਜੀ ਤੇ ਹੋਰ ਭਗਤੀ ਲਹਿਰ ਦੇ ਅਨੇਕਾਂ ਰਹਿਬਰਾਂ ਨੇ ਬਾਬਾ ਫ਼ਰੀਦ ਜੀ ਦੀਆਂ ਸਿੱਖਿਆਵਾਂ ਤੋਂ ਪ੍ਰਭਾਵ ਗ੍ਰਹਿਣ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਯਾਤਰਾਵਾਂ ਦੇ ਦੌਰਾਨ ਪਾਕਪਟਨ ਵਿਖੇ ਗਏ ਤੇ ਉਹ ਬਾਬਾ ਸ਼ੇਖ਼ ਫ਼ਰੀਦ ਸ਼ਕਰਗੰਜ ਜੀ ਦੀ ਗੱਦੀ ਦੇ ਛੇਵੇਂ ਜਾਨਸ਼ੀਨ ਸ਼ੇਖ਼ ਫ਼ਰੀਦ ਜੀ ਸਾਨੀ ਜਾਂ ਸ਼ੇਖ਼ ਫ਼ਰੀਦ ਜੀ ਦੂਜੇ, ਨੂੰ ਮਿਲੇ ਤੇ ਉਹਨਾਂ ਤੋਂ, ਆਪਣੇ ਨਾਲ ਬਾਬਾ ਸ਼ੇਖ਼ ਫ਼ਰੀਦ ਜੀ ਦੀ ਬਾਣੀ ਵੀ ਨਾਲ ਲਿਆਏ। ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ 'ਗੁਰੂ ਗ੍ਰੰਥ ਸਾਹਿਬ' 'ਚ ਦਰਜ ਕੀਤਾ ਹੈ। ਗੁਰੂ ਗ੍ਰੰਥ ਸਾਹਿਬ 'ਚ ਸ਼ੇਖ਼ ਫ਼ਰੀਦ ਜੀ ਦੇ 112 ਸ਼ਲੋਕ ਦਰਜ ਹਨ ਤੇ ਇਸ ਦੇ ਨਾਲ 20 ਸ਼ਲੋਕ ਉਹ ਵੀ ਦਰਜ ਕੀਤੇ ਗਏ ਹਨ, ਜਿਹੜੇ ਗੁਰੂ ਸਾਹਿਬ ਨ ਸ਼ੇਖ਼ ਫ਼ਰੀਦ ਜੀ ਦੇ ਸਲੋਕਾਂ ਦੀ ਟਿੱਪਣੀ ਵਜੋਂ ਲਿਖੇ ਹਨ, ਜਿੱਥੇ ਉਹਨਾਂ ਦੇ ਵਿਚਾਰ, ਬਾਬਾ ਸ਼ੇਖ਼ ਫ਼ਰੀਦ ਜੀ ਨਾਲ ਨਹੀਂ ਮਿਲਦੇ ਸਨ।

ਉਥੇ ਉਹਨਾਂ ਨੇ ਨਾਲ ਇਹ ਸ਼ਲੋਕ ਵੀ ਲਿਖ ਦਿੱਤੇ ਤਾਂ ਜੋ ਫ਼ਰੀਦ ਜੀ ਤੇ ਗੁਰੂ ਸਾਹਿਬਾਨ ਦੇ ਸ਼ਲੋਕਾਂ ਦਾ ਵਿਚਾਰਧਾਰਕ ਫਰਕ ਪਤਾ ਲੱਗ ਸਕੇ। ਸ਼ੇਖ਼ ਫ਼ਰੀਦ ਜੀ ਦੀ ਬਾਣੀ 'ਚ ਨਿਰਾਸ਼ਾਵਾਦ ਜ਼ਿਆਦਾ ਭਾਰੂ ਹੈ ਪਰ ਵਿਚ-ਵਿਚ ਆਸ਼ਾਵਾਦ ਵੀ ਆਪਣੇ ਝਲਕਾਰੇ ਮਾਰਦਾ ਹੈ।

ਬਾਬਾ ਸ਼ੇਖ਼ ਫ਼ਰੀਦ ਸ਼ਕਰਗੰਜ ਜੀ ਨੂੰ ਸਹੀ ਮਾਅਨਿਆਂ 'ਚ ਪੰਜਾਬੀ ਸਾਹਿਤ ਤੇ ਭਾਸ਼ਾ ਦੇ ਆਰੰਭਕ ਦੌਰ ਦੇ ਨਿਰਮਾਤਾ ਕਿਹਾ ਜਾ ਸਕਦਾ ਹੈ। ਉਹਨਾਂ ਦੀ ਸਾਹਿਤ ਰਚਨਾ ਨੇ ਹਿੰਦੀ ਤੇ ਉਰਦੂ ਭਾਸ਼ਾਵਾਂ 'ਤੇ ਵੀ ਆਪਣੇ ਸਮਿਆਂ 'ਚ ਗਹਿਰਾ ਪ੍ਰਭਾਵ ਛੱਡਿਆ। ਉਨ੍ਹਾਂ ਦੀ ਰਚਨਾ, ਭਾਵ ਬਾਣੀ ਬੜੀ ਸਰਲ, ਸਪਸ਼ਟ ਤੇ ਆਮ ਲੋਕਾਂ ਦੀ ਬੋਲੀ 'ਚ ਹੈ। ਉਹਨਾਂ ਤੋਂ ਕਾਫੀ ਸਮਾਂ ਬਾਅਦ ਦੇ ਪ੍ਰਸਿੱਧ ਕਵੀਆਂ ਨੇ ਜਿਨ੍ਹਾਂ 'ਚ ਸਤਿਗੁਰੂ ਕਬੀਰ ਦਾਸ ਜੀ, ਤੁਲਸੀ ਦਾਸ ਜੀ ਤੇ ਮੀਰਾਂ ਬਾਈ ਜੀ ਨੇ ਵੀ ਆਪਣੀਆਂ ਕਵਿਤਾਵਾਂ ਆਮ ਲੋਕਾਂ ਦੀ ਬੋਲੀ 'ਚ ਬੜੇ ਸਰਲ ਤੇ ਸਪਸ਼ਟ ਸ਼ਬਦਾਂ 'ਚ ਲਿਖਣ ਦੀ ਪਿਰਤ ਪਾਈ। ਇਹ ਗੱਲ ਕਹਿਣ 'ਚ ਕੋਈ ਅੱਤਕਥਨੀ ਨਹੀਂ ਹੋਵੇਗੀ ਕਿ ਬਾਬਾ ਸ਼ੇਖ਼ ਫ਼ਰੀਦ ਸ਼ਕਰਗੰਜ ਜੀ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਅਸਲੀ ਪੱਥ-ਪ੍ਰਦਰਸ਼ਕ ਹਨ।

# ਡਾ. ਦਿਲਗੀਰ ਦੀ ਇਤਿਹਾਸਕਾਰੀ-2



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕਕਮੇਟੀ ਵੱਲੋਂ ਛਾਪੇ ਗਏ ਇਸ ਸਾਲ (555 ਨ: ਸ:) ਦੇ ਕੈਲੰਡਰ ਵਿੱਚ, 'ਸਿਰਜਣਾ ਦਿਵਸ ਅਕਾਲ ਤਖਤ ਸਾਹਿਬ' 25 ਜੇਠ (8 ਜੂਨ) ਦਾ ਦਰਜ ਹੈ। ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਇਸ ਦਿਨ ਹਾੜ ਵਦੀ 5ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਹ ਦਿਹਾੜਾ ਮਨਾਇਆ ਤਾਂ ਚੰਦ ਦੇ ਕੈਲੰਡਰ ਦੇ ਮੁਤਾਬਕਹਾੜ ਵਦੀ 5 ਨੂੰ ਗਿਆ ਹੈ, ਪਰ ਦਰਜ ਪ੍ਰਵਿਸ਼ਟਿਆਂ (25 ਜੇਠ) ਵਿੱਚ ਕੀਤਾ ਹੈ। ਅਗਲੇ ਸਾਲ ਸ਼੍ਰੋਮਣੀ ਕਮੇਟੀ ਦੇ ਕੈਲੰਡਰਵਿੱਚ ਇਹ ਦਿਹਾੜਾ ਹਾੜ ਵਦੀ 5 ਮੁਤਾਬਕ12 ਹਾੜ (26 ਜੂਨ) ਦਾ ਦਰਜ ਹੋਵੇਗਾ। ਹੁਣ ਇਹ ਦਿਹਾੜਾ 383 ਦਿਨਾਂ ਪਿਛੋਂ ਆਵੇਗਾਜਦੋਂ ਕਿ ਸਾਲ ਵਿੱਚ 365 ਦਿਨ ਹੁੰਦੇ ਹਨ।

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਇਹ ਤਾਰੀਖ ਇਸ ਤਰ੍ਹਾਂ ਦਰਜ ਹੈ;

ਹਾੜ ਪੰਚ ਪੰਚ ਵੀ ਜਾਨੁ, ਸ੍ਰੀ ਗੁਰ ਉੱਦਮ ਕੀਨ ਮਹਾਨ।
(ਵੇਦਾਂਤੀ ਵਾਲੀ, ਪੰਨਾ 210)

ਇਥੇ ਸਿਰਫ "ਹਾੜ ਪੰਚਵੀ" ਦਰਜ ਹੈ। ਪਰ 'ਹਾੜ ਪੰਚਵੀ' ਕਿਹੜੀ, ਭਾਵ ਵਦੀ ਜਾਂ ਸੁਦੀ? ਇਹ ਵੇਰਵਾ ਨਹੀਂ ਹੈ। ਡਾ ਦਿਲਗੀਰ ਇਸ ਨੂੰ ਹਾੜ ਸੁਦੀ 5 ਮੰਨਦਾ ਹੈ।


ਡਾ ਦਿਲਗੀਰ ਜੀ ਲਿਖਦੇ ਹਨ, "ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਲੇਖਕ ਮੁਤਾਬਿਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖਤ ਸਾਹਿਬ ਨੂੰ ਹਾੜ ਸੁਦੀ ਪੰਜ, 1663 ਬਿਕ੍ਰਮੀ, ਵੀਰਵਾਰ ਦੇ ਦਿਨ ਪ੍ਰਗਟ ਕੀਤਾ ਸੀ। ਬਿਕ੍ਰਮੀ ਦੀ ਇਹ ਤਾਰੀਖ ਕੌਮਾਂਤਰੀ (ਗਰੈਗੋਰੀਅਨ)ਕੈਲੰਡਰ ਮੁਤਾਬਿਕ 15 ਜੂਨ 1606 ਬਣਦੀ ਹੈ। ਪਰ ਇਹ ਤਾਰੀਖ ਸਹੀ ਨਹੀਂ ਜਾਪਦੀ, ਕਿਉਂਕਿ ਹਾੜ ਸੁਦੀ 5 ਸੰਮਤ 1663 ਦੇ ਦਿਨ ਐਤਵਾਰ ਸੀ ਵੀਰਵਾਰ ਨਹੀ"।(ਅਕਾਲ ਤਖਤ ਸਾਹਿਬ, ਫ਼ਲਸਫ਼ਾ ਅਤੇ ਤਵਾਰੀਖ਼, ਚੌਥੀ ਐਡੀਸ਼ਨ, ਪੰਨਾ 20)

ਡਾ ਦਿਲਗੀਰ ਦਾ ਇਹ ਲਿਖਣਾ ਕਿ, "ਕਿਉਂਕਿ ਹਾੜ ਸੁਦੀ 5 ਸੰਮਤ 1663 ਦੇ ਦਿਨ ਐਤਵਾਰ ਸੀ ਵੀਰਵਾਰ ਨਹੀ", ਸਹੀ ਨਹੀਂ ਹੈ। ਹਾੜ ਸੁਦੀ 5 ਸੰਮਤ 1663 ਨੂੰ ਦਿਨ ਸੋਮਵਾਰ ਸੀ।"ਬਿਕ੍ਰਮੀ ਦੀ ਤਾਰੀਖ ਕੌਮਾਂਤਰੀ (ਗਰੈਗੋਰੀਅਨ) ਕੈਲੰਡਰ ਮੁਤਾਬਿਕ 15 ਜੂਨ 1606 ਬਣਦੀ ਹੈ" ਮੁੱਢੋਂ ਹੀ ਗਲਤ ਹੈ। ਜੇ ਹਾੜ ਸੁਦੀ 5 ਸੰਮਤ 1663 ਬਿ: ਨੂੰ, ਗਰੈਗੋਰੀਅਨ ਕੈਲੰਡਰ ਵਿੱਚ ਬਦਲੀ ਕਰੀਏ ਤਾਂ ਇਹ 10 ਜੁਲਾਈ 1606 ਈ: (ਸੋਮਵਾਰ) ਬਣਦੀ ਹੈ।

ਅੰਗਰੇਜੀ ਕੈਲੰਡਰ, ਆਪਣੇ ਦੇਸ਼ ਵਿੱਚ ਅੰਗਰੇਜਾਂ ਨਾਲ ਹੀ ਆਇਆ ਸੀ। ਇੰਗਲੈਂਡ ਨੇ ਜੂਲੀਅਨ ਕੈਲੰਡਰ ਦੀ ਸੋਧ (4 ਅਕਤੂਬਰ 1582 ਈ:) ਨੂੰ 2 ਸਤੰਬਰ 1752 ਈ: ਵਿੱਚ ਮਾਨਤਾ ਦਿੱਤੀ ਸੀ। ਆਪਣੇ ਦੇਸ਼ ਵਿੱਚ ਜੂਲੀਅਨ ਨਹੀਂ ਗਰੈਗੋਰੀਅਨ ਕੈਲੰਡਰ ਹੀ ਆਇਆ ਸੀ। ਅੰਗਰੇਜਾਂ ਨੇ ਆਪਣੀ ਲੋੜ ਅਨੁਸਾਰ2 ਸਤੰਬਰ 1752 ਈ: ਤੋਂ ਪਹਿਲੀਆਂ,ਬਿਕ੍ਰਮੀ ਕੈਲੰਡਰ ਦੀਆਂ ਤਾਰੀਖਾਂਨੂੰ ਜੂਲੀਅਨ ਵਿੱਚ ਹੀ ਬਦਲੀ ਕੀਤਾ ਜਾਂ ਕਰਵਾਇਆ ਸੀ।ਉਪ੍ਰੋਕਤ ਵਰਨਣ ਤਾਰੀਖ 1752 ਈ: ਤੋਂ ਪਹਿਲਾ ਦੀ ਹੈ। ਇਸ ਲਈ ਇਹ ਜੂਲੀਅਨ ਵਿੱਚ ਬਦਲੀ ਕਰਨੀ ਪਵੇਗੀ। ਹੁਣ ਜੇ ਡਾ ਦਿਲਗੀਰ ਵੱਲੋਂ ਲਿਖੀ ਗਈ 15 ਜੂਨ 1606 ਈ: (ਗਰੈਗੋਰਿਅਨ) ਨੂੰ ਜੂਲੀਅਨ ਕੈਲੰਡਰ ਦੀ ਤਾਰੀਖ ਮੰਨ ਲਈਏ ਤਾਂ ਇਹ 18 ਹਾੜ, ਹਾੜ ਵਦੀ 5 ਸੰਮਤ 1663 ਬਿਕ੍ਰਮੀ ਬਣਦੀ ਹੈ। ਇਸ ਦਿਨ ਐਤਵਾਰ ਸੀ। ਜੋ ਸਹੀ ਤਾਰੀਖ ਹੈ। ਇਥੋਂ ਇਕ ਗੱਲ ਸਪੱਸ਼ਟ ਹੋ ਗਈ ਹੈ ਕਿ ਡਾ ਦਿਲਗੀਰ, ਵਦੀ-ਸੁਦੀ ਵਿੱਚ ਹੀ ਨਹੀਂ ਉਲਝਿਆ, ਉਹ ਜੂਲੀਅਨ ਅਤੇ ਗਰੈਗੋਰੀਅਨਕੈਲੰਡਰ ਦੇ ਅੰਤਰ ਨੂੰ ਵੀ ਸਮਝਣ ਤੋਂ ਅਸਮਰੱਥ ਹੈ।

ਡਾ ਦਿਲਗੀਰ ਅੱਗੇ ਲਿਖਦਾ ਹੈ, "ਗੁਰੂ ਅਰਜਨ ਸਾਹਿਬ ਨੂੰ 1606 ਵਿੱਚ, 25 ਮਈ ਦੇ ਦਿਨ, ਗ੍ਰਿਫਤਾਰ ਕਰਕੇ 30 ਮਈ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਦੇ 15 ਦਿਨ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਕਾਲ ਤਖਤ ਪ੍ਰਗਟ ਕਰਦਾ ਦੱਸਿਆ ਗਿਆ ਹੈ"। (ਪੰਨਾ ਉਹੀ) 30 ਮਈ 1606 ਜੂਲੀਅਨ ਮੁਤਾਬਕ ਗੁਰੂ ਜੀ ਦੀ ਸ਼ਹੀਦੀ 2 ਹਾੜ, ਜੇਠ ਸੁਦੀ 4 ਸੰਮਤ 1663ਬਿ: ਨੂੰ ਹੋਈ ਸੀ। ਇਹ ਸਹੀ ਤਾਰੀਖ ਹੈ। ਡਾ ਦਿਲਗੀਰ ਦੀ ਲਿਖਤ ਮੁਤਾਬਕ, 30 ਮਈ ਤੋਂ 15 ਦਿਨ ਮਗਰੋਂ ਹਾੜ ਸੁਦੀ 5 ਆਈ ਸੀ। ਇਥੇ ਡਾ ਦਿਲਗੀਰ ਫੇਰ ਟਪਲਾ ਖਾ ਗਿਆ। 30 ਮਈ /ਜੇਠ ਸੁਦੀ 4 ਤੋਂ 15 ਦਿਨ ਪਿਛੋਂ ਹਾੜ ਵਦੀ 4 ਆਈ ਸੀ ਨਾਕਿ ਹਾੜ ਸੁਦੀ 5, ਹਾੜ ਸੁਦੀ 5 ਤਾਂ 30 ਜੂਨ ਦਿਨ ਸੋਮਵਾਰ ਨੂੰ ਸੀ। 30 ਜੂਨ, 30 ਮਈ ਤੋਂ 31 ਦਿਨ ਪਿਛੋਂ ਆਉਂਦੀ ਹੈ ਨਾਕਿ 15 ਦਿਨ ਪਿਛੋਂ।ਇਹ ਹੈ 80 ਕਿਤਾਬਾਂ ਦੇ ਲੇਖਕ ਇਤਿਹਾਸਕਾਰ ਦਾ ਕੈਲੰਡਰ ਸਬੰਧੀ ਗਿਆਨ।

ਡਾ ਦਿਲਗੀਰ ਜੀ ਆਪਣੀ ਦੂਜੀ ਐਡੀਸ਼ਨ ਵਿੱਚ ਲਿਖਦੇ ਹਨ, "ਨੋਟ:- 15 ਜੂਨ 1606 ਦੀ ਤਾਰੀਖ ਪ੍ਰੋ: ਹਰਬੰਸ ਸਿੰਘ (ਪਟਿਆਲਾ) ਵਾਲਿਆਂ ਦਿੱਤੀ ਹੈ। ਮੈਂ ਆਪਣੀ ਅੰਗਰੇਜੀ ਕਿਤਾਬ "ਦ ਅਕਾਲ ਤਖਤ" ਵਿੱਚ ਹਾੜ ਸੁਦੀ 5 (1606) ਲਿਖੀ ਹੈ। ਪ੍ਰੋ: ਹਰਬੰਸ ਸਿੰਘ ਜੀ ਦੀ ਤਾਰੀਖ ਦੇ ਦਿਨ ਸ਼ੁਕਰਵਾਰ ਬਣਦਾ ਹੈ। ਸੋ ਹੋ ਸਕਦਾ ਹੈ ਕਿ ਹਾੜ ਸੁਦੀ 5 ਨੂੰ 17 ਜੂਨ ਬਣਦੀ ਹੋਵੇ। ਕਿਤਾਬ ਦੀ ਅਗਲੀ ਐਡੀਸ਼ਨ ਤਕ ਦੇਸੀ ਤਾਰੀਖ ਅਤੇ ਅੰਗਰੇਜੀ ਤਾਰੀਖ ਦਾ ਨਿਬੇੜਾ ਹੋ ਜਾਵੇਗਾ। ਪਰ ਹਾਲ ਦੀ ਘੜੀ 15/17 ਜੂਨ ਜਾਂ ਘੱਟੋ ਘੱਟ ਹਾੜ ਸੁਦੀ 5 ਹੀ ਠੀਕ ਹੈ।...ਉਪਰਲੇ ਸਾਰੇ ਵਿਚਾਰ ਤੋਂ ਇਕ ਗੱਲ ਸਾਫ਼ ਲਗਦੀ ਹੈ ਕਿ ਸੋਹਣ ਕਵੀ, ਜਿਸ ਨੇ 1718 ਵਿਚ ਕਿਤਾਬ ਲਿਖੀ ਸਭ ਤੋਂ ਪੁਰਾਣਾ ਸੋਮਾ ਹੈ ਦੀ ਤਾਰੀਖ ਪੰਜ ਹਾੜ ਸੰਮਤ 1663 (1606 ਸੰਨ) ਹੀ ਹੋਵੇਗੀ"। (ਪੰਨਾ 12-13)




ਇਸ ਤੋਂ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਡਾ ਦਿਲਗੀਰ ਨੂੰ ਕੈਲੰਡਰ ਬਾਰੇ ਮੁੱਢਲੀ ਜਾਣਕਾਰੀ ਨਹੀਂ ਹੈ।ਹਾਂ! ਇਕ ਗੱਲ,ਇਸ ਕਿਤਾਬ ਵਿੱਚ (ਦੂਜੀਐਡੀਸ਼ਨ) ਬੜੀ ਦਿਲਚਸਪ ਹੈ। ਉਹ ਹੈ, 'ਕਿਸੇ ਪਟਿਆਲੇ ਵਾਲੇ ਭਾਈ' ਦਾ ਜਿਕਰ। ਡਾ ਦਿਲਗੀਰ ਜੀ ਲਿਖਦੇ ਹਨ, "ਉਹ ਭਾਈ ਜੀ ਅੰਗਰੇਜੀ ਦਾ ਚੰਗਾ ਵਾਕਿਫ਼ ਨਾ ਹੋਣ ਕਰਕੇ ਸਾਬਿਤ ਕਰਦੇ ਹਨ ਕਿ ਉਹਨਾਂ ਨੂੰ ਅਕਾਲ ਤਖਤ ਸਾਹਿਬ ਦੀ ਨੀਂਹ ਰੱਖਣ ਦੇ ਦਿਨ ਵਾਲੀ ਗੱਲ ਸਮਝ ਨਹੀਂ ਪਈ। ਚਲੋ, ਕੋਈ ਗੱਲ ਨਹੀਂ ਲਿਖਤਾਂ ਚੋਰੀ ਹੁੰਦੀਆਂ ਰਹਿੰਦੀਆਂ ਹਨ"(ਪੰਨਾ 7)

ਡਾ ਦਿਲਗੀਰ ਜੀ, ਅਕਾਲ ਤਖਤ ਸਾਹਿਬ ਦੀ ਨੀਂਹ ਰੱਖਣ ਦੇ ਦਿਨ ਵਾਲੀ ਗੱਲ ਨਾ ਸਮਝ ਪੈਣ ਬਾਰੇ ਤਾਂ, ਮੈਂ ਵੀ 'ਪਟਿਆਲੇ ਵਾਲੇ ਭਾਈ ' ਨਾਲ ਸਹਿਮਤ ਹਾਂ । ਭਲਾ ਆਹ ਕਿਹੜੀ ਤਾਰੀਖ ਹੋਈ "ਹਾੜ ਸੁਦੀ 5 (1606)"।ਇਸ ਦਾ ਭਾਵ ਹੈ ਹਾੜ ਸੁਦੀ 5, ਸੰਮਤ 1606 ਬਿਕ੍ਰਮੀ। ਤਾਰੀਖ ਚੰਦ ਦੀ ਸਾਲ ਅੰਗਰੇਜੀ, ਵਾਹ ਭਾਈ ਜੀ ਵਾਹ! ਤੁਹਾਡਾ ਇਹ ਲਿਖਣਾ ਵੀ, "ਪ੍ਰੋ: ਹਰਬੰਸ ਸਿੰਘ ਜੀ ਦੀ ਤਾਰੀਖ ਦੇ ਦਿਨ ਸ਼ੁਕਰਵਾਰ ਬਣਦਾ ਹੈ", ਸਹੀ ਨਹੀਂ ਹੈ। ਪ੍ਰੋ: ਹਰਬੰਸ ਸਿੰਘ ਵਾਲੀ ਤਾਰੀਖ, 15 ਜੂਨ 1606 ਈ: ਨੂੰ ਦਿਨ ਐਤਵਾਰ ਸੀ। "ਸੋ ਹੋ ਸਕਦਾ ਹੈ ਕਿ ਹਾੜ ਸੁਦੀ 5 ਨੂੰ 17 ਜੂਨ ਬਣਦੀ ਹੋਵੇ" ਬਾਰੇ ਬੇਨਤੀ ਹੈ ਕਿ ਹਾੜ ਸੁਦੀ 5 ਨੂੰ 30 ਜੂਨ ਸੀ ਅਤੇ "ਪੰਜ ਹਾੜ ਸੰਮਤ 1663" ਵਾਲੇ ਦਿਨ 2 ਜੂਨ, 1606 ਈ: ਦਿਨ ਸੋਮਵਾਰ ਸੀ।

ਹੁਣ ਜਦੋਂ 'ਪਟਿਆਲੇ ਵਾਲੇ ਭਾਈ' ਦੀ ਗੱਲ ਚੱਲ ਹੀ ਪਈ ਹੈ ਤਾਂ ਪਾਠਕਾਂ ਦੀ ਦਿਲਚਸਪੀ ਲਈ ਇਕ ਹੋਰ ਜਾਣਕਾਰੀ ਵੀ ਸਾਂਝੀ ਕਰ ਹੀ ਲੈਂਦੇ ਹਾਂ। ਇਹ ਲੇਖ ਲਿਖਣ ਵੇਲੇ ਮੈਂ ਜਦੋਂ ਕਿਤਾਬਾਂ ਫੋਲ ਰਿਹਾ ਸੀਤਾਂ ਜਦੋਂ ਮੈਂ "ਸਿਰੀ ਅਕਾਲ ਤਖਤ ਸਾਹਿਬ-ਇਤਿਹਾਸਕ ਵਿਸ਼ਲੇਸ਼ਣ" ਨਾਮ ਦੀ ਕਿਤਾਬ ਤੇ ਪੰਛੀ ਝਾਤ ਪਾਈ ਤਾਂ ਉਥੇ ਵੀ ਬੜੀ ਦਿਲਚਸਪ ਜਾਣਕਾਰੀ ਮਿਲੀ। 'ਪਟਿਆਲੇ ਵਾਲੇ ਭਾਈ ਜੀ' ਲਿਖਦੇ ਹਨ, "ਪਿਛਲੇ ਸਾਲਾਂ ਵਿਚ ਇਕ ਕਿਸੇ ਹਰਜਿੰਦਰ ਸਿੰਘ ਦਿਲਗੀਰ ਨਾਂ ਦੇ ਲੇਖਕ ਨੇ ਵੀ ਅਕਾਲ ਤਖਤ ਸਾਹਿਬ ਬਾਰੇ ਇਕ ਪੁਸਤਕ ਛਪਵਾਈ ਹੈ ਜਿਸ ਵਿੱਚ ਅਕਾਲ ਤਖਤ ਸਾਹਿਬ ਬਾਰੇ ਸਪੱਸ਼ਟ ਕਰਨ ਦੀ ਬਜਾਏ ਸਗੋਂ ਭੁਲੇਖੇ ਜਿਆਦਾ ਪਾਏ ਗਏ ਹਨ। ਮਿਸਾਲ ਦੇ ਤੌਰ ਤੇ ਸਭ ਤੋਂ ਪਹਿਲਾਂ ਤਾਂ ਇਸ ਵਿੱਚ ਅਕਾਲ ਤਖਤ ਸਾਹਿਬ ਦੀ ਸਥਾਪਨਾ ਦਾ ਦਿੱਤਾ ਗਿਆ ਸਾਲ (1609 ਈ:) ਹੀ ਗਲਤ ਹੈ। ਦੂਜਾ ਇਸ ਵਿਚ ਲਿਖਿਆ ਗਿਆ ਹੈ ਕਿ ਕੋਈ ਦੇਸ ਰਾਜ ਨਾਂ ਦਾ ਇਕ ਮੋਨਾ ਅਤੇ ਸਹਿਜਧਾਰੀ ਵਿਅਕਤੀ ਵੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਰਿਹਾ ਸੀ"। (ਪੰਨਾ 3) ਚਲੋ, ਆਪਾਂ ਕੀ ਲੈਣਾ ਇਹਨਾਂ ਗੱਲਾਂ ਤੋਂ। ਅਜੇਹੀ ਨੋਕ-ਝੋਕ ਤਾਂ ਚਲਦੀ ਹੀ ਰਹਿੰਦੀ ਹੈ, ਵੱਡੇ-ਵੱਡੇ ਵਿਦਵਾਨਾਂ ਵਿਚ।

ਡਾ ਹਰਜਿੰਦਰ ਸਿੰਘ ਦਿਲਗੀਰ ਵੱਲੋਂ 8 ਜੂਨ 2023 ਨੂੰ ਪਾਈ ਗਈ ਇਕ ਪੋਸਟ "ਅਖੌਤੀ ਅਕਾਲ ਤਖ਼ਤ ਦੇ ਮਿਥਹਾਸ ਨੂੰ ਪਰਚਾਰਨਾ ਬੰਦ ਕਰੋ", ਸਾਂਝੇ ਸੱਜਣਾਂ ਰਾਹੀ ਪ੍ਰਾਪਤ ਹੋਈ ਹੈ। ਜਿਸ ਦੇ 7 ਨੁਕਤਿਆਂ 'ਚ ਦੋ ਨੁਕਤਿਆਂ ਤੇ ਵਿਚਾਰ ਕਰਨੀ ਮੈਂ ਜਰੂਰੀ ਸਮਝਦਾ ਹਾਂ।

ਡਾ ਦਿਲਗੀਰ ਜੀ ਆਪਣੀ ਇਸ ਪੋਸਟ ਵਿੱਚ ਲਿਖਦੇ ਹਨ, "ਅੱਜ ਬਹੁਤ ਸਾਰੇ ਫ਼ੇਸਬੁਕੀਏ ਸੱਜਣ"ਅਕਾਲ ਤਖ਼ਤ ਦੀ ਸਿਰਜਣਾ" ਦੀਆਂ "ਵਧਾਈਆਂ" ਪਾ ਰਹੇ ਹਨ। ਪਹਿਲੀ ਗੱਲ ਤਾਂ ਇਸ ਨਾਲ ਪੁਰੇਵਾਲ ਨਾਰਾਜ਼ ਹੋ ਜਾਵੇਗਾ ਕਿਉਂਕਿ ਇਹ ਤਾਰੀਖ਼ ਤਾਂ ਜੂਲੀਅਨ ਕੈਲੰਡਰ ਦੀ ਹੈ ਨਾ ਕਿ ਪੁਰੇਵਾਲੀ ਕੈਲੰਡਰ ਦੀ। ਹੋ ਸਕਦਾ ਹੈ ਪੁਰੇਵਾਲ ਦੇ ਜੂਨੀਅਰ ਸਰਬਜੀਤ ਸੈਕਰਾਮੈਂਟੋ" ਦਾ "ਬਿਆਨ" ਆ ਵੀ ਚੁਕਾ ਹੋਵੇ"।

ਜਿਵੇ ਉੱਪਰ ਪੜ੍ਹ ਚੁੱਕੇ ਹੋ ਕਿ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿੱਚ ਇਸ ਸਾਲ 'ਸਿਰਜਣਾ ਦਿਵਸ ਅਕਾਲ ਤਖਤ ਸਾਹਿਬ' 25 ਹਾੜ/8 ਜੂਨ ਦਾ ਦਰਜ ਹੈ। ਡਾ ਦਿਲਗੀਰ ਲਿਖਦਾ ਹੈ ਜੇ ਇਸ ਤਾਰੀਖ ਤੇ ਵਧਾਈਆਂ ਦਿੱਤੀਆਂ ਤਾ ਪੁਰੇਵਾਲ ਨਰਾਜ਼ ਹੋ ਜਾਵੇਗਾ, "ਕਿਉਂਕਿ ਇਹ ਤਾਰੀਖ਼ ਤਾਂ ਜੂਲੀਅਨ ਕੈਲੰਡਰ ਦੀ ਹੈ ਨਾ ਕਿ ਪੁਰੇਵਾਲੀ ਕੈਲੰਡਰ ਦੀ"। ਲਉ ਜੀ, ਡਾ ਦਿਲਗੀਰ ਦੀ ਖੋਜ ਮੁਤਾਬਕ 8 ਜੂਨ 2023 ਈ:, ਜੂਲੀਅਨ ਕੈਲੰਡਰ ਦੀ ਤਾਰੀਖ ਹੈ। ਇਹ ਵਿਅਕਤੀ ਪਿਛਲੇ ਦੋ ਦਹਾਕਿਆਂ ਤੋਂ ਸ. ਪਾਲ ਸਿੰਘ ਪੁਰੇਵਾਲ ਦਾ ਵਿਰੋਧ ਕਰ ਰਿਹਾ ਹੈ, ਜਿਸ ਨੂੰ ਵਦੀ-ਸਦੀ ਅਤੇ ਜੂਲੀਅਨ-ਗਰੈਗੋਰੀਅਨ ਦੇ ਫ਼ਰਕ ਦਾ ਵੀ ਨਹੀ ਪਤਾ। ਪਹਿਲਾ ਜੂਲੀਅਨ ਦੀ ਤਾਰੀਖ (15 ਜੂਨ) ਨੂੰ ਗਰੈਗੋਰੀਅਨ ਕੈਲੰਡਰ ਦੀ ਤਾਰੀਖ ਲਿਖਦਾ ਹੈ, ਹੁਣ 8 ਜੂਨ ਗਰੈਗੋਰੀਅਨ ਨੂੰ, ਜੂਲੀਅਨ ਦੀ ਤਾਰੀਖ ਲਿਖ ਰਿਹਾ ਹੈ।

ਡਾ ਦਿਲਗੀਰ ਜੀਅੱਗੇ ਲਿਖਦੇ ਹਨ, "ਹੋ ਸਕਦਾ ਹੈ ਪੁਰੇਵਾਲ ਦੇ ਜੂਨੀਅਰ ਸਰਬਜੀਤ ਸੈਕਰਾਮੈਂਟੋ" ਦਾ "ਬਿਆਨ" ਆ ਵੀ ਚੁਕਾ ਹੋਵੇ"। ਡਾ ਦਿਲਗੀਰ ਜੀ, ਜੇ ਤੁਸੀਂ ਨਾਨਕਸ਼ਾਹੀ ਕੈਲੰਡਰ ਦੇ ਦਰਸ਼ਨ ਕੀਤੇ ਹੁੰਦੇ ਤਾਂ ਤੁਹਾਨੂੰ ਪਤਾ ਹੋਣਾ ਸੀ ਕਿ ਨਾਨਕਸ਼ਾਹੀ ਕੈਲੰਡਰ ਦੇ ਮਹੀਨੇ ਜਨਵਰੀ-ਫਰਵਰੀਨਹੀਂ, ਚੇਤ-ਵੈਸਾਖ ਹਨ। 8 ਜੂਨ ਨਾਨਕਸ਼ਾਹੀ ਕੈਲੰਡਰ ਦੀ ਨਹੀਂ, ਗਰੈਗੋਰੀਅਨ ਕੈਲੰਡਰ ਦੀ ਤਾਰੀਖ ਹੈ ਜਿਸ ਨੂੰ ਤੁਸੀਂ ਜੂਲੀਅਨ ਕੈਲੰਡਰ ਦੀ ਤਾਰੀਖ ਦੱਸ ਰਹੇ ਹੋ। ਨਾਨਕਸ਼ਾਹੀ ਕੈਲੰਡਰ ਵਿੱਚ 'ਸਿਰਜਣਾ ਦਿਵਸ ਅਕਾਲ ਤਖਤ ਸਾਹਿਬ' 18 ਹਾੜ ਦਾ ਦਰਜ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਗਏ ਪਿਛਲੇ ਦਹਾਕੇ ਦੇ ਕੈਲੰਡਰ ਵੇਖ ਲਓ, ਹਰ ਸਾਲ ਇਹ ਦਿਹਾੜਾ ਨਾਨਕਸ਼ਾਹੀ ਕੈਲੰਡਰ ਮੁਤਾਬਕ 18 ਹਾੜ ਦਾ ਹੀ ਦਰਜ ਹੈ। ਇਸ ਸਾਲ (555 ਨ ਸ) ਇਹ ਦਿਹਾੜਾ 25 ਜੇਠ/8 ਜੂਨ ਦਾ ਦਰਜ ਕਰਨ ਦਾ ਕਾਰਨ, ਮੇਰੇ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ (1 ਚੇਤ, 554 ਨ ਸ) ਨੂੰ ਲਿਖਿਆ ਪੱਤਰ ਹੈ। ਜਿਸ ਵਿੱਚ ਮੈਂ ਲਿਖਿਆ ਸੀ,"ਸੰਮਤ 552 ਦੇ ਕੈਲੰਡਰ ਨੂੰ ਧਿਆਨ ਨਾਲ ਵੇਖੋ। ਮੀਰੀ-ਪੀਰੀ ਦਾ ਦਿਹਾੜਾ 17 ਹਾੜ ਦਾ ਦਰਜ ਹੈ, ਜਦੋਂ ਕਿ ਥੜੇ ਦੀ ਉਸਾਰੀ 18 ਹਾੜ ਦੀ ਦਰਜ ਹੈ। ਕੀ ਇਹ ਇਤਿਹਾਸ ਨਾਲ ਖਿਲਵਾੜ ਨਹੀਂ? ਜੇ ਅਜੇ ਵੀ ਨਾ ਜਾਗੇ ਤਾਂ ਧਰਮ ਪ੍ਰਚਾਰ ਕਮੇਟੀ ਨੇ ਅਗਲੇ ਸਾਲ(ਸੰਮਤ 555) ਦੇ ਕੈਲੰਡਰਵਿੱਚ ਮੀਰੀ-ਪੀਰੀ ਦਾ ਦਿਹਾੜਾ, ਥੜੇ ਦੀ ਉਸਾਰੀ (18 ਹਾੜ) ਤੋਂ 4 ਦਿਨ ਪਹਿਲਾ ਦਾ (14 ਹਾੜ) ਦਰਜ ਕਰ ਦੇਣਾ ਹੈ। ਦੱਸੋ, ਨਵੀਂ ਪੀੜੀ ਇਸ ਤੋਂ ਕੀ ਸੇਧ ਲਵੇਗੀ"?।

ਮੈਂ ਤਾਂ ਇਹ ਸੋਚਿਆ ਸੀ ਕਿ ਸ਼੍ਰੋਮਣੀ ਕਮੇਟੀ, ਮੀਰੀ ਪੀਰੀ ਦਾ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ 6 ਸਾਵਣ ਦਾ ਕਰ ਦੇਵੇਗੀ। ਪਰ ਉਨ੍ਹਾਂ ਨੇ 'ਸਿਰਜਣਾ ਦਿਵਸ ਅਕਾਲ ਤਖਤ ਸਾਹਿਬ' ਵਦੀ-ਸੁਦੀ ਮੁਤਾਬਕ, ਹਾੜ ਵਦੀ 5 ਦਾ ਕਰ ਦਿੱਤਾ। ਜੋ ਇਸ ਸਾਲ 8 ਜੂਨ ਨੂੰ ਆਇਆ ਸੀ। ਹੁਣ ਇਹ ਦਿਹਾੜਾ 383 ਦਿਨਾਂ ਪਿਛੋਂ 26 ਜੂਨ, 2024 ਈ: ਨੂੰ ਆਵੇਗਾ।

ਡਾ ਦਿਲਗੀਰ ਜੀ ਦੀ ਪੋਸਟ ਵਿੱਚੋਂ ਦੂਜਾ ਨੁਕਤਾ, ਉਹ ਹੈ ਇਸ ਪੋਸਟ ਦਾ ਛੇਵਾਂ ਨੁਕਤਾ।

ਡਾ ਦਿਲਗੀਰ ਜੀ ਲਿਖਦੇ ਹਨ, "ਮੈਂ ਅੱਗੇ ਵੀ ਐਲਾਨ ਕਰ ਚੁਕਾ ਹਾਂ ਕਿ ਮੈਂ5 ਲੱਖ ਰੁਪੈ ਦਾ ਈਨਾਮ ਦੇਵਾਂਗਾ ਜੋ ਸਾਬਿਤ ਕਰ ਦੇਵੇ ਕਿ ਕਿਸੇ ਗੁਰੂ ਨੇ ਕੋਈ ਤਖ਼ਤ ਬਣਾਇਆ ਸੀ"। ਮੇਰੇ ਸਾਹਮਣੇ ਡਾ ਦਿਲਗੀਰ ਜੀ ਦੀ ਕਿਤਾਬ, 'ਅਕਾਲ ਤਖਤ ਸਾਹਿਬ ਫ਼ਲਸਫ਼ਾ ਅਤੇ ਤਵਾਰੀਖ਼" (ਚੌਥੀਐਡੀਸ਼ਨ) ਪਈ ਹੈ, ਇਸ ਦੇ ਦੂਜੇ ਅਧਿਆਇ, "ਅਕਾਲ ਤਖਤ ਸਾਹਿਬ ਦਾ ਪ੍ਰਗਟ ਹੋਣਾ" ਵਿੱਚ ਡਾ ਦਿਲਗੀਰ ਜੀ ਲਿਖਦੇ ਹਨ,

"ਇਹ ਨੁਕਤਾ ਬੜਾ ਅਹਿਮ ਹੈ ਕਿ ਤਖ਼ਤ ਛੇਵੀਂ ਪਾਤਸ਼ਾਹੀ, ਗੁਰੂ ਹਰਿਗੋਬਿੰਦ ਸਾਹਿਬ (19.6.1590-3.3.1644) ਨੇ ਪ੍ਰਗਟ ਕੀਤਾ ਸੀ ਪਰ ਉਨ੍ਹਾਂ ਨੇ ਇਸ ਨੂੰ ਸਿੱਖਾਂ ਦਾ ਤਖ਼ਤ ਆਖਣ ਦੀ ਬਜਾਇ ਅਕਾਲ ਪੁਰਖ ਦਾ ਤਖ਼ਤ ਕਿਉਂ ਆਖਿਆ?... ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖਤ ਸਾਹਿਬ ਨੂੰ ਪ੍ਰਗਟ ਕੀਤਾ ਸੀ ਤਾਂ ਉਨ੍ਹਾਂ ਨੇ ਇਸ ਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ, ਉਨ੍ਹਾਂ ਦੇ ਬੋਲਾਂ, ਉਨ੍ਹਾਂ ਦੀ ਸਿੱਖਿਆ ਦੇ ਮਾਅਨਿਆਂ ਵਿਚ ਹੀ ਪ੍ਰਗਟ ਕੀਤਾ ਸੀ। ...ਇਸੇ ਕਰਕੇ ਛੇਵੇਂ ਪਾਤਿਸ਼ਾਹ ਨੇ ਸਿੱਖ ਦੀ ਵਫ਼ਾਦਾਰੀ ਨੂੰ ਅਕਾਲ ਪੁਰਖ ਦੀ ਵਫ਼ਾਦਾਰੀ ਐਲਾਨਿਆ ਅਤੇ ਗੁਰੂ ਨਾਨਕ ਸਾਹਿਬ ਦੇ ਹੁਕਮ ਹੇਠ ਅਕਾਲ ਪੁਰਖ ਦਾ ਤਖ਼ਤ ਪ੍ਰਗਟ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਤਾਂ ਆਪ ਖ਼ੁਦ ਵੀ ਇਸ ਤਖਤ ਦੇ ਮਾਲਿਕ ਨਹੀਂ ਬਣੇ। ਉਹ ਤਾਂ ਇਸ ਤਖ਼ਤ ਦੇ ਸਰਬਰਾਹ ਸਨ। ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਤਖ਼ਤ ਹੈ, ਇਸ ਕਰ ਕੇ ਇਸ ਨੂੰ ਬਣਾਉਣ ਵਾਲਾ ਤਾਂ ਵਾਹਿਗੁਰੂ ਆਪ ਹੀ ਹੈ। ਵਾਹਿਗੁਰੂ ਦੇ ਹੁਕਮ ਨਾਲ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਨੂੰ ਪ੍ਰਗਟ ਕੀਤਾ ਸੀ ਤੇ ਇਸ ਦੇ ਪ੍ਰਗਟ ਕਰਨ ਦੀ ਰਸਮ ਵਜੋਂ ਤਖ਼ਤ ਸਾਹਿਬ ਦੇ ਥੜ੍ਹਾ ਸਾਹਿਬ ਦੀ ਉਸਾਰੀ ਕਰਵਾਈ ਸੀ। ਅਕਾਲ ਤਖਤ ਸਾਹਿਬ ਦੇ ਥੜ੍ਹੇ ਦਾ ਨੀਂਹ ਪੱਥਰ ਛੇਵੇਂਪਾਤਿਸ਼ਾਹ ਨੇ ਆਪ ਰੱਖਿਆ ਸੀ ਅਤੇ ਬਾਕੀ ਦੀ ਸੇਵਾ ਸਿਰਫ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਨਿਭਾਈ ਸੀ"। (ਪੰਨਾ 19, ਇਹ ਵਾਰਤਾ ਪੰਜਵੀਂ ਐਡੀਸ਼ਨ ਦੇ ਪੰਨਾ 71 ਤੇ ਵੀ ਦਰਜ ਹੈ)

ਡਾ ਦਿਲਗੀਰ ਦੀ ਸ਼ਰਤ, "ਮੈਂ5 ਲੱਖ ਰੁਪੈ ਦਾ ਈਨਾਮ ਦੇਵਾਂਗਾ ਜੋ ਸਾਬਿਤ ਕਰ ਦੇਵੇ ਕਿ ਕਿਸੇ ਗੁਰੂ ਨੇ ਕੋਈ ਤਖ਼ਤ ਬਣਾਇਆ ਸੀ", ਮੁਤਾਬਕ ਮੈਂ ਇਨ੍ਹਾਂ ਦੀ ਕਿਤਾਬ 'ਅਕਾਲ ਤਖਤ ਸਾਹਿਬ ਫ਼ਲਸਫ਼ਾ ਅਤੇ ਤਵਾਰੀਖ਼" ਦੇ ਹਵਾਲੇ ਨਾਲ ਹੀ ਇਹ ਸਾਬਿਤ ਕਰ ਦਿੱਤਾ ਹੈ ਕਿ ਅਕਾਲ ਤਖ਼ਤ ਸਾਹਿਬ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਹੀ ਬਣਾਇਆ ਸੀ। ਡਾ ਦਿਲਗੀਰ ਨੇ ਪਿਛਲੇ ਸਾਲ (23ਸਤੰਬਰ 2022)ਵੀ ਚੈਲੰਜ ਕੀਤਾ ਸੀ, "ਮੇਰਾ ਚੈਲੰਜ ਹੈ: ਮੈਂ ਪੰਜ ਲੱਖ ਰੁਪੈ ਦੇਵਾਂਗਾ ਜੋ ਇਹ ਸਾਬਿਤ ਕਰ ਦੇਵੇ ਕਿ "ਪੁਰੇਵਾਲ ਦਾ ਅਖੌਤੀ ਨਾਨਕਸ਼ਾਹੀ ਕੈਲੰਡਰ ਭਾਰਤੀ ਸ਼ੱਕ ਸੰਮਤ (1957) ਦੀ 100% ਨਕਲ ਨਹੀਂ ਹੈ... ਪੁਰੇਵਾਲ ਦੇ ਭਗਤੋ! ਪੰਜ ਲੱਖ ਰੁਪੈ ਜਿੱਤੋ"। ਇਸ ਦੇ ਜਵਾਬ ਵਿੱਚ ਮੈਂ ਇਹਲਿਖਿਆ ਸੀ, "ਡਾ ਦਿਲਗੀਰ ਜੀ, ਮੈਂ ਤੁਹਾਡਾ ਚੈਲੰਜ ਪ੍ਰਵਾਨ ਕਰਦਾ ਹਾਂ। ਤੁਸੀਂ ਤਾਂ ਮੈਨੂੰ ਭਲੋਚਕ ਕੀਤਾ ਹੋਇਆ ਹੈ, ਇਸ ਵਾਸਤੇ ਮੈਂ ਆਪ ਜੀ ਨੂੰ ਸੱਦਾ ਦਿੰਦਾ ਹਾਂ ਕਿ ਆਓ ਮੇਰੇ Facebook Page ਉੱਪਰ ਲਿਖਣ ਦਾ ਸੱਦਾ ਪ੍ਰਵਾਨ ਕਰੋ, ਤਾਂ ਜੋ ਸਾਰਿਆਂ ਦੇ ਸਾਹਮਣੇ ਤੁਹਾਡੇ ਦਾਵਿਆਂ ਦੀ ਪੜਤਾਲ ਕੀਤੀ ਜਾ ਸਕੇ"।ਪਰ,ਡਾ ਦਿਲਗੀਰ ਜੀ ਦੜ ਵੱਟ ਗਏ ਸਨ।

ਮੈਂ ਆਪਣੇ ਤਜਰਬੇ ਦੇ ਅਧਾਰ ਤੇ ਕਹਿ ਸਕਦਾ ਹਾਂ ਕਿ ਡਾ ਹਰਜਿੰਦਰ ਸਿੰਘ ਦਿਲਗੀਰ ਨੇ, ਜਵਾਬ ਹੁਣ ਵੀ ਨਹੀਂ ਦੇਣਾ। ਧੰਨਵਾਦ।

## ਮਨੀਪੁਰ 'ਚ ਕਾਨੂੰਨ ਵਿਵਸਥਾ ਤੇ ਸੰਵਿਧਾਨਕ ਮਸ਼ੀਨਰੀ ਫੇਲ੍ਹ ਹੋਈ: ਸੁਪਰੀਮ ਕੋਰਟ

**ਨਵੀਂ ਦਿੱਲੀ-** ਸੁਪਰੀਮ ਕੋਰਟ ਨੇ ਅੱਜ ਕਿਹਾ ਕਿ ਮਨੀਪੁਰ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਤੇ ਸੰਵਿਧਾਨਕ ਮਸ਼ੀਨਰੀ ਪੂਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਸਿਖਰਲੀ ਕੋਰਟ ਨੇ ਮਨੀਪੁਰ ਪੁਲਿਸ ਵੱਲੋਂ ਕੀਤੀ ਜਾਂਚ ਨੂੰ 'ਟਾਲ-ਮਟੋਲ ਵਾਲੀ' ਤੇ 'ਲੋੜੋਂ ਵੱਧ ਸੁਸਤ' ਰਫ਼ਤਾਰ ਕਰਾਰ ਦਿੱਤਾ ਹੈ। ਕੋਰਟ ਨੇ ਬੇਲਗਾਮ ਨਸਲੀ ਹਿੰਸਾ ਲਈ ਲਾਅ ਐਨਫੋਰਸਮੈਂਟ ਮਸ਼ੀਨਰੀ ਦੀ ਚੰਗੀ ਝਾੜ-ਝੰਬ ਕਰਦਿਆਂ ਕਿਹਾ ਕਿ ਸੂਬਾਈ ਪੁਲਿਸ ਅਮਨ-ਕਾਨੂੰਨ ਦੀ ਵਿਵਸਥਾ 'ਤੇ ਕੰਟਰੋਲ ਗੁਆ ਚੁੱਕੀ ਹੈ। ਸਰਬਉੱਚ ਅਦਾਲਤ ਨੇ ਹਦਾਇਤ ਕੀਤੀ ਕਿ ਉੱਤਰ-ਪੂਰਬੀ ਰਾਜ ਵਿੱਚ ਨਸਲੀ ਹਿੰਸਾ ਨਾਲ ਸਬੰਧਤ ਪਟੀਸ਼ਨਾਂ 'ਤੇ ਸੋਮਵਾਰ (7 ਅਗਸਤ) ਨੂੰ ਕੀਤੀ ਜਾਣ ਵਾਲੀ ਸੁਣਵਾਈ ਮੌਕੇ ਮਨੀਪੁਰ ਦੇ ਡੀਜੀਪੀ ਨਿੱਜੀ ਤੌਰ 'ਤੇ ਮੌਜੂਦ ਰਹਿਣ।

ਚੀਫ਼ ਜਸਟਿਸ ਡੀ.ਵਾਈ.ਚੰਦਰਚੂੜ ਦੀ ਅਗਵਾਈ ਵਾਲੇ ਬੈਂਚ, ਜਿਨ੍ਹਾਂ ਦੋ ਮਹਿਲਾਵਾਂ ਦੀ ਨਿਰਵਸਤਰ ਪਰੇਡ ਵਾਲੀ 4 ਮਈ ਦੀ ਵੀਡੀਓ ਨੂੰ 'ਧੁਰ ਅੰਦਰ ਤੱਕ ਪ੍ਰੇਸ਼ਾਨ ਕਰਨ ਵਾਲੀ' ਦੱਸਿਆ ਸੀ, ਨੇ ਸੂਬਾ ਸਰਕਾਰ ਨੂੰ ਕਿਹਾ ਕਿ ਉਹ ਇਸ ਘਟਨਾ ਵਾਲੇ ਦਿਨ ਅਤੇ ਹੁਣ ਤੱਕ ਇਸ ਕੇਸ ਵਿੱਚ ਦਰਜ 'ਸਿਫ਼ਰ ਐਫਆਈਆਰ' ਤੇ 'ਨਿਯਮਤ ਐਫਆਈਆਰ' ਦੀ ਤਫ਼ਸੀਲ ਸਾਂਝੀ ਕਰੇ। ਕੋਰਟ ਨੇ ਕਿਹਾ ਕਿ ਉਹ ਜਾਣਨਾ ਚਾਹੁੰਦੀ ਹੈ ਕਿ ਹੁਣ ਤੱਕ ਦਰਜ 6000 ਤੋਂ ਵੱਧ ਐਫਆਈਆਰ'ਜ਼ ਵਿੱਚ ਕਿੰਨੇ ਮੁਲਜ਼ਮਾਂ ਨੂੰ ਨਾਮਜ਼ਦ ਕੀਤਾ ਗਿਆ ਹੈ ਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਕੀ ਕਦਮ ਚੁੱਕੇ ਗਏ ਹਨ। ਬੈਂਚ ਨੇ ਜ਼ੁਬਾਨੀ ਕਲਾਮੀ ਟਿੱਪਣੀ ਕਰਦਿਆਂ ਕਿਹਾ, "ਜਾਂਚ ਇੰਨੀ ਸੁਸਤ ਹੈ ਕਿ ਐਫਆਈਆਰ'ਜ਼ ਬਹੁਤ ਦੇਰ ਬਾਅਦ ਦਰਜ ਕੀਤੀਆਂ ਗਈਆਂ, ਗ੍ਰਿਫ਼ਤਾਰੀਆਂ ਨਹੀਂ ਹੋਈਆਂ, ਬਿਆਨ ਦਰਜ ਨਹੀਂ ਕੀਤੇ ਗਏ....ਸੂਬੇ ਵਿੱਚ ਅਮਨ-ਕਾਨੂੰਨ ਦੀ ਵਵਿਸਥਾ ਤੇ ਸੰਵਿਧਾਨਕ ਮਸ਼ੀਨਰੀ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ।" ਚੀਫ਼ ਜਸਟਿਸ ਨੇ ਕਿਹਾ, "ਇਕ ਚੀਜ਼ ਤਾਂ ਸਾਫ਼ ਹੈ ਕਿ ਵੀਡੀਓ ਕੇਸ ਵਿੱਚ ਐਫਆਈਆਰ ਦਰਜ ਕਰਨ ਵਿਚ ਬਹੁਤ ਦੇਰੀ ਕੀਤੀ ਗਈ।" ਇਸ ਤੋਂ ਪਹਿਲਾਂ ਅੱਜ ਜਿਵੇਂ ਹੀ ਸੁਣਵਾਈ ਸ਼ੁਰੂ ਹੋਈ ਤਾਂ ਮਨੀਪੁਰ ਸਰਕਾਰ ਨੇ ਬੈਂਚ ਨੂੰ ਦੱਸਿਆ ਕਿ ਮਨੀਪੁਰ ਵਿੱਚ ਮਈ ਮਹੀਨੇ ਭੜਕੀ ਨਸਲੀ ਹਿੰਸਾ ਮਗਰੋਂ ਹੁਣ ਤੱਕ 6523 ਐਫਆਈਆਰ ਦਰਜ ਕੀਤੀਆਂ ਗਈਆਂ ਹਨ।

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



### 'ਬੱਲੇ ਓਏ ਚਲਾਕ ਸੱਜਣਾ' ਬੱਲੇ –ਮੋਲੀਨਾ ਸੋਢੀ

'ਜੇ ਤੇਰੇ ਨਾਲ ਪਿਆਰ ਨਾ ਹੁੰਦਾ' ਤੋਂ ਬਾਅਦ ਇਸ ਹਫ਼ਤੇ ਮੋਲੀਨਾ ਸੋਢੀ ਦੀ ਨਵੀਂ ਫ਼ਿਲਮ 'ਬੱਲੇ ਉਏ ਚਲਾਕ ਸੱਜਣਾ' ਆ ਰਹੀ ਹੈ । ਰਾਇਲ ਸਿੰਘ ਨੇ ਨਿਰਦੇਸ਼ਕ ਬਣ ਮੋਲੀਨਾ ਦੇ ਨਾਲ ਰਾਜ ਸਿੰਘ ਝਿੰਜਰ, ਹਰਸ਼ਜੌਤ ਕੌਰ, ਵਿਕਰਮ ਚੌਹਾਨ, ਨਿਰਮਲ ਰਿਸ਼ੀ, ਮਹਾਂਬੀਰ ਭੁੱਲਰ ਤੋਂ ਕੰਮ ਲਿਆ ਹੈ। ਮੋਲੀਨਾ ਕਹਿੰਦੀ ਏ ਕਿ 2023 ਵਿੱਚ ਉਸਨੂੰ ਸਭ ਕੁੱਝ ਮਿਲਿਆ ਹੈ ਤੇ



ਆਸ ਹੈ ਕਿ ਦਰਸ਼ਕ 'ਚਲਾਕ ਸੱਜਣਾ' ਦੇਖਣਗੇ ਤੇ ਕਹਿਣਗੇ ਕਿ ਅੱਤ ਦੀ ਸੋਹਣੀ ਏ ਮੋਲੀਨਾ, ਉਸਦੀ ਇਹ ਫ਼ਿਲਮ ਤੇ ਫ਼ਿਲਮ ਦੀ ਟੀਮ । ਚਲੋ ਆਪਾਂ ਵੀ ਇਸ ਹਫ਼ਤੇ ਦੇਖਾਂਗੇ।

### 'ਅੰਗਰੇਜ਼' ਕਾਰਜ ਗਿੱਲ 'ਮੌੜ' ਕਾਰਜ ਗਿੱਲ

ਸੁਪਰ ਹੀਰੋ ਅਮਰਿੰਦਰ ਗਿੱਲ ਨਾਲ ਦੁੱਖ-ਸੁੱਖ ਵੇਲੇ ਨਿੱਭਦੇ, ਸਗੇ ਭਾਈਆਂ ਤੋਂ ਵੱਧ ਯਾਰੀ ਏ ਕਾਰਜ ਗਿੱਲ ਦੀ ਜਿਹੜਾ ਅੱਜ ਦੀ ਤਰੀਕ ਵਿੱਚ ਪੰਜਾਬੀ ਸਿਨੇਮਾ ਦਾ ਧਰੂ ਤਾਰਾ ਮੇਕਰ ਹੈ। ਅੱਠ ਸਾਲ ਦੇ ਪਾਲੀਵੁੱਡ ਸਫ਼ਰ ਵਿੱਚ ਕਾਰਜ ਗਿੱਲ ਨੇ 'ਅੰਗਰੇਜ਼' 'ਲਹੌਰੀਏ' 'ਲਵ ਪੰਜਾਬ' 'ਬੰਬੂਕਾਟ' 'ਚਲ ਮੇਰਾ ਪੁੱਤ' ਤਿੰਨ ਭਾਗ ਤੇ 'ਮੌੜ' ਤੱਕ ਇੱਕ ਤੋਂ ਵੱਧ ਇੱਕ ਸੁਪਰ ਫ਼ਿਲਮ ਦਿੱਤੀ ਹੈ। ਕਾਰਜ ਗਿੱਲ ਦੀ ਜਵਾਨ ਨਰੋਈ ਸੋਚ ਨੇ ਪਾਲੀਵੁੱਡ ਨਰੋਈ ਬਣਾ ਦਿੱਤੀ ਹੈ।

### ਸ਼ਾਂਤੀ ਪਿੱਛੋਂ ਤੂਫ਼ਾਨ–ਸਿਮਰਨ ਢਿੱਲੋਂ

ਨੌਜਵਾਨ ਪੰਜਾਬੀ ਗਾਇਕ ਸਿਮਰਨ ਢਿੱਲੋਂ ਨੇ 'ਗੋਰੀ ਗੋਰੀ' ਗੀਤ ਨਾਲ ਹਾਜ਼ਿਰ ਹੋ ਕਿ ਪਛਾਣ ਬਣਾਈ ਸੀ । ਹਾਲਾਂ ਕਿ ਮੁੜ ਕਈ ਆਪਣਿਆਂ ਦੇ ਵਾਰ ਉਸਤੇ ਚਲ ਦੇ ਰਹੇ ਪਰ ਡੀ.ਡੀ. ਪੰਜਾਬੀ ਦੇ ਨਵੇਂ ਸਾਲ ਦੇ ਸ਼ੋਅ ਦਾ 'ਜਸ਼ਨ' ਗੀਤ ਗਾਉਸ ਸਭ ਚੁੱਪ ਕਰਵਾ ਦਿੱਤੇ ਸਨ। ਸਿਮਰਨ ਢਿਲੋਂ ਹੁਣ ਖਾਮੋਸ਼ ਰਿਹਾ ਹੈ ਪਰ ਹੁਣ ਫਿਰ ਅਵਾਜ਼ ਦੇ ਤੂਫ਼ਾਨ ਨਾਲ ਉਹ






ਵੱਡੀ ਐਂਟਰੀ ਮਾਰਨ ਵਾਲਾ ਹੈ। ਵੱਡੇ ਪੱਧਰ ਤੇ ਸਿਮਰਨ ਨਵਾਂ ਗੀਤ, ਨਵਾਂ ਵੀਡਿਉ ਲੈ ਕਿ ਆਉਣ ਵਾਲਾ ਹੈ ।

### 'ਪਿੰਡ ਅਮਰੀਕਾ' ਕਮਲਜੀਤ ਨੀਰੂ ਦਾ

ਜੋਤੀ ਮਾਨ ਵੱਲੋਂ ਦਿੱਤੇ ਮਾਰਗ ਦਰਸਨ, ਲਾਇਨਜ਼ ਫ਼ਿਲਮ ਪ੍ਰੋਡਕਸ਼ਨ ਹਾਊਸ ਦੀ ਸਿਮਰਨ ਪ੍ਰਡੋਕਸ਼ਨ ਦੇ ਨਾਲ ਬਣੀ ਫ਼ਿਲਮ 'ਪਿੰਡ ਅਮਰੀਕਾ' ਆ ਰਹੀ ਹੈ। ਕਮਲਜੀਤ ਨੂਰੀ ਸੁਪਰ ਸਟਾਰ ਗਾਇਕਾ ਰਹੀ ਹੈ ਤੇ ਦਰਸਕ ਇਸ ਫ਼ਿਲਮ 'ਚ ਉਸਦੀ ਅਦਾਕਾਰੀ ਰਾਜ ਸੰਧੂ, ਅਮਰ ਨੂਰੀ, ਅਸ਼ੋਕ ਟਾਂਗਰੀ





ਨਾਲ ਦੇਖਣਗੇ 'ਪ੍ਰੀਤੋ ਸਾਹਨੀ' ਭਿੰਦਾ ਔਜ਼ਲਾ, ਸੁਹੇਲ ਸਿੱਧੂ ਨਾਲ ਦੇਖਣਗੇ । ਨੀਰੂ ਖੁਸ਼ ਹੈ ਕਿ ਮਨੀਸ਼ ਸਾਹਨੀ ਉਸ ਦੀ ਫ਼ਿਲਮ ਨੂੰ ਲਾ ਰਹੇ ਹਨ। ਡਾ: ਹਰਚੰਦ ਸਿੰਘ ਨਿਰਮਾਤਾ ਹਨ।

### 'ਜਯਾ ਪ੍ਰਧਾ (ਰੁਪਾਲੀ ਸੰਧੂ) ਨੂੰ ਜਤਿੰਦਰ ਮਿਲ ਗਿਆ'



ਸਿਰਲੇਖ ਤੁਹਾਨੂੰ ਹੈਰਾਨ ਕਰੇਗਾ, ਸਹੀ ਹੈ ਕਿ ਅਭਿਨੇਤਰੀ-ਗਾਇਕਾ ਰੁਪਾਲੀ ਸੰਧੂ ਬਿਲਕੁਲ ਜਯਾ ਪ੍ਰਧਾ ਹੀ ਲੱਗਦੀ ਹੈ । ਜਿਵੇਂ ਉਸਦੀ ਨਿੱਕੀ ਭੈਣ ਹੋਵੇ ਤੇ ਐਮੀ ਵਿਰਕ ਨਾਲ ਫ਼ਿਲਮਾਂ ਕਰ ਚੁੱਕੀ ਰੁਪਾਲੀ ਨੂੰ ਸਬੱਬ ਨਾਲ 'ਟਿੱਚਰਾਂ' 'ਪਰਾਊਂਡ ਆਫ ਪੰਜਾਬ' 'ਚ ਜਤਿੰਦਰ ਨਾਲ ਕੰਮ ਕਰਨ ਦਾ ਮੌਕਾ ਜਤਿੰਦਰ ਯਾਨੀ ਉਹਨਾਂ ਦੀ ਕਾਰਬਨ ਕਾਪੀ ਗੁਰਦੀਪ ਸੰਧੂ ਜੋ ਚਰਚਿਤ ਟੀ.ਵੀ. ਫ਼ਿਲਮ ਕਲਾਕਾਰ ਹਨ ।

### ਜੀਤ ਤੇ ਪ੍ਰੀਤ ਕੋਟਲੀ 'ਦੱਖੀ ਸਰਕਾਰਾਂ ਤੋਂ'

ਬਹੁਤ ਜਲਦੀ ਫ਼ਿਲਮਾਂ ਤੱਕ ਧਮਾਲ ਜੀਤ-ਪ੍ਰੀਤ ਕੋਟਲੀ ਦੀ ਗਾਇਕੀ ਜੋੜੀ ਪਾਏਗੀ । ਜੀਤ-ਪ੍ਰੀਤ ਦਾ ਡਿਊਟ 'ਦੁੱਖੀ ਸਰਕਾਰਾਂ' ਤੋਂ ਖੂਬ ਚਰਚਿਤ ਹੋਇਆ ਹੈ। ਲੰਬਾ ਸੰਘਰਸ਼ ਇਸ ਜੌੜੀ ਨੇ ਕੀਤਾ ਹੈ ਤੇ ਹੁਣ ਸੰਘਰਸ਼ ਦਾ ਨਤੀਜਾ ਵਧੀਆ ਹੀ ਆਏਗਾ, ਉਮੀਦ ਪੂਰੀ-ਪੂਰੀ ਹੈ।

## "ਵਹਿਸ਼ੀ ਪੁਣਾ"

ਐ ਮੇਰੀ ਹਮਸਫ਼ਰ
ਤੇਰੀ ਜ਼ਿੰਦਗੀ ਦੀ ਹਿਫਾਜ਼ਤ ਕਰਨਾ
ਮੇਰਾ ਪਹਿਲਾ ਫ਼ਰਜ਼ ਹੈ
ਆਪਣੀ ਜਾਨ ਤੇ ਖੇਡ ਕੇ ਵੀ ਹਰ ਵੇਲੇ
ਤੇਰੀ ਇਜ਼ਤ ਦੀ ਰਾਖੀ ਕਰਾਂਗਾ ਮੈਂ
ਤੇ ਤੇਰੇ ਲਈ ਹਰ ਦੁੱਖ ਜਰਾਂਗਾ ਮੈਂ
ਮੈਂ ਇਹ ਸੁਣਦਾ ਰਿਹਾ

ਤੂੰ ਮੇਰੀ ਧੀ ਏਂ
ਮੇਰੀ ਅਣਖ ਤੇ ਮੇਰੀ ਆਬਰੂ
ਤੂੰ ਮੈਨੂੰ ਜਾਨ ਤੋਂ ਪਿਆਰੀ ਏਂ
ਮੈਂ ਨਹੀਂ ਦੇਖ ਸਕਦਾ ਕਿ ਕੋਈ ਦੇਖੇ
ਤੇਰੇ ਵੱਲ ਮੈਲ਼ੀ ਅੱਖ ਕਰਕੇ
ਮੈਂ ਤਾਂ ਉਸ ਦੁਸ਼ਮਣ ਦਾ
ਤੁਖਮ ਮਿਟਾ ਦਿਆਂਗਾ
ਤੇ ਰੱਖ ਦਿਆਂਗਾ
ਸਿਰ ਧੜ ਤੋਂ ਵੱਖ ਕਰਕੇ
ਕਿਉਂਕਿ ਤੂੰ ਤਾਂ ਮੇਰੀ ਪਿਆਰੀ ਧੀ ਏਂ
ਮਾਂ ਦੀ ਦੁਲਾਰੀ ਧੀ ਏਂ
ਤੇ ਮੈਂ ਇਹ ਵੀ ਸੁਣਦਾ ਰਿਹਾ

ਕਿ ਤੂੰ ਏਂ ਮੇਰੀ ਅੰਮਾਂ ਜਾਈ ਭੈਣ
ਮੇਰੇ ਗੁੱਟ ਤੇ ਰੱਖੜੀ ਬੰਨਣ ਵਾਲੀ ਭੈਣ
ਮੇਰੇ ਗੁੱਟ ਤੇ ਬੱਝੀ ਇਹ ਰੱਖੜੀ ਹਮੇਸ਼ਾ
ਮੈਨੂੰ ਬਲਵਾਨ ਬਣਾਉਂਦੀ ਹੈ
ਤੇਰੀ ਇਜ਼ਤ ਦੀ ਰਾਖੀ ਲਈ
ਮੇਰੇ ਹੱਥ ਸ਼ਮਸ਼ੀਰ ਫੜਾਉਂਦੀ ਹੈ
ਤੇ ਆਖਦੀ ਹੈ ਕਿ ਹੁਣ
ਤੈਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ
ਤੇ ਮੈਂ ਇਹ ਵੀ ਸੁਣਦਾ ਰਿਹਾ

ਕਿ ਪਿਤਾ ਪਤੀ ਤੇ ਭਾਈ ਸਭ
ਤੇਰੇ ਲਈ ਜਾਨ ਦਿੰਦੇ ਨੇ
ਤੂੰ ਇਜ਼ਤਦਾਰ ਧੀ ਭੈਣ ਤੇ ਪਤੀਵਰਤਾ ਏਂ
ਤੂੰ ਬੇਖੌਫ਼ ਹੋ ਕੇ
ਜ਼ਿੰਦਗੀ ਦਾ ਸਫ਼ਰ ਪੂਰਾ ਕਰ
ਤੈਨੂੰ ਕਿਸੇ ਦਾ ਕੀ ਡਰ??

ਪਰ ........ਨਹੀਂ
ਜੇ ਉਸ ਦੇਸ਼ ਦਾ ਰਾਜਾ
ਸਭ ਕੁਝ ਦੇਖਦਿਆਂ ਵੀ
ਅੰਨ੍ਹਾ ਹੋ ਜਾਏ
ਉਸ ਦਾ ਗ੍ਰਹਿ ਮੰਤਰੀ ਵੀ
ਦੁਰਯੋਧਨ ਬਣ ਜਾਏ
ਉਸ ਦੀਆਂ ਫੌਜਾਂ ਵੀ ਕਾਤਲਾਂ ਗੁੰਡਿਆਂ ਤੇ
ਬਲਾਤਕਾਰੀਆਂ ਨਾਲ ਮਿਲ ਜਾਵਣ
ਕਿਸੇ ਦਾ ਖੌਫ ਨਾ ਖਾਵਣ
ਤਾਂ ਫਿਰ ਅਣਖੀ ਪਿਤਾ ਪਤੀ ਤੇ ਭਾਈ
ਤਾਂ ਕਤਲ ਕਰ ਦਿੱਤੇ ਜਾਂਦੇ ਨੇ
ਸ਼ਰੇ ਬਜ਼ਾਰ
ਵਹਿੰਦਾ ਹੈ ਖ਼ੂਨ ਰੁਲਦੀਆਂ ਨੇ ਲਾਸ਼ਾਂ
ਕੂਕ ਉੱਠਦੀ ਹੈ ਇਨਸਾਨੀਅਤ
ਤੇ ਉਥੋਂ ਦੇ ਸਹਿਮੇ ਤੇ ਡਰੇ ਹੋਏ ਲੋਕ ਵੀ
ਹੋ ਜਾਵਣ ਲਾਚਾਰ

ਤੇ ਫਿਰ ਸ਼ੁਰੂ ਹੁੰਦਾ ਏ ਦਹਿਸ਼ਤ ਦਾ ਨੰਗਾ ਨਾਚ
ਵਿਚਾਰੀ ਧੀ ਭੈਣ ਤੇ ਪਤਨੀ ਨੂੰ ਨੰਗੀ ਕਰ
ਬਜ਼ਾਰਾਂ ਵਿੱਚ ਘੁਮਾਇਆ ਜਾਂਦਾ
ਨਚਾਇਆ ਜਾਂਦਾ
ਉਸ ਦੇ ਅੰਗਾਂ ਨੂੰ ਦਰਿੰਦਿਆਂ ਵੱਲੋਂ
ਨੋਚ ਨੋਚ ਕੇ ਦਿਖਾਇਆ ਜਾਂਦਾ
ਤੇ ਆਖਿਰ ਵਹਿਸ਼ਤੀ ਕਾਰਨਾਮਿਆਂ ਨਾਲ
ਕੋਹ ਕੋਹ ਕੇ ਮਾਰ ਮੁਕਾਇਆ ਜਾਂਦਾ

ਅੱਜ ਜਦੋਂ ਇਕੱਲੇ ਮਨੀਪੁਰ ਦੀ ਨਹੀਂ
ਪੂਰੇ ਦੇਸ਼ ਦੀ ਅਵਸਥਾ ਨਗਨ ਹੈ
ਤੇ ਜੇਕਰ ਸਾਡੇ ਸੀਨੇ ਚ
ਥੋੜ੍ਹੀ ਵੀ ਅਗਨ ਹੈ
ਤਾਂ ਫੂਕ ਦਿਓ ਤਬਾਹ ਕਰ ਦਿਓ
ਇਹ ਰਾਮ ਰਾਜ
ਜੋ ਧੀ ਭੈਣ ਤੇ ਪਤਨੀ ਦਾ
ਚੀਰ ਹਰਨ ਕਰਦਾ ਹੈ
ਤੇ ਵਹਿਸ਼ੀਪੁਣੇ ਦਾ ਦਮ ਭਰਦਾ ਹੈ ।

**– ਅਵਤਾਰ ਲੰਗੇਰੀ**
**+91 9463260181**

# ਪੁਸਤਕ ਸਮੀਖਿਆ

### ਮੋਤੀਆਂ ਦਾ ਛੱਜ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਿਕਾ: ਪ੍ਰਭਜੋਤ ਕੌਰ ਢਿੱਲੋਂ**
**ਪ੍ਰਕਾਸ਼ਕ: ਸਪਤਰਿਸ਼ੀ ਪ੍ਰਕਾਸ਼ਨ ਚੰਡੀਗੜ੍ਹ, ਪੰਨੇ: 100, ਮੁੱਲ: 220/-**




ਪ੍ਰਭਜੋਤ ਕੌਰ ਢਿੱਲੋਂ ਸਾਹਿਤਕ ਖੇਤਰ ਵਿਚ ਬੜੇ ਲੰਮੇ ਸਮੇਂ ਤੋ ਸਰਗਰਮ ਹਨ। ਅਜ ਤਕ ਉਹ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਦੀ ਸਿਰਜਣਾ ਕਰ ਚੁੱਕੇ ਹਨ। ਕੈਪਟਨ ਅਮਰਜੀਤ ਸਿੰਘ ਢਿੱਲੋਂ ਦੀ ਪ੍ਰੇਰਨਾ ਨਾਲ ਉਹ ਸਾਹਿਤ ਜਗਤ ਵਿਚ ਆਪਣਾ ਇਕ ਵੱਖਰਾ ਮੁਕਾਮ ਸਿਰਜਣ ਵਿਚ ਸਫ਼ਓਮਪ;ਲ ਹੋਏ ਹਨ। ਉਹ ਸਮਾਜ ਅਤੇ ਸਰਕਾਰ ਦੀਆਂ ਗਤੀਵਿਧੀਆਂ ਤੇ ਮਹੀਨ ਨਜ਼ਰ ਰੱਖਦੇ ਹਨ। ਇਸੇ ਕਰਕੇ ਪੁਸਤਕ ਹੱਕ ਸੱਚ ਦੀ ਆਵਾਜ਼ ਕਿਸਾਨ ਅੰਦੋਲਨ ਅਤੇ ਸ਼ੀਸ਼ਾ ਝੂਠ ਨਹੀਂ ਬੋਲਦਾ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਉਹਨਾਂ ਦੁਆਰਾ ਸਿਰਜੀਆਂ ਇਹਨਾਂ ਕੀਮਤੀ ਪੁਸਤਕਾਂ ਨੂੰ ਪਾਠਕਾਂ ਨੇ ਭਰਪੂਰ ਹੁੰਗਾਰਾ ਦਿੱਤਾ ਹੈ। ਦਿਲੋਂ ਦਰਦ ਮਹਿਸੂਸ ਕਰਨ ਵਾਲੇ ਢਿਲੋਂ ਇਸ ਦੇਸ਼ ਅਤੇ ਸਮਾਜ ਨੂੰ ਬਿਹਤਰੀ ਦੀ ਲੀਹੇ ਤੁਰਿਆ ਦੇਖਣਾ ਲੋਚਦੇ ਹਨ।ਇਸੇ ਕਰਕੇ ਉਤਮ ਵਿਚਾਰਾਂ ਨੂੰ ਕਲਮਬੱਧ ਕਰਦੇ ਰਹਿੰਦੇ ਹਨ। ਹੱਥਲੀ ਪੁਸਤਕ 'ਮੋਤੀਆਂ ਦਾ ਛੱਜ' ਅਵੱਲ ਦਰਜੇ ਦੇ ਵਿਚਾਰਾਂ ਦਾ ਸੰਗ੍ਰਹਿ ਹੈ। ਸ. ਨਰਿੰਦਰ ਸਿੰਘ ਕਪੂਰ ਦੀ ਪੁਸਤਕ ਮਾਲਾ ਮਣਕੇ ਵਾਂਗ ਇਸ ਪੁਸਤਕ ਵਿਚ ਦਰਜ ਵਿਚਾਰ ਜਿਥੇ ਮਨੁੱਖੀ ਮਨ ਦੀਆਂ ਗਹਿਰਾਈਆਂ ਦੀ ਥਾਹ ਪਾਉਂਦੇ ਹਨ ਉਥੇ ਵਰਤ ਰਹੇ ਵਰਤਾਰਿਆਂ ਪ੍ਰਤੀ ਵੀ ਸੁਚੇਤ ਕਰਦੇ ਹਨ। ਲੇਖਿਕਾ ਕੋਲ ਜੀਵਨ ਦੇ ਡੂੰਘੇ ਤਜ਼ਰਬੇ ਹਨ ਜਿਸ ਕਰਕੇ ਹਰ ਵਿਚਾਰ ਨੂੰ ਸੱਚ ਅਤੇ ਵਿਗਿਆਨ ਦੀ ਕਸਵੱਟੀ ਤੇ ਪਰਖਣ ਉਪਰੰਤ ਹੀ ਪੇਸ਼ ਕੀਤਾ ਗਿਆ ਹੈ। ਮਾਪਿਆਂ ਦਾ ਸਤਿਕਾਰ, ਵਾਤਾਵਰਨ ਦੀ ਸਾਂਭ ਸੰਭਾਲ, ਭ੍ਰਿਸ਼ਟਾਚਾਰ ਦਾ ਅੰਤ, ਬੱਚਿਆਂ ਲਈ ਨਰੋਈ ਸਿੱਖਿਆ, ਸਰਕਾਰੀ ਨੀਤੀਆਂ ਅਤੇ ਮਨੁੱਖੀ ਸੁਭਾਅ ਨਾਲ ਸਬੰਧਤ ਵਿਚਾਰ ਸਮਾਜ ਦੇ ਨੈਣ ਨਕਸ਼ਾਂ ਨੂੰ ਸੰਵਾਰਨ ਅਤੇ ਸ਼ਿੰਗਾਰਨ ਵਾਲੇ ਹਨ। ਕੁੱਝ ਵਿਚਾਰਾਂ ਦਾ ਦੁਹਰਾਅ ਅਖਰਦਾ ਹੈ। ਇਸਦੇ ਬਾਵਜੂਦ ਇਹ ਇਕ ਨਿਆਰੀ ਤੇ ਮਿਆਰੀ ਪੁਸਤਕ ਹੈ।ਜਿਸ ਵਿਚ ਆਮ ਪਾਠਕ ਤੋਂ ਲੈ ਕੇ ਖਾਸ ਕਰ ਨੌਜਵਾਨ ਪੀੜੀ ਲਈ ਬੜੀਆਂ ਪ੍ਰੇਰਨਾਦਾਇਕ ਗੱਲਾਂ ਸ਼ਾਮਲ ਹਨ। ਇਸ ਤਰ੍ਹਾਂ ਇਹ ਪੁਸਤਕ ਨਵੀਂ ਪਨੀਰੀ ਲਈ ਰਾਹ ਦਸੇਰੇ ਦਾ ਕੰਮ ਕਰਦੀ ਹੈ।

**– ਸੰਪਾਦਕ ਨਿੱਕੀਆਂ ਕਰੂੰਬਲਾਂ**
**ਮਾਹਿਲਪੁਰ (ਹੁਸ਼ਿਆਰਪੁਰ)**

### ਅਸੀਂ ਚੁੱਪ ਕਿਉਂ ਹਾਂ?

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਿਕਾ: ਪ੍ਰਭਜੋਤ ਕੌਰ ਢਿੱਲੋਂ**
**ਪ੍ਰਕਾਸ਼ਕ: ਸਪਤਰਿਸ਼ੀ ਪ੍ਰਕਾਸ਼ਨ ਚੰਡੀਗੜ੍ਹ, ਪੰਨੇ: 150 , ਮੁੱਲ: 200/-**




ਲੇਖਿਕਾ ਪ੍ਰਭਜੋਤ ਕੌਰ ਢਿੱਲੋਂ ਨੇ ਆਪਣੇ ਦਿਲ ਅਤੇ ਦਿਮਾਗ ਦੇ ਦਰ ਦਰਵਾਜੇ ਖੋਲ੍ਹੇ ਹੋਏ ਹਨ। ਇਸੇ ਕਰਕੇ ਆਲੇ ਦੁਆਲੇ ਵਾਪਰਦੀ ਹਰ ਘਟਨਾ ਅਤੇ ਦੁਰਘਟਨਾ ਉਸਦੇ ਦਿਲ ਦੀਆਂ ਤਾਰਾਂ ਨੂੰ ਛੇੜਦੀ ਹੈ ਅਤੇ ਦਿਮਾਗ ਨੂੰ ਸੁਚੇਤ ਕਰਦੀ ਹੈ। ਉਹ ਸਮਾਜ ਵਿਚ ਵਰਤ ਰਹੇ ਵਰਤਾਰਿਆਂ ਨੂੰ ਸੁਚੇਤ ਹੋ ਕੇ ਜਦੋਂ ਵਾਚਦੀ ਹੈ ਤਾਂ ਉਸਦੀ ਕਲਮ ਆਪ ਮੁਹਾਰੇ ਹੀ ਕਾਗਜ਼ ਦੀ ਹਿੱਕ ਤੇ ਸ਼ਬਦਾਂ ਦੀ ਖੇਤੀ ਆਰੰਭ ਕਰ ਦਿੰਦੀ ਹੈ। ਇਸ ਖੇਤੀ ਦੇ ਫਲਸਰੂਪ ਹੀ ਹੱਥਲੀ ਪੁਸਤਕ 'ਅਸੀਂ ਚੁੱਪ ਕਿਉਂ ਹਾਂ?' ਸਾਡੇ ਹੱਥਾਂ ਤਕ ਪੁੱਜੀ ਹੈ। ਲੋਕੀਂ 'ਛੱਡ ਪਰੇ ਅਸੀਂ ਕੀ ਲੈਣਾ' ਦੀ ਧਾਰਨਾ ਨਾਲ ਗੁਜ਼ਾਰਾ ਕਰੀ ਜਾ ਰਹੇ ਹਨ। ਅਸਲ ਵਿਚ ਸਾਡੀਆਂ ਸਮੱਸਿਆਵਾਂ ਦਾ ਮੁੱਖ ਕਾਰਨ ਵੀ ਇਹੀ ਹੈ। ਦੂਜਾ ਅਸੀਂ ਇਕ ਨਾਗਰਿਕ ਦੇ ਅਧਿਕਾਰਾਂ ਅਤੇ ਫ਼ਰਜ਼ਾਂ ਤੋਂ ਕੋਰੇ ਹਾਂ ਜਿਸ ਕਾਰਨ ਸਰਕਾਰ ਚੁਣਨ ਵੇਲੇ ਟਪਲਾ ਖਾ ਜਾਂਦੇ ਹਾਂ ਜਾਂ ਆਪਣੇ ਕਿਰਦਾਰ ਤੋਂ ਗਿਰ ਜਾਂਦੇ ਹਾਂ। ਜਿਨ੍ਹਾਂ ਮਸਲਿਆਂ ਨਾਲ ਸਾਡਾ ਪੰਜਾਬ ਜਾਂ ਭਾਰਤ ਜੂਝ ਰਿਹਾ ਹੈ ਉਹਨਾਂ ਤੇ ਬੜੀ ਜੁਰਅਤ ਨਾਲ ਲੇਖਿਕਾ ਨੇ ਉਂਗਲ ਧਰੀ ਹੈ। ਇਹਨਾਂ 54 ਲੇਖਾਂ ਵਿਚ ਸਿਰਫ਼ ਸਮੱਸਿਆਵਾਂ ਦੀ ਚਰਚਾ ਹੀ ਨਹੀਂ ਕੀਤੀ ਗਈ ਸਗੋਂ ਉਹਨਾਂ ਦੇ ਕੀਮਤੀ ਹੱਲ ਵੀ ਸੁਝਾਏ ਗਏ ਹਨ। ਜਿਨ੍ਹਾਂ ਨੂੰ ਅਪਨਾਉਣ ਨਾਲ ਜੀਵਨ ਸੁਖਾਲਾ ਬਣ ਸਕਦਾ ਹੈ।ਸਾਡੇ ਆਲੇ ਦੁਆਲੇ ਚਹਿਲ ਪਹਿਲ ਹੋ ਸਕਦੀ ਹੈ। ਇਸ ਪੁਸਤਕ ਦਾ ਪਾਠ ਕਰਦਿਆਂ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਕੋਈ ਦਾਦੀ ਜਾਂ ਦਾਦਾ ਆਪਣੇ ਪੋਤੇ ਜਾਂ ਪੋਤੀ ਨੂੰ ਮੇਲਾ ਵਿਖਾਉਂਦਾ ਹੋਇਆ ਆਪਣੇ ਸੱਭਿਆਚਾਰ ਅਤੇ ਮੌਜੂਦਾ ਹਾਲਤਾਂ ਬਾਰੇ ਬੜੇ ਰੌਚਕ ਢੰਗ ਨਾਲ ਜਾਣਕਾਰੀ ਦੇ ਰਿਹਾ ਹੋਵੇ। ਭਾਵ ਇਹ ਕੇ ਬੱਚੇ ਨੂੰ ਜਿੰਦਗੀ ਵਿਚ ਪੱਕੇ ਪੈਰੀਂ ਤੁਰਨ ਅਤੇ ਸਫ਼ਲਤਾ ਦੀ ਪੌੜੀ ਚੜ੍ਹਨ ਦਾ ਪਾਠ ਸਿਖਾਇਆ ਜਾਂਦਾ ਹੈ। ਸ਼ਾਇਦ ਹੀ ਅਜੋਕੇ ਸਮਾਜ ਦਾ ਕੋਈ ਪਹਿਲੂ ਬਚਿਆ ਹੋਵੇਗਾ ਜਿਸ ਬਾਰੇ ਇਸ ਪੁਸਤਕ ਵਿਚ ਲੇਖ ਸ਼ਾਮਿਲ ਨਾ ਕੀਤਾ ਗਿਆ ਹੋਵੇ। ਵੋਟ, ਸਰਕਾਰ, ਭ੍ਰਿਸ਼ਟਾਚਾਰ, ਵੱਡਿਆਂ ਦਾ ਸਤਿਕਾਰ, ਸਾਦਗੀ, ਖੁਸ਼ੀ, ਪਿਆਰ, ਨਫ਼ਰਤ, ਸਿਆਣਪ, ਮੱਧ ਵਰਗ, ਮਾਪੇ, ਧੀਆਂ, ਵਿੱਦਿਆ, ਹਸਪਤਾਲ, ਸਰਕਾਰੀ ਦਫ਼ਤਰ, ਨਸ਼ੇ, ਬੇਰੁਜ਼ਗਾਰੀ, ਕ੍ਰੋਧ, ਇਜ਼ਤ, ਗੁੱਡੀਆਂ ਪਟੋਲੇ, ਜੰਗਲ ਰਾਜ, ਨੈਤਿਕਤਾ, ਲਾਕਡਾਊਨ, ਈਰਖਾ, ਜਾਇਦਾਦ, ਬੇਬੇ-ਬਾਪੂ, ਇਕਾਂਤ, ਵਿਕਾਸ, ਪੇਂਡੂ ਬੱਚੇ ਆਦਿ ਵਿਸ਼ਿਆਂ ਨੂੰ ਸੰਖੇਪ ਪਰ ਪ੍ਰਭਾਵਸ਼ਾਲੀ ਢੰਗ ਨਾਲ ਨਿਖਾਇਆ ਤੇ ਵਿਚਾਰਿਆ ਗਿਆ ਹੈ। ਲੇਖਿਕਾ ਦੀ ਲਿਖਤ ਵਿਚ ਵਰਤੇ ਗਏ ਅਖਾਣ ਅਤੇ ਮੁਹਾਵਰੇ ਲਿਖਤ ਨੂੰ ਰਸੀਲਾ ਬਣਾਉਂਦੇ ਹਨ। ਉਹ ਆਪਣੇ ਜੀਵਨ ਤਜ਼ਰਬਿਆਂ ਨੂੰ ਗੱਭਰੂ ਪੀੜ੍ਹੀ ਦੇ ਹਾਣੀ ਬਣਾ ਕੇ ਪੇਸ਼ ਕਰਨ ਵਿਚ ਸਫ਼ਓਮਪ;ਲ ਹੁੰਦੀ ਹੈ। ਇਸ ਪੁਸਤਕ ਦਾ ਮਨੋਰਥ ਨਵੀਂ ਪਨੀਰੀ ਨੂੰ ਨਰੋਈ ਦਿਸ਼ਾ ਦੇਣਾ ਅਤੇ ਸਰਕਾਰਾਂ ਦਾ ਮਾਰਗ ਦਰਸ਼ਨ ਕਰਨਾ ਹੈ। ਇਹ ਪੁਸਤਕ ਸਾਨੂੰ ਸੱਚ ਬੋਲਣ ਅਤੇ ਸੁੱਚਾ ਲਿਖਣ ਦੀ ਪੇਰਨਾ ਦਿੰਦੀ ਹੋਈ ਜੀਵਨ ਨੂੰ ਸਚੱਜਾ ਬਨਾਉਣ ਲਈ ਤਿਆਰ ਕਰਦੀ ਹੈ।

**– ਸੰਪਾਦਕ ਨਿੱਕੀਆਂ ਕਰੂੰਬਲਾਂ**
**ਮਾਹਿਲਪੁਰ (ਹੁਸ਼ਿਆਰਪੁਰ)**

## ਪੁਸਤਕ ਸਮੀਖਿਆ

**ਨੋ ਮੈਨਜ਼-ਲੈਂਡ ਤੋਂ ਸ਼ਕੀਲਾ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਕ: ਸੁਰਿੰਦਰ ਸਿੰਘ ਨੇਕੀ**
**ਪ੍ਰਕਾਸ਼ਕ: ਯੂਨੀਸਟਾਰ ਬੁਕਸ ਮੁਹਾਲੀ, ਪੰਨੇ:336, ਮੁੱਲ:450/-**

ਨਾਵਲਕਾਰੀ ਦੇ ਖੇਤਰ ਵਿਚ ਸੁਰਿੰਦਰ ਸਿੰਘ ਨੇਕੀ ਦਾ ਨਿੱਘਾ ਤੇ ਉੱਘਾ ਯੋਗਦਾਨ ਹੈ। ਉਹ ਕਾਫ਼ੀ ਲੰਬੇ ਸਮੇਂ ਤੋਂ ਸਾਹਿਤ ਸਿਰਜਣਾ ਵਿਚ ਜੁਟੇ ਹੋਏ ਹਨ। ਇਕ ਦਰਜਨ ਦੇ ਕਰੀਬ ਨਾਵਲਾਂ ਦੀ ਸਿਰਜਣਾ ਕਰ ਚੁੱਕੇ ਹਨ। ਜਿਨ੍ਹਾਂ ਵਿਚ ਬਾਲ ਨਾਵਲ ਮਾਲਵਾ-ਐਕਸਪ੍ਰੈਸ ਅਤੇ ਇਤਿਹਾਸਕ ਨਾਵਲ ਪੋਰਸ ਵੀ ਸ਼ਾਮਲ ਹੈ। ਉਹਨਾਂ ਕੋਲ ਜੀਵਨ ਦੇ ਗਹਿਰੇ ਤਜਰਬੇ ਹੋਣ ਕਰਕੇ ਹਰ ਰਚਨਾ ਨੂੰ ਕਮਾਲ ਦੀ ਬਣਾ ਦਿੰਦੇ ਹਨ। ਹੱਥਲੇ ਨਾਵਲ ਦਾ ਵਿਸ਼ਾ ਵਸਤੂ 1947 ਦੀ ਦੇਸ਼ ਦੀ ਵੰਡ ਦਾ ਦਰਦ ਹੈ। ਅਸਲ ਵਿਚ ਇਸ ਨਾਵਲ ਰਾਹੀਂ ਨਾਵਲਕਾਰ ਨੇ ਇਕ ਹੋਰ ਅਹਿਮ ਪਹਿਲੂ ਦਲਿਤ ਚੇਤਨਾ ਨੂੰ ਵੀ ਉਭਾਰਨ ਦਾ ਯਤਨ ਕੀਤਾ ਹੈ। ਜਦੋਂ ਸਕਰਾਲੇ ਪਿੰਡ ਦੇ ਚੌਧਰੀ ਦਲਿਤਾਂ ਨਾਲ ਹਰ ਵੇਲੇ ਦੁਰਵਿਹਾਰ ਕਰਦੇ ਹਨ ਤਾਂ ਉਹ ਇਸ ਅੱਤ ਦਾ ਜੁਆਬ ਪਿੰਡ ਛੱਡ ਦੇ ਦਿੰਦੇ ਹਨ। ਭਾਵ ਇਹ ਕੇ ਕਿਰਤੀ ਲੋਕ ਆਪਣੀ ਮਿਹਨਤ ਨਾਲ ਹਰ ਤਰ੍ਹਾਂ ਦੇ ਹਾਲਤਾਂ ਵਿਚ ਆਪਣਾ ਜੀਵਨ ਬਸਰ ਕਰਦੇ ਹਨ। ਇਸ ਨਾਵਲ ਵਿਚੋਂ ਦਲਿਤਾਂ ਦੀ ਦੁਰ-ਦਸ਼ਾ ਦੇ ਦ੍ਰਿਸ਼ ਦੇਖੇ ਜਾ ਸਕਦੇ ਹਨ। ਉਹਨਾਂ ਨੂੰ ਮਨੁੱਖੀ ਹੱਕ ਹਾਸਲ ਕਰਨ ਲਈ ਕਿੰਨਾ ਸੰਘਰਸ਼ ਕੀਤਾ? ਇਸ ਤੱਥ ਦਾ ਬਿਰਤਾਂਤ ਵੀ ਨਾਵਲਕਾਰ ਨੇ ਸਿਰਜ ਕੇ ਮਨੁੱਖ ਨੂੰ ਇਨਸਾਨੀਅਤ ਦਾ ਪਹਿਰੇਦਾਰ ਬਣਨ ਦੀ ਹਦਾਇਤ ਕੀਤੀ ਹੈ।




'ਨੋ ਮੈਨਜ਼-ਲੈਂਡ ਤੋਂ ਸ਼ਕੀਲਾ' ਨਾਵਲ ਦੇਸ਼ ਦੇ ਆਗੂਆਂ ਨੂੰ ਸਵਾਲ ਕਰਦਾ ਹੈ ਕਿ ਦੀ ਦੇਸ਼ ਦੀ ਵੰਡ ਤੋਂ ਬਗੈਰ ਆਜ਼ਾਦੀ ਨਹੀਂ ਸੀ ਹਾਸਲ ਕੀਤੀ ਜਾ ਸਕਦੀ? ਦੇਸ਼ ਖਾਸ ਕਰ ਪੰਜਾਬ ਦਾ ਕੋਈ ਵੀ ਬਸ਼ਿੰਦਾ ਵੰਡ ਨਹੀਂ ਸੀ ਚਾਹੁੰਦਾ ਸਗੋਂ ਆਜ਼ਾਦੀ ਨਾਲ ਜਿਊਣ ਦਾ ਮਨੁੱਖੀ ਅਧਿਕਾਰ ਮੰਗ ਰਿਹਾ ਸੀ। ਸਾਰੇ ਲੋਕ ਪਿਆਰ ਮੁਹੱਬਤ ਨਾਲ ਇਕ ਦੂਜੇ ਦੇ ਸੰਗੀ ਸਾਥੀ ਬਣਕੇ ਖੁਸ਼ੀਆਂ ਨਾਲ ਵਸ ਰਹੇ ਸਨ। ਪਵਿਤਰ ਪਾਣੀਆਂ ਵਰਗੇ ਸਾਫ ਦਿਲਾਂ ਵਿਚ ਮਜ਼੍ਹਬੀ ਜ਼ਹਿਰ ਘੋਲਣ ਵਾਲਿਆਂ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਭਾਈ ਨੂੰ ਭਾਈ ਦਾ ਹੀ ਦੁਸ਼ਮਣ ਬਣਾ ਦਿੱਤਾ। ਵੰਡ ਕਾਰਨ ਹੋਏ ਉਜਾੜੇ ਦੇ ਦਰਦ ਕਾਰਨ ਅਜ ਵੀ ਲੋਕ ਤੜਫ ਰਹੇ ਹਨ।

ਇਸ ਗਲਪ ਰਚਨਾ ਵਿਚ ਪੇਂਡੂ ਸਭਿਆਚਾਰਕ ਰਹੁ ਰੀਤਾਂ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ। ਲੋਕਾਂ ਦੇ ਧਾਰਮਿਕ ਅਕੀਦੇ, ਦਿਨ ਤਿਉਹਾਰ ਅਤੇ ਉਹਨਾਂ ਨੂੰ ਮਨਾਉਣ ਦੇ ਦ੍ਰਿਸ਼ ਵੀ ਪੇਸ਼ ਕੀਤੇ ਗਏ ਹਨ।ਪੰਜਾਬੀਆਂ ਦੇ ਜੀਵਨ ਦਾ ਹਿੱਸਾ ਬਣੇ ਵਿਰੋਧ/ਵਿਦਰੋਹ, ਪਿਆਰ ਮੁਹੱਬਤ ਅਤੇ ਕਰਬਾਨੀ ਆਦਿ ਗੁਣਾਂ ਨੂੰ ਵੀ ਉਜਾਗਰ ਕੀਤਾ ਗਿਆ ਹੈ। ਨਾਵਲ ਵਿਚ ਦਲਿਤ ਪਿਆਰੇ ਅਤੇ ਛੌਧਰੀਆਂ ਦੀ ਲੜਕੀ ਸ਼ਕੀਲਾ ਦੇ ਪਿਆਰ ਦੀ ਕਹਾਣੀ ਦੇ ਨਾਲ ਨਾਲ ਖੈਰਦੀਨ ਅਤੇ ਸਪਨਾ ਦੀ ਪਿਆਰ ਕਹਾਣੀ ਵੀ ਚੱਲਦੀ ਹੈ। ਇਕ ਕਥਾ ਆਜ਼ਾਦੀ ਤੋਂ ਪਹਿਲਾਂ ਅਤੇ ਦੂਸਰੀ ਅਜ਼ਾਦੀ ਤੋਂ ਬਾਅਦ ਹਿੰਦੋਸਤਾਨ ਵਿਚ ਵਾਪਰਦੀ ਹੈ। ਜਿਸ ਵਿਚ ਆਪਣੀ ਜਾਨ ਬਚਾਉਣ ਲਈ ਆਪਣੇ ਜਿਗਰੀ ਦੋਸਤ ਅਜਮੇਰ ਸਿੰਘ ਦੀ ਸਲਾਹ ਨਾਲ ਖੈਰਦੀਨ ਸਿੰਘ ਸੱਜ ਜਾਂਦਾ ਹੈ। ਅਜਮੇਰ ਸਿੰਘ ਦੀ ਹਿੰਮਤ ਨਾਲ ਜਿੱਥੇ ਉਸਦੀ ਜਾਨ ਬਚਦੀ ਹੈ ਉੱਥੇ ਉਹ ਉਸਦੇ ਯਤਨਾਂ ਨਾਲ (ਖੈਰਦੀਨ ਤੋਂ ਗੁਰਦੇਵ ਸਿੰਘ ਬਣਕੇ) ਆਪਣੀ ਪ੍ਰੇਮਿਕਾ ਨਾਲ ਸ਼ਾਦੀ ਕਰਵਾਉਣ ਵਿਚ ਵੀ ਸਫਲ ਹੁੰਦਾ ਹੈ। ਉਹ ਆਪਣੀ ਮਿਹਨਤ ਤੇ ਲਗਨ ਨਾਲ ਜੀਵਨ ਦੀ ਗੱਡੀ ਨੂੰ ਮੁੜ ਲੀਹੇ ਪਾਉਂਦਾ ਹੈ। ਅਜਮੇਰ ਸਿੰਘ ਦੀ ਦੇਣ ਦੀ ਸਿਫਤ ਕਰਨੀ ਬਣਦੀ ਹੈ।

ਜੋ ਆਪਣੇ ਯਾਰ ਦੇ ਪਿਆਰ ਵਾਸਤੇ ਹਰ ਪਲ ਤਿਆਰ ਰਹਿੰਦਾ ਹੈ। ਇਥੋਂ ਤਕ ਕਿ ਉਸਦੀ ਸਹੇਲੀ ਸਪਨਾ ਦੀ ਭੈਣ ਦੇ ਘਰ ਨੂੰ ਮੁੜ ਹੱਸਦਾ ਵਸਦਾ ਬਣਾਉਣ ਲਈ ਵੀ ਆਪਣੇ ਸਭ ਸਾਧਨਾ ਦਾ ਪ੍ਰਯੋਗ ਕਰਦਾ ਹੈ। ਨਾਵਲ ਦੀ ਇਕ ਹੋਰ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਦਾ ਸਮਾਂ ਖੰਡ ਅਜ਼ਾਦੀ ਤੋਂ ਕਈ ਦਹਾਕੇ ਪਹਿਲਾਂ ਤਕ ਵੀ ਜਾਂਦਾ ਹੈ। ਇਸ ਨਾਲ ਪਾਠਕ ਨੂੰ ਉਸ ਸਮੇਂ ਦੇ ਜਨ ਜੀਵਨ, ਜਾਤ ਪਾਤ, ਧਰਮ ਅਤੇ ਆਰਥਿਕ ਹਾਲਤ ਬਾਰੇ ਵਾਕਫੀਅਤ ਮਿਲਦੀ ਹੈ। ਆਪਸੀ ਸਾਂਝ ਅਤੇ ਚੰਗੇਰੇ ਜੀਵਨ ਲਈ ਸਾਂਝੇ ਸੰਘਰਸ਼ ਦਾ ਵਰਨਣ ਕੀਤਾ ਗਿਆ ਹੈ। ਕਿਸਾਨ ਅਤੇ ਸੀਰੀ ਦਾ ਸਾਂਝ ਕਾਰਨ ਕਈ ਚੋਧਰੀਆਂ ਦੀ ਤਰੱਕੀ ਹੁੰਦੀ ਹੈ। ਪਰ ਕੁੱਝ ਹੰਕਾਰੀ ਲੋਕ ਉਹਨਾਂ ਨੂੰ ਜਾਨਵਰ ਹੀ ਸਮਝ ਬੈਠਦੇ ਹਨ ਜਿਨ੍ਹਾਂ ਦਾ ਅੰਤ ਬਹੁਤ ਮਾੜਾ ਹੁੰਦਾ ਹੈ।

ਉਹ ਇਸ ਧਰਤੀ ਨੂੰ ਹੀ ਸਵਰਗ ਨਰਕ ਆਖਦੇ ਆਪਣੇ ਗੁਨਾਹਾਂ ਦੀ ਮੁਆਫੀ ਮੰਗਦੇ ਹਨ। ਅਜ਼ਾਦੀ ਦੇ ਕਈ ਦਹਾਕਿਆਂ ਬਾਅਦ ਵਿਛੜੇ ਪਰਿਵਾਰਾਂ ਦਾ ਮੇਲ ਮਿਲਾਪ ਇਹ ਦਰਸਾਉਂਦਾ ਹੈ ਕਿ ਲੋਕਾਂ ਦੇ ਦਿਲਾਂ ਵਿਚ ਅਜ ਵੀ ਆਪਣੇ ਭੈਣਾਂ ਭਾਈਆਂ ਪ੍ਰਤੀ ਉਹੀ ਸ਼ਰਧਾ ਸਤਿਕਾਰ ਕਾਇਮ ਹੈ ਪਰ ਉਹਨਾਂ ਨੂੰ ਮਿਲਣ ਆਉਣ ਜਾਣ ਵਾਸਤੇ ਅਨੇਕਾਂ ਬੰਧਨਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਸ਼ਕੀਲਾ ਦੁਆਰਾ ਨੋ ਸੈਨਜ਼ ਲੈਂਡ ਤੇ ਖੜਕੇ ਇਹ ਕਹਿਣਾ ਕਿ ਮੇਰਾ ਕੋਈ ਦੇਸ਼ ਨਹੀਂ ਹੈ। ਤੁਸੀਂ ਜਮੀਨ ਤਾਂ ਵੰਡ ਲਈ ਪਰ ਮੇਰੇ ਜਜ਼ਬਾਤ ਕਿਵੇਂ ਵੰਡੋਗੇ? ਹਾਕਮਾਂ ਨੂੰ ਚੁਕੰਨੇ ਕਰਦਾ ਹੈ ਕਿ ਅਜਿਹਾ ਵਾਤਾਵਰਨ ਨਾ ਬਣਾਇਆ ਜਵੇ ਜਿਸ ਨਾਲ ਦੇਸ਼ ਵਿਚ ਹੋਰ ਵੰਡੀਆਂ ਪੈਣ। ਨਾਵਲ ਦੇ ਸੁਖਾਂਤਿਕ ਦੇ ਦੁਖਾਂਤਿਕ ਪਹਿਲੂ ਰੌਚਕਤਾ ਪ੍ਰਦਾਨ ਕਰਦੇ ਹਨ।

# ਹੜ੍ਹਾਂ ਦਾ ਕਹਿਰ, ਨੇਤਾਵਾਂ ਦੀ ਅਸੰਵੇਦਨਸ਼ੀਲਤਾ



ਗੁਰਮੀਤ ਪਲਾਹੀ
91-98158-02070

ਦੇਸ਼ 'ਚ ਹੜ੍ਹਾਂ ਨਾਲ ਮਰਨ ਵਾਲਿਆਂ ਦਾ ਅੰਕੜਾ ਵੇਖ-ਪੜ੍ਹਕੇ ਕਲੇਜਾ ਮੂੰਹ ਨੂੰ ਆਉਂਦਾ ਹੈ। ਪਰ ਨੇਤਾ ਲੋਕ ਇੰਨੇ ਅਸੰਵੇਦਨਸ਼ੀਲ ਹੋ ਗਏ ਹਨ ਕਿ ਉਹਨਾ ਦਾ ਦਿਲ ਨਾ ਹੀ ਦਿਹਲਦਾ ਹੈ, ਨਾ ਹੀ ਪਸੀਜਦਾ ਹੈ। ਉਹ ਤਾਂ ਹੈਲੀਕਾਪਟਰ 'ਤੇ ਚੜ੍ਹਦੇ ਹਨ, ਦੌਰੇ ਕਰਦੇ ਹਨ, ਇਸ ਨਾਲ ਹੀ ਉਹ ਆਪਣੀ ਜ਼ੁੰਮੇਵਾਰੀ ਪੂਰੀ ਹੋ ਗਈ ਸਮਝਦੇ ਹਨ।

ਹਾਕਮਾਂ ਦੇ ਹੜ੍ਹਾਂ ਦਰਮਿਆਨ ਬਿਆਨ ਆਉਂਦੇ ਹਨ, ਵਿਰੋਧੀ ਧਿਰ ਦੇ ਨੇਤਾਵਾਂ ਦੇ ਬਿਆਨ ਵੀ ਚਮਕਦੇ ਹਨ। ਫਿਰ ਹੜ੍ਹ ਦਾ ਪਾਣੀ ਉਤਰ ਜਾਂਦਾ ਹੈ। ਬਿਆਨ ਵੀ ਮੱਧਮ ਹੋ ਜਾਂਦੇ ਹਨ। ਇਹਨਾ ਹੜ੍ਹਾਂ ਤੋਂ ਬਚਾਅ ਦਾ ਪੱਕਾ ਪ੍ਰਬੰਧ ਉਹਨਾ ਨੇ ਹੀ ਕਰਨਾ ਹੈ, ਉਹ ਇਹ ਭੁੱਲ ਹੀ ਜਾਂਦੇ ਹਨ। ਨੇਤਾ, ਲੋਕਾਂ ਨੂੰ ਰਾਹਤ ਦੇਣ ਦੀ ਥਾਂ, ਇੱਕ-ਦੂਜੇ ਨੂੰ ਦੋਸ਼ੀ ਠਹਿਰਾਅ ਕੇ, ਆਪਣੀ ਜਵਾਬਦੇਹੀ ਤੋਂ ਪੱਲਾ ਛੁਡਾ ਰਹੇ ਹਨ।

ਹੜ੍ਹਾਂ ਨਾਲ ਨੁਕਸਾਨ ਲਗਾਤਾਰ ਵੱਧ ਰਿਹਾ ਹੈ। ਇਸਦਾ ਵੱਡਾ ਕਾਰਨ ਇਹ ਹੈ ਕਿ ਡੁੱਬ ਰਹੇ ਖੇਤਰਾਂ ਵਿੱਚ ਪਿਛਲੇ ਕੁਝ ਵਰ੍ਹਿਆਂ ਦੌਰਾਨ ਆਰਥਿਕ ਗਤੀਵਿਧੀਆਂ ਬਹੁਤ ਵਧ ਗਈਆਂ ਹਨ ਅਤੇ ਨਵੀਆਂ, ਵੱਡੀਆਂ ਇਨਸਾਨੀ ਬਸਤੀਆਂ ਵਸ ਰਹੀਆਂ ਹਨ। ਇਸ ਨਾਲ ਨਦੀਆਂ ਦੇ ਡੁੱਬ ਰਹੇ ਖੇਤਰ ਵਿੱਚ ਆਉਣ ਵਾਲੇ ਲੋਕ ਦਾ ਹੜ੍ਹ ਦਾ ਸ਼ਿਕਾਰ ਹੋਣ ਦਾ ਖਦਸ਼ਾ ਸਾਲੋ-ਸਾਲ ਵਧਦਾ ਜਾ ਰਿਹਾ ਹੈ। ਜੇਕਰ ਨਦੀਆਂ ਦੇ ਕੁਦਰਤੀ ਵਹਾਅ ਦੇ ਰਸਤੇ ਬਨਾਉਣਾ ਜਾਂ ਸੁਰੱਖਿਅਤ ਕਰਨਾ ਸਰਕਾਰਾਂ ਦੇ ਅਜੰਡੇ 'ਤੇ ਹੁੰਦਾ ਤਾਂ ਹੜ੍ਹ ਨੂੰ ਰੋਕਿਆ ਜਾਂ ਘਟਾਇਆ ਜਾ ਸਕਦਾ ਹੁੰਦਾ।

ਹੜ੍ਹ ਤਦ ਆਉਂਦੇ ਹਨ, ਜਦ ਪਾਣੀ ਸਮੁੰਦਰਾਂ, ਮਹਾਂਸਾਗਰਾਂ, ਤਲਾਬਾਂ, ਝੀਲਾਂ, ਨਹਿਰਾਂ ਜਾਂ ਨਦੀਆਂ ਸਮੇਤ ਸਾਰੇ ਜਲ ਸਰੋਤਾਂ ਤੋਂ ਉਵਰ ਫਲੋ ਹੋ ਜਾਂਦਾ ਹੈ, ਜਿਸ ਨਾਲ ਸੁੱਕੀ ਜ਼ਮੀਨ ਜਲਮਗਨ ਹੋ ਜਾਂਦੀ ਹੈ। ਹੜ੍ਹ ਖਾਸ ਤੌਰ 'ਤੇ ਭਾਰਤ ਵਿੱਚ ਸਭਾ ਤੋਂ ਆਮ ਅਤੇ ਗੰਭੀਰ ਕੁਦਰਤੀ ਮੌਸਮੀ ਘਟਨਾ ਹੈ, ਜਿਸ ਨਾਲ ਜੀਵਨ, ਜਾਇਦਾਦ ਅਤੇ ਅਜੀਵਕਾ ਦਾ ਭਾਰੀ ਨੁਕਸਾਨ ਹੁੰਦਾ ਹੈ।



ਉਤਰਾਖੰਡ 'ਚ ਇਸ ਵਰ੍ਹੇ ਮੀਂਹ ਅਤੇ ਹੜ੍ਹ ਨੇ ਤਬਾਹੀ ਮਚਾ ਰੱਖੀ ਹੈ। ਪਰਬਤ ਡਿੱਗ ਪਏ। ਮਕਾਨ ਜ਼ਮੀਨਦੋਜ਼ ਹੋ ਗਏ। ਜਾਨੀ-ਮਾਲੀ ਅੰਤਾਂ ਦਾ ਨੁਕਸਾਨ ਹੋਇਆ। ਪੰਜਾਬ, ਹਰਿਆਣਾ, ਦਿੱਲੀ ਦੇ ਲੋਕ ਹੜ੍ਹਾਂ ਕਾਰਨ ਪ੍ਰੇਸ਼ਾਨ ਹੋ ਚੁੱਕੇ ਹਨ। ਸੜਕਾਂ ਟੁੱਟ ਗਈਆਂ ਹਨ। ਫਸਲਾਂ ਤਬਾਹ ਹੋ ਗਈਆਂ ਹਨ। ਜਨ ਜੀਵਨ ਥੰਮ ਗਿਆ ਹੈ। ਲੋਕਾਂ ਕੋਲ ਖਾਣ ਲਈ ਭੋਜਨ ਨਹੀਂ, ਪੀਣ ਲਈ ਪਾਣੀ ਨਹੀਂ। ਪੰਜਾਬ 'ਚ ਇੱਕ ਸਰਕਾਰੀ ਜਾਣਕਾਰੀ ਅਨੁਸਾਰ 2.40 ਲੱਖ ਹੈਕਟੇਅਰ ਝੋਨੇ ਦਾ ਰਕਬਾ ਬਰਸਾਤ ਕਾਰਨ ਪੂਰੀ ਤਰ੍ਹਾਂ ਨੁਕਸਾਨਿਆ ਗਿਆ। 83000 ਹੈਕਟੇਅਰ ਝੋਨੇ ਦੀ ਫਸਲ ਤਬਾਹ ਹੋ ਗਈ ਹੈ। ਉਂਜ ਦੇਸ਼ ਵਿੱਚ ਵੀ ਰਾਸ਼ਟਰੀ ਹੜ੍ਹ ਕਮਿਸ਼ਨ ਦੇ ਅਨੁਸਾਰ ਭਾਰਤ ਵਿੱਚ ਚਾਰ ਕਰੋੜ ਹੈਕਟੇਅਰ ਧਰਤੀ ਨੂੰ ਹੜ੍ਹਾਂ ਨੇ ਪਲੇਟ 'ਚ ਲਿਆ ਹੈ।

ਕੇਂਦਰ ਸਰਕਾਰ ਨੇ ਹੜ੍ਹਾਂ ਦੀ ਮਾਰ ਦੇ ਅੰਕੜੇ ਪ੍ਰਕਾਸ਼ਤ ਕੀਤੇ ਹਨ। ਜਿਸ ਅਨੁਸਾਰ ਦੇਸ਼ ਵਿੱਚ ਪਿਛਲੇ 64 ਸਾਲਾਂ ਵਿੱਚ ਇੱਕ ਲੱਖ ਤੋਂ ਜਿਆਦਾ ਲੋਕਾਂ ਦੀ ਹੜ੍ਹਾਂ ਕਾਰਨ ਮੌਤ ਹੋਈ। ਹਰ ਸਾਲ ਔਸਤਨ 1654 ਲੋਕਾਂ ਤੋਂ ਇਲਾਵਾ 92,763 ਪਸ਼ੂ ਮਾਰੇ ਗਏ। ਸੂਬਿਆਂ ਵਿੱਚ ਸਲਾਨਾ ਔਸਤਨ 1680 ਕਰੋੜ ਰੁਪਏ ਦੀਆਂ ਫਸਲਾਂ ਦਾ ਨੁਕਸਾਨ ਹੁੰਦਾ ਹੈ। 12.40 ਲੱਖ ਮਕਾਨ ਹਰ ਸਾਲ ਨੁਕਸਾਨੇ ਜਾਂਦੇ ਹਨ ਜਾਂ ਧਰਤੀ 'ਚ ਸਿਮਟ ਜਾਂਦੇ ਹਨ। ਇਹਨਾ 64 ਵਰ੍ਹਿਆਂ 'ਚ ਇੱਕ ਅਨੁਮਾਨ ਅਨੁਸਾਰ 2.02 ਲੱਖ ਕਰੋੜ ਦੀ ਜਾਇਦਾਦ ਅਤੇ 1.09 ਲੱਖ ਕਰੋੜ ਦੀਆਂ ਫਸਲਾਂ ਤਬਾਹ ਹੋਈਆਂ। ਇਥੇ ਹੀ ਬੱਸ ਨਹੀਂ 25.6 ਲੱਖ ਹੈਕਟੇਅਰ ਉਪਜਾਊ ਖੇਤ ਨਸ਼ਟ ਹੋ ਗਏ ਅਤੇ ਇਹਨਾ 64 ਸਾਲਾਂ 'ਚ ਕੁਲ ਮਿਲਾਕੇ 205.8 ਕਰੋੜ ਲੋਕ ਪ੍ਰਭਾਵਿਤ ਹੋਏ। ਅਰਥਾਤ ਦੇਸ਼ ਦੀ ਮੌਜੂਦਾ ਆਬਾਦੀ ਦੇ ਡੇਢ ਗੁਣਾ ਤੋਂ ਵੀ ਵਧ ਲੋਕ ਵਾਰ-ਵਾਰ ਹੜ੍ਹਾਂ ਦੀ ਮਾਰ ਹੇਠ ਆਏ।

ਅਸਲ ਵਿੱਚ ਭਾਰਤ ਵਿੱਚ ਹੁਣ ਹੜ੍ਹ ਸਿਰਫ਼ ਕੁਦਰਤੀ ਆਫਤ ਹੀ ਨਹੀਂ ਰਹੇ ਸਗੋਂ ਮਾਨਵਤਾ ਆਫਤ ਬਣਦੇ ਜਾ ਰਹੇ ਹਨ। ਦੇਸ਼ 'ਚ ਅੰਧਾਧੁੰਦ ਜੰਗਲਾਂ ਦੀ ਕਟਾਈ, ਬੇਤਹਾਸ਼ਾ ਸ਼ਹਿਰੀਕਰਨ, ਨਦੀਆਂ ਦਾ ਪ੍ਰਵਾਹ ਰੋਕਣਾ ਤੀਬਰ ਹੜ੍ਹਾਂ ਦਾ ਕਾਰਨ ਬਣਦਾ ਜਾ ਰਿਹਾ ਹੈ। ਇਸ ਨਾਲ ਹੜ੍ਹਾਂ ਦੀ ਸਮੱਸਿਆ ਵਿਕਰਾਲ ਰੂਪ ਧਾਰਨ ਕਰ ਰਹੀ ਹੈ ਅਤੇ ਹਰ ਵਰ੍ਹੇ ਲਗਾਤਾਰ ਵਧ ਰਹੀ ਹੈ, ਕਿਉਂਕਿ ਇਸ ਵਾਧੇ ਨੂੰ ਰੋਕਣ ਲਈ ਯਤਨ ਹੀ ਨਹੀਂ ਹੋ ਰਹੇ।

ਵਿਸ਼ਵ ਬੈਂਕ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ ਹੜ੍ਹ ਨਾਲ ਸਬੰਧਤ ਜੋ ਮੌਤਾਂ ਹੁੰਦੀਆਂ ਹਨ ਉਹਨਾ ਵਿਚੋਂ 20 ਫੀਸਦੀ ਭਾਰਤ 'ਚ ਹੁੰਦੀਆਂ ਹਨ। ਭਾਰਤ 'ਚ ਕਲੱਕਤਾ, ਮੁੰਬਈ ਤੋਂ ਬਿਨ੍ਹਾਂ ਗੁਆਂਢੀ ਦੇਸ਼ਾਂ ਦੇ ਢਾਕਾ(ਬੰਗਾਲ), ਕਰਾਚੀ (ਪਾਕਿਸਤਾਨ) ਵਿੱਚ ਲਗਭਗ ਪੰਜ ਕਰੋੜ ਲੋਕਾਂ ਨੂੰ ਹੜ੍ਹ ਦੀ ਗੰਭੀਰ ਪੀੜਾ ਸਹਿਣੀ ਪੈ ਸਕਦੀ ਹੈ। ਪੂਰੇ ਦੱਖਣੀ ਭਾਰਤ ਵਿੱਚ ਤਾਪਮਾਨ ਵਧ ਰਿਹਾ ਹੈ ਅਤ ਅਗਲੇ ਕੁਝ ਦਹਾਕਿਆਂ 'ਚ ਹੋਰ ਵੀ ਵਧੇਗਾ। ਜਿਸ ਨਾਲ ਦੇਸ਼ ਵਿੱਚ ਜਲਵਾਯੂ ਪਰਿਵਰਤਨ ਹੋਏਗਾ। ਅਤੇ ਹੜ੍ਹਾਂ ਦਾ ਕਹਿਰ ਵਧੇਗਾ। ਹੜ੍ਹ ਆਏਗਾ ਤਾਂ ਪੀਣ ਵਾਲੇ ਪਾਣੀ ਦੀ ਮੰਗ ਵਧੇਗੀ। ਵਿਸ਼ਵ ਬੈਂਕ ਅਨੁਸਾਰ ਮੱਧ ਪ੍ਰਦੇਸ਼ ਹੜ੍ਹ ਦੀ ਗੰਭੀਰ ਮਾਰ ਹੇਠ ਹੋਵੇਗਾ।

ਦੇਸ਼ ਦੇ ਸੂਬੇ ਹਿਮਾਚਲ ਪ੍ਰਦੇਸ਼ ਦਾ ਵੱਡਾ ਭਾਗ ਸੁੰਦਰ ਹੈ, ਇਥੇ ਪਰਬਤ ਹਨ, ਕਲ-ਕਲ ਕਰਦੀਆਂ ਝੀਲਾਂ ਹਨ। ਪਰ ਪਿਛਲੇ ਦਿਨੀਂ ਇਥੇ ਭਿਅੰਕਰ ਮੀਂਹ ਪਿਆ। ਸੂਬੇ ਦਾ ਅਤਿਅੰਤ ਨੁਕਸਾਨ ਤਾਂ ਹੋਇਆ ਹੀ, ਪਰ ਨਾਲ ਲਗਦੇ ਲਗਭਗ ਸੂਬਿਆਂ ਪੰਜਾਬ, ਹਰਿਆਣਾ ਦਾ ਹਾਲ ਵੀ ਇਸ ਮੀਂਹ ਦੇ ਪਾਣੀ ਨੇ ਬੁਰਾ ਹਾਲ ਕਰ ਦਿੱਤਾ। ਅਸਲ 'ਚ ਪਿਛਲੇ ਇੱਕ ਦਹਾਕੇ ਤੋਂ ਇਥੇ ਕੁਦਰਤੀ ਆਫ਼ਤਾਂ ਵਧ ਰਹੀਆਂ ਹਨ। ਬਦਲਾਂ ਦੇ ਫਟਣ ਦੀ ਘਟਨਾਵਾਂ ਸੁਨਣ ਨੂੰ ਮਿਲਦੀਆਂ ਹਨ, ਹੜ੍ਹਾਂ ਨਾਲ ਤਬਾਹੀ ਦੀ ਗੱਲ ਤਾਂ ਆਮ ਹੈ। ਅਸਲ 'ਚ ਅੱਜ ਸੂਬੇ 'ਚ ਪਹਾੜਾਂ ਨੂੰ ਕੁਝ ਕੁ ਜ਼ਰੂਰਤਾਂ ਪੂਰੀਆਂ ਕਰਨ ਲਈ ਬੇਰਹਿਮੀ ਨਾਲ ਕੁਰੇਦਿਆ ਜਾ ਰਿਹਾ ਹੈ। ਵੱਡੀ ਗਿਣਤੀ ਹਾਈਡਰੋ ਯੋਜਨਾਵਾਂ, ਚਾਰ ਮਾਰਗੀ ਸੜਕਾਂ ਦਾ ਨਿਰਮਾਣ ਅਤੇ ਹਰ ਪਿੰਡ ਸ਼ਹਿਰ 'ਚ ਪਹਾੜਾਂ ਨੂੰ ਚੀਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਪ੍ਰਕਿਰਿਆ ਨੂੰ ਵਿਕਾਸ ਦਾ ਨਾਅ ਦਿੱਤਾ ਜਾ ਰਿਹਾ ਹੈ। ਪਰ ਇਸ ਨਾਲ ਪਹਾੜ ਜਰਜਰ ਹੋ ਜਾਂਦੇ ਹਨ। ਵਿਕਾਸ ਦੀ ਦੌੜ ਕਿਧਰੇ ਨਾ ਕਿਧਰੇ ਮਨੁੱਖੀ ਜੀਵਨ ਦੇ ਸਾਹਮਣੇ ਅਨੇਕਾਂ ਸਮੱਸਿਆਵਾਂ ਉਜਾਗਰ ਕਰ ਰਹੀ ਹੈ। 20ਵੀਂ ਅਤੇ 21ਵੀਂ ਸਦੀ ਦਾ ਭਾਰਤ ਦਾ ਹੜ੍ਹਾਂ ਦਾ ਇਤਿਹਾਸ ਦਿਲ ਚੀਰਵਾਂ ਹੈ। ਅਕਤੂਬਰ 1943 'ਚ ਮਦਰਾਸ 'ਚ ਵੱਡਾ ਹੜ੍ਹ ਆਇਆ, ਇੰਨੇ ਲੋਕ ਬੇਘਰ ਹੋਏ ਕਿ ਗਿਣਤੀ ਹੀ ਨਾ ਹੋ ਸਕੀ। ਸਾਲ 1979 'ਚ ਗੁਜਰਾਤ ਦੇ ਮੋਰਵੀ (ਰਾਜਕੋਟ ਜ਼ਿਲਾ) 'ਚ ਭਿਅੰਕਰ ਹੜ੍ਹ ਆਇਆ। ਲਗਭਗ 2500 ਜਾਨਾਂ ਗਈਆਂ। ਸਾਲ 1987 'ਚ ਬਿਹਾਰ ਨੇ ਵੱਡਾ ਹੜ੍ਹ ਵੇਖਿਆ, ਜਿਸ 'ਚ ਲੋਕਾਂ ਦੀ 68 ਬੀਲੀਅਨ ਰੁਪਏ ਦੀ ਜਾਇਦਾਦ ਨੁਕਸਾਨੀ ਗਈ। ਸਾਲ 1988 'ਚ ਪੰਜਾਬ 'ਚ ਐਡਾ ਵੱਡਾ ਹੜ੍ਹ ਆਇਆ ਕਿ ਪੰਜਾਬ ਦੇ ਸਾਰੇ ਦਰਿਆ ਉਛਲ ਗਏ, ਲੋਕਾਂ ਦਾ ਜਾਨੀ ਮਾਲੀ ਨੁਕਸਾਨ ਹੋਇਆ। ਜੂਨ 2013 'ਚ ਉਤਰਾਖੰਡ 'ਚ ਹੜ੍ਹਾਂ ਨਾਲ 5700 ਤੋਂ ਵਧ ਲੋਕ ਮਾਰੇ ਗਏ ਅਤੇ ਜੂਨ 2015 'ਚ ਗੁਜਰਾਤ ਨੇ ਅਤੇ 2016 'ਚ ਅਸਾਮ ਨੇ, 2017 'ਚ ਫਿਰ ਗੁਜਰਾਤ ਨੇ ਅਤੇ 2018 -19 'ਚ ਕੇਰਲਾ, 2020 'ਚ ਅਸਾਮ, 2021 'ਚ ਉਤਰਾਖੰਡ ਤੇ ਮਹਾਂਰਾਸ਼ਟਰ, 2022 'ਚ ਅਸਾਮ ਅਤੇ 2023 'ਚ ਉੱਤਰ ਭਾਤਰ ਦੇ ਕਈ ਸੂਬੇ ਸਮੇਤ ਉੱਤਰਾਖੰਡ ਭਾਰੀ ਹੜ੍ਹ ਦੀ ਲਪੇਟ 'ਚ ਆਏ।

ਸਮੇਂ-ਸਮੇਂ 'ਤੇ ਹੜ੍ਹਾਂ ਕਾਰਨ ਦੇਸ਼ ਵਾਸੀਆਂ ਨੇ ਕਹਿਰ ਸਹਿ ਲਿਆ। ਘਰੋਂ ਬੇਘਰ ਹੋ ਗਏ। ਜਾਨੀ ਮਾਲੀ, ਪਸ਼ੂਧਨ ਦਾ ਨੁਕਸਾਨ ਝੱਲਿਆ। ਸਰਕਾਰਾਂ ਨੇ ਹੜ੍ਹ ਰੋਕਣ ਲਈ ਸਕੀਮਾਂ ਵੀ ਬਹੁਤ ਘੜੀਆਂ। ਭਾਰਤ 'ਚ ਹੜ੍ਹ ਦੀ ਭਵਿੱਖਬਾਣੀ ਲਈ ਕੇਂਦਰੀ ਜਲ ਆਯੋਗ ਬਣਾਇਆ, ਜਿਸਦੇ ਦੇਸ਼ ਭਰ 'ਚ 141 ਹੜ੍ਹ ਚਿਤਾਵਨੀ ਕੇਂਦਰ ਹਨ। ਪਰ ਹੜ੍ਹਾਂ ਦਾ ਕਹਿਰ ਵਧਦਾ ਹੀ ਗਿਆ।

ਹਰ ਵਰ੍ਹੇ ਸਰਕਾਰਾਂ, ਦਰਿਆਵਾਂ, ਨਦੀਆਂ ਦਾ ਵਹਿਣ ਨਿਰੰਤਰ ਵਗਦਾ ਰਹੇ, ਲਈ ਵੱਡੇ ਫੰਡ ਰਿਜ਼ਰਵ ਕਰਦੀਆਂ ਹਨ। ਪੁਲਾਂ ਹੇਠ ਜਮ੍ਹਾਂ ਗਾਰ ਸਾਫ ਕਰਨ, ਨਦੀਆਂ ਦੇ ਕਿਨਾਰੇ ਸੁਰੱਖਿਅਤ ਕਰਨ ਦੇ ਨਾਮ ਉਤੇ ਅਰਬਾਂ, ਖਰਬਾਂ ਰੁਪਏ ਖਰਚ ਕਰਦੀਆਂ ਹਨ, ਪਰ ਜਦੋਂ ਹੀ ਇੱਕ ਵੱਡਾ ਮੀਂਹ ਪੈਂਦਾ ਹੈ, ਪਾਣੀ ਦਰਿਆਵਾਂ 'ਚ ਵੱਗਦਾ ਹੈ, ਸੱਭੋ ਕੁਝ ਚੌਪਟ ਹੋ ਜਾਂਦਾ ਹੈ।

ਗੁਆਂਢੀ ਸੂਬੇ ਇਸ ਔਖੀ ਘੜੀ ਇੱਕ-ਦੂਜੇ ਨਾਲ ਸਿਆਸਤ ਕਰਦੇ ਹਨ। ਇੱਕ-ਦੂਜੇ ਨੂੰ ਦੋਸ਼ ਦਿੰਦੇ ਹਨ। ਪਰ ਸਵਾਲ ਉੱਠਦਾ ਹੈ ਕਿ ਸਮਾਂ ਰਹਿੰਦਿਆਂ, ਹੜ੍ਹ ਆਉਣ ਤੋਂ ਪਹਿਲਾਂ ਤਿਆਰੀ ਸਰਕਾਰਾਂ ਕਿਉਂ ਨਹੀਂ ਕਰਦੀਆਂ? ਕਿਉਂ ਇਹ ਵੇਖਿਆ ਜਾਂਦਾ ਹੈ ਕਿ ਜਦੋਂ ਆਫ਼ਤ ਆਊ, ਉਦੋਂ ਨਿਜੱਠ ਲਵਾਂਗੇ, ਦੇਖੀ ਜਾਊ। ਇਸ ਸਥਿਤੀ ਵਿੱਚ ਆਮ ਲੋਕ ਪਿੱਸੇ ਜਾਂਦੇ ਹਨ।

ਪਹਿਲਾਂ ਹੀ ਗਰੀਬੀ ਗ੍ਰਸੇ ਦੇਸ਼ ਭਾਰਤ 'ਚ ਆਮ ਲੋਕਾਂ ਲਈ ਮੁਸ਼ਕਲਾਂ ਦੀ ਘਾਟ ਨਹੀਂ ਹੈ, ਪਰ ਹੜ੍ਹਾਂ ਜਿਹਾ ਕਹਿਰ ਖਾਸ ਕਰਕੇ ਸਧਾਰਨ ਆਦਮੀ ਲਈ ਵੱਡਾ ਕਹਿਰ ਬਣ ਜਾਂਦਾ ਹੈ। ਭਾਵੇਂ ਕਿ ਦੇਸ਼ ਭਾਰਤ ਦੇ ਕੁਝ ਹਿੱਸਿਆਂ 'ਚ ਹੜ੍ਹਾਂ ਦਾ ਆਉਣਾ ਆਮ ਗਿਣਿਆ ਜਾਂਦਾ ਹੈ, ਪਰ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਜਿਸ ਕਿਸਮ ਦੇ ਅਗਾਊਂ ਤੇ ਸਥਾਈ ਪ੍ਰਬੰਧ ਲੋੜੀਂਦੇ ਹਨ, ਉਹਨਾ ਪ੍ਰਤੀ ਕੋਈ ਵੀ ਨਿੱਗਰ ਕਾਰਵਾਈ ਨਹੀਂ ਹੁੰਦੀ ਇਹ ਸਿਰਫ਼ ਤੇ ਸਿਰਫ਼ ਨੇਤਾ ਲੋਕਾਂ ਦੀ ਲੋਕਾਂ ਦੇ ਮਸਲਿਆਂ, ਮਾਮਲਿਆਂ ਪ੍ਰਤੀ ਇੱਛਾ ਸ਼ਕਤੀ ਦੀ ਘਾਟ ਅਤੇ ਅਸੰਵੇਦਨਸ਼ੀਲਤਾ ਹੈ।

ਲੋੜ ਹੈ ਲੋਕ ਇਸ ਭਿਅੰਕਰ ਆਫਤ ਦਾ ਟਾਕਰਾ ਕਰਨ ਲਈ ਆਪ ਕਮਰ ਕੱਸੇ ਕਰਨ। ਨਦੀਆਂ ਕਿਨਾਰੇ ਰਹਿੰਦੇ ਲੋਕ ਨਦੀਆਂ ਦੇ ਕੁਦਰਤੀ ਵਹਾਅ ਦੇ ਰਸਤੇ ਰੋਕਣ ਵਾਲੀਆਂ ਵਿਕਾਸ ਯੋਜਨਾਵਾਂ ਦਾ ਵਿਰੋਧ ਕਰਨ। ਪਿੰਡਾਂ ਦੇ ਲੋਕ ਉਹਨਾ ਨਜ਼ਦੀਕ ਉਸਾਰੀਆਂ ਜਾ ਰਹੀਆਂ ਵੱਡ ਅਕਾਰੀ ਕਲੋਨੀਆਂ, ਜੋ ਕੁਦਰਤੀ ਪਾਣੀ ਦੇ ਵਹਾਅ 'ਚ ਰੁਕਾਵਟ ਬਣਦੀਆਂ ਹਨ, ਨੂੰ ਬਣਨ ਤੋਂ ਰੋਕਣ। ਉਹ ਖੇਤਰ ਜਿਥੇ ਹਰ ਸਾਲ ਹੜ੍ਹ ਆਉਂਦੇ ਹਨ, ਉਹਨਾ ਖੇਤਰਾਂ ਦੇ ਲੋਕ ਆਪਣਾ ਸੁਰੱਖਿਆ ਤੰਤਰ ਆਪ ਕਾਇਮ ਕਰਨ।

ਨੇਤਾ ਲੋਕ ਤਾਂ ਹੜ੍ਹਾਂ 'ਚ ਆਉਣਗੇ, ਰਾਹਤ ਸਮੱਗਰੀ ਵੰਡਣਗੇ, ਵੋਟਾਂ 'ਤੇ ਅੱਖ ਰੱਖਣਗੇ, ਤੁਰ ਜਾਣਗੇ। ਪੀੜਤ ਲੋਕਾਂ ਨੂੰ ਜਿਹਨਾ ਦੇ ਸਿਰੋਂ ਛੱਤ ਚਲੇ ਗਈ, ਜਿਹਨਾ ਦੀਆਂ ਫਸਲਾਂ ਤਬਾਹ ਹੋ ਗਈਆਂ, ਉਹ ਤਾਂ ਖੂਨ ਦੇ ਅੱਥਰੂ ਹੀ ਰੋਣਗੇ।

## ਹੜ੍ਹਾਂ ਦੀ ਮਾਰ

ਜੁਲਾਈ ਦੇ ਪਹਿਲੇ ਪ ਹਫ਼ਤੇ ਹੜ੍ਹਾਂ ਨੇ ਬਹੁਤ ਹੀ ਭੜਥੂ ਪਾਇਆ
ਕੁਦਰਤ ਦੀ ਕਰੋਪੀ ਦਾ ਇਹ ਦ੍ਰਿਸ਼ ਨਹੀ ਮਨ ਨੂੰ ਭਾਇਆ

ਕਿਸੇ ਨੇ ਵੀ ਪਸੰਦ ਨਹੀ ਕੀਤਾ ਸਾਵਣ ਜੋ ਇਸ ਵਾਰ ਆਇਆ
ਸਾਵਣ ਆਉਣ 'ਤੇ ਇਸ ਵਾਰ ਕਿਸੇ ਨਹੀ ਗੀਤ ਖੁਸ਼ੀ ਦਾ ਗਾਇਆ

ਜੋ ਕੁਝ ਸਾਵਣ ਕਰ ਗਿਆ ਏਥੇ ਕਿਸੇ ਨੇ ਨਹੀ ਸੀ ਚਾਹਿਆ
ਦੁੱਖ ਲਗਦਾ ਜਦ ਰੁੜ੍ਹਦਾ ਹੜ੍ਹ ਵਿੱਚ ਕਿਸੇ ਵੀ ਮਾਂ ਦਾ ਜਾਇਆ

ਭੁੱਖੇ ਰਹੇ ਕਈ ਲੋਕ ਵਿਚਾਰੇ ਅੰਨ ਨਹੀ ਮੂੰਹ ਵਿੱਚ ਪਾਇਆ
ਜਿੰਨਾਂ ਦੇ ਰੁੜ੍ਹ ਗਏ ਮਾਪੇ ਉਨਾਂ ਦੇ ਸਿਰ ਤੋਂ ਉਠ ਗਿਆ ਸਾਇਆ

ਭੁੱਖੇ ਪਸ਼ੂਆਂ ਨੇ ਵੀ ਕਈ ਦਿਨ ਚਾਰਾ ਹੀ ਨਹੀ ਖਾਇਆ
ਕਿਸੇ ਦਾ ਖੁਰਿਆ ਕਿਸੇ ਦਾ ਰੁੜ੍ਹਿਆ ਖੇਤ ਬੀਜਿਆ ਵਾਹਿਆ

ਬਹੁਤ ਹੀ ਮਾਯੂਸ ਹੋਏ ਮੈਂ ਵੇਖੇ ਚਾਚਾ ਭਤੀਜਾ ਤਾਇਆ
ਅਸਮਾਨ ਵੇਖਿਆਂ ਡਰ ਲਗਦਾ ਸੀ ਬੱਦਲ ਹੀ ਰਿਹਾ ਛਾਇਆ

ਹੜ੍ਹਾਂ ਦੇ ਤੇਜ਼ ਵਹਾ ਨੇ ਏਥੇ ਅਣਗਿਣਤ ਘਰਾਂ ਨੂੰ ਢਾਇਆ
ਬਹੁਤ ਕੁਝ ਲੋਕਾਂ ਦਾ ਡੁੱਬ ਗਿਆ ਏਥੇ ਗਿੱਲੀ ਹੋ ਗਈ ਮਾਇਆ

ਅੰਦਾਜ਼ਾ ਨਹੀ ਕੋਈ ਲਾ ਸਕਦਾ ਕਿ ਕੀ ਕੀ ਅਸੀ ਗੁਆਇਆ
ਟੇਰਕਿਆਨਾ ਇਸ ਸਾਵਣ ਨੇ ਸਾਨੂੰ ਬਹੁਤ ਸਤਾਇਆ।

**-ਰਘਵੀਰ ਸਿੰਘ ਟੇਰਕਿਆਨਾ**
ਐਡਵੋਕੇਟ ਹੁਸ਼ਿਆਰਪੁਰ
91-98141-73402



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**
**WASH, LUBE, BRAKES**

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**
Across the Street from TA Truck Stop